भारत सरकार
GOVERNMENT OF INDIA
राष्ट्रीय पुस्तकालय, कलकत्ता ।
NATIONAL LIBRARY, CALCUTTA.

वर्ग संख्या
Class No. P 294'553

पुस्तक संख्या
Book No. Sa 2699s

रा० पु०/N. L. 38.

H7/Dte/NL/Cal/79—2,50,000—1-3-82—GIPG.

रा० पु०-44
N. L.-44

भारत सरकार
GOVERNMENT OF INDIA
राष्ट्रीय पुस्तकालय
NATIONAL LIBRARY
कलकत्ता
CALCUTTA

अंतिम अंकित दिनाक वाले दिन यह पुस्तक पुस्तकालय से ली गई थी। दो सप्ताह से अधिक समय तक पुस्तक रखने पर प्रतिदिन 6 पैसे की दर से विलम्ब शुल्क लिया जायगा।

This book was taken from the Library on the date last stamped. A late fee of 6 P. will be charged for each day the book is kept beyond two weeks.

GMGIP (Pub. Unit), Sant.—S7—4LNL/80—20-8-80—250,000

# ਗੁਰਮਤਿ ਸਿੱਧਾਂਤ

# ਗੁਰਮਤਿ ਸਿੱਧਾਂਤ

ਚੁਰਾਸੀ ਵਿਸ਼ਿਆਂ ਵਾਲਾ

ਜਿਸਨੂੰ
ਪਰਮ ਸੰਤ ਮਹਾਰਾਜ ਸਾਵਣ ਸਿੰਘ ਜੀ ਨੇ
ਪਹਿਲੀ ਵਾਰ 1920 ਵਿਚ ਛਪਵਾਇਆ

ਰਾਧਾਸੁਆਮੀ ਸਤਿਸੰਗ ਬਿਆਸ
(ਜ਼ਿਲ੍ਹਾ ਅੰਮ੍ਰਿਤਸਰ ਪੰਜਾਬ)

ਪ੍ਰਕਾਸ਼ਕ :
ਐਸ. ਐਲ. ਸੋਂਧੀ
ਸਕੱਤਰ
ਰਾਧਾਸੁਆਮੀ ਸਤਿਸੰਗ ਬਿਆਸ
(ਜ਼ਿਲਾ ਅੰਮ੍ਰਿਤਸਰ)

National Library, Calcutta.
Delivery of Book Act., 1954.
- 2 AUG 1979

P
294.552
SHELF LISTED

*

ਸਭ ਹੱਕ ਪ੍ਰਕਾਸ਼ਕ ਦੇ ਅਧੀਨ ਹਨ

*

| | | |
|---|---|---|
| ਪਹਿਲੀ ਵਾਰ | 1000 | 1920 |
| ਦੂਜੀ ਵਾਰ | 6000 | 1979 |

National Library
No. 8706
Date 26.9.79
Calcutta

ਛਾਪਕ :
ਰਾਜ ਕੁਮਾਰ ਜੈਨ,
ਰਾਜ ਰਤਨ ਪ੍ਰੈਸ,
ਐਮ-5 ਇੰਡਸਟ੍ਰੀਅਲ ਏਰੀਆ, ਜਲੰਧਰ ਸ਼ਹਿਰ ।

"ਗੁਰਬਾਣੀ ਇੱਕ ਅਥਾਹ ਸਮੁੰਦਰ ਹੈ ਜਿਸ ਵਿੱਚ ਨਾਮ ਰੂਪੀ ਅਨੇਕ ਹੀਰੇ, ਪੰਨੇ, ਮੋਤੀ, ਜਵੇਹਰ ਅਤੇ ਲਾਲ ਹਨ। ਜੇਹੜਾ ਮਰ-ਜੀਵਾ ਹੋ ਕੇ ਚੁੱਭੀ ਮਾਰੇ, ਓਹੀ ਇਸ ਵਿੱਚੋਂ ਰਤਨ ਪਦਾਰਥ ਲੱਭ ਲੈਂਦਾ ਹੈ ਤੇ ਓਸ ਪਰਮ-ਪਦਵੀ ਨੂੰ ਪਾ ਕੇ ਸਦਾ ਲਈ ਮਹਾਂ-ਅਨੰਦ ਦੇ ਜੀਵਨ ਨੂੰ ਪ੍ਰਾਪਤ ਹੋ ਜਾਂਦਾ ਹੈ, ਜਿਸ ਦੀ ਗੁਰਬਾਣੀ ਵਿੱਚ ਥਾਂ-ਥਾਂ ਮਹਿਮਾ ਹੈ।"

—ਹਜ਼ੂਰ ਮਹਾਰਾਜ ਸਾਵਣ ਸਿੰਘ ਜੀ

# ਦੋ ਸ਼ਬਦ

ਮੈਨੂੰ ਬਹੁਤ ਖ਼ੁਸ਼ੀ ਹੈ ਕਿ ਹਜ਼ੂਰ ਮਹਾਰਾਜ ਦੁਆਰਾ 1920 ਵਿੱਚ ਛਪਵਾਏ ਗਏ 84 ਵਿਸ਼ਿਆਂ ਵਾਲੇ ਗੁਰਮਤਿ ਸਿੱਧਾਂਤ ਨੂੰ ਦੁਬਾਰਾ ਛਪਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਨੇ ਇਸ ਨੂੰ ਦੁਬਾਰਾ ਛਪਵਾਉਣ ਬਾਰੇ ਮੇਰੀ ਸਲਾਹ ਮੰਗੀ ਤਾਂ ਮੈਂ ਮਹਿਸੂਸ ਕੀਤਾ ਕਿ ਹਰ ਵਿਸ਼ੇ ਸੰਬੰਧੀ ਗੁਰਬਾਣੀ ਦੇ ਪ੍ਰਮਾਣਾਂ ਦੇ ਨਾਲ ਸੰਖੇਪ ਵਿਆਖਿਆ ਵੀ ਸ਼ਾਮਲ ਕਰ ਦਿੱਤੀ ਜਾਵੇ, ਤਾਂ ਜੋ ਇਸ ਜਾਣਕਾਰੀ ਅਤੇ ਗੁਰਬਾਣੀ ਦੇ ਪ੍ਰਮਾਣਾਂ ਦੀ ਰੌਸ਼ਨੀ ਵਿੱਚ, ਵਖ-ਵਖ ਵਿਸ਼ਿਆਂ ਨੂੰ ਸਹੀ ਦ੍ਰਿਸ਼ਟੀ ਤੋਂ ਵਿਚਾਰਿਆ ਜਾ ਸਕੇ।

ਹਜ਼ੂਰ ਮਹਾਰਾਜ ਜੀ ਨੂੰ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਥਾਹ ਸ਼ਰਧਾ ਅਤੇ ਪ੍ਰੇਮ ਸੀ ਅਤੇ ਆਪ ਦੀ ਹਾਰਦਿਕ ਇੱਛਾ ਸੀ ਕਿ ਗੁਰਬਾਣੀ ਦੇ ਗੂੜ੍ਹ ਵਿਸ਼ਿਆਂ ਨੂੰ ਭਲੀ-ਭਾਂਤ ਸਮਝਿਆ ਜਾਵੇ ਤਾਂ ਜੋ ਇਨ੍ਹਾਂ ਨੂੰ ਠੀਕ ਢੰਗ ਨਾਲ ਆਪਣੀ ਰਹਿਣੀ ਦਾ ਆਧਾਰ ਬਣਾਇਆ ਜਾ ਸਕੇ।

ਹਜ਼ੂਰ ਮਹਾਰਾਜ ਸਦਾ ਬਲ ਦੇ ਕੇ ਕਿਹਾ ਕਰਦੇ ਸਨ ਕਿ ਗੁਰਬਾਣੀ ਪਰਮਾਰਥੀ ਗਿਆਨ ਦੀ ਅਮੋਲਕ ਖਾਨ ਹੈ ਅਤੇ ਗੁਰੂ ਸਾਹਿਬਾਨ ਦੁਆਰਾ ਸੌਂਪੀ ਗਈ ਐਸੀ ਮਹਾਨ ਵਿਰਾਸਤ ਹੈ, ਜਿਸ 'ਤੇ ਜਿੰਨਾ ਮਾਨ ਕੀਤਾ ਜਾਵੇ ਥੋੜ੍ਹਾ ਹੈ। ਹਜ਼ੂਰ ਮਹਾਰਾਜ ਆਪ ਵੀ ਗੁਰਬਾਣੀ ਅਤੇ ਗੁਰੂ ਸਾਹਿਬਾਨ ਦੇ ਜੀਵਨ ਵਿੱਚੋਂ ਅਨੇਕ ਪ੍ਰਮਾਣ ਦੇ ਕੇ ਅਧਿਆਤਮਿਕ ਵਿਸ਼ਿਆਂ ਦੀ ਵਿਆਖਿਆ ਕਰਿਆ ਕਰਦੇ ਸਨ। ਆਪ ਦੁਆਰਾ ਸਤਿਸੰਗਾਂ ਅਤੇ ਬਹੁਤ ਸਾਰੀਆਂ ਲਿਖਤਾਂ ਵਿੱਚ ਕੀਤੀ ਗਈ ਗੁਰਬਾਣੀ ਦੀ ਸਰਲ, ਸਪੱਸ਼ਟ ਪਰੰਤੂ ਭਾਵ-ਪੂਰਤ ਵਿਆਖਿਆ ਨਾਲ, ਅੱਜ ਦੇ ਯੁੱਗ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਸਹੀ ਅਰਥਾਂ ਵਿੱਚ ਸਮਝਣ ਵਿੱਚ ਬਹੁਤ ਸਹਾਇਤਾ ਮਿਲੀ ਹੈ। ਦੋਵੇਂ 'ਗੁਰਮਤਿ ਸਿੱਧਾਂਤ' ਅਤੇ 'ਸ਼ਬਦ ਦੀ ਮਹਿਮਾ ਦੇ ਸ਼ਬਦ' ਨਾਮੀ ਗ੍ਰੰਥ ਆਪ ਨੇ ਇਸੇ ਮੰਤਵ ਲਈ ਹੀ ਰਚੇ ਸਨ।

ਮਹਾਰਾਜ ਜੀ ਨੇ ਇਸ ਪੁਸਤਕ ਦੀ ਭੂਮਿਕਾ ਵਿੱਚ ਸੰਕੇਤ ਕੀਤਾ ਹੈ ਕਿ ਗੁਰਬਾਣੀ ਐਸੇ ਡੂੰਘੇ ਅਧਿਆਤਮਿਕ ਭੇਦਾਂ ਨਾਲ ਭਰੀ ਪਈ ਹੈ ਜਿਨ੍ਹਾਂ ਦਾ ਰਹੱਸ ਜਾਣੇ ਬਿਨਾ, ਇਸ ਤੋਂ ਪੂਰਾ ਲਾਭ ਉਠਾ ਸਕਣਾ ਸੰਭਵ ਨਹੀਂ। ਹਜ਼ੂਰ ਨੇ ਇਸ਼ਾਰਾ ਕੀਤਾ ਹੈ ਕਿ ਗੁਰਮਤਿ ਦਾ ਸਾਰ 'ਸੱਚਾ ਨਾਮ' ਜਾਂ 'ਸੱਚਾ ਸ਼ਬਦ' ਹੈ ਅਤੇ ਸ਼ਬਦ ਜਾਂ ਨਾਮ ਦੀ ਕਮਾਈ ਹੀ ਗੁਰਸਿੱਖ ਦੀ ਰਹਿਣੀ ਜਾਂ ਕਰਨੀ ਦਾ ਸਾਰ ਹੈ।

ਗੁਰਮਤਿ ਦਾ ਉਪਦੇਸ਼ ਸਰਵ-ਵਿਆਪਕ ਹੈ—ਕਿਸੇ ਵਿਸ਼ੇਸ਼ ਸਮੇਂ, ਸਥਾਨ, ਜਾਤੀ ਜਾਂ ਧਰਮ ਤਕ ਸੀਮਿਤ ਨਹੀਂ ਹੈ। ਇਹ ਉਪਦੇਸ਼ ਸਦਾ ਇੱਕ ਰਿਹਾ ਹੈ ਅਤੇ

ਸਦਾ ਇੱਕ ਰਹੇਗਾ। ਹਰ ਸਮੇਂ, ਹਰ ਦੇਸ਼, ਹਰ ਧਰਮ ਦੇ, ਹਰ ਤਰ੍ਹਾਂ ਦੇ ਲੋਕ ਇਸ ਤੋਂ ਇੱਕੋ ਜਿਹਾ ਲਾਭ ਪ੍ਰਾਪਤ ਕਰ ਸਕਦੇ ਹਨ।

ਮਨੁੱਖਾ ਜਨਮ ਦਾ ਅਸਲ ਉਦੇਸ਼ ਪਰਮੇਸ਼ਰ ਪ੍ਰਾਪਤੀ ਹੈ ਅਤੇ ਗੁਰਮਤਿ ਇਸ ਮੰਤਵ ਦੀ ਪੂਰਤੀ ਦਾ ਇੱਕੋ-ਇੱਕ ਸੁਭਾਵਿਕ ਤੇ ਸਹਿਜ ਸਾਧਨ ਹੈ। ਸਾਨੂੰ ਵੀ ਚਾਹੀਦਾ ਹੈ ਕਿ ਗੁਰਮਤਿ ਨੂੰ ਸਹੀ ਅਰਥਾਂ ਵਿੱਚ ਸਮਝ ਕੇ ਆਪਣੇ ਜੀਵਨ ਨੂੰ ਇਸ ਅਨੁਸਾਰ ਢਾਲਣ ਦਾ ਜਤਨ ਕਰੀਏ ਅਤੇ ਪ੍ਰੇਮ ਭਰੋਸੇ ਨਾਲ ਸ਼ਬਦ ਜਾਂ ਨਾਮ ਦੀ ਕਮਾਈ ਕਰਦੇ ਹੋਏ ਆਪਣੀ ਆਤਮਾ ਨੂੰ ਪਰਮ-ਪਿਤਾ ਪਰਮਾਤਮਾ ਦੇ ਚਰਨਾਂ ਵਿੱਚ ਲੀਨ ਕਰ ਦਈਏ।

**ਦਾਸ**

**ਚਰਨ ਸਿੰਘ**

# ਪ੍ਰਕਾਸ਼ਕ ਵੱਲੋਂ

ਇਸ ਪੁਸਤਕ ਲਈ ਅਸੀਂ ਪਰਮ ਸੰਤ ਮਹਾਰਾਜ ਸਾਵਣ ਸਿੰਘ ਜੀ—ਜਿਨ੍ਹਾਂ ਨੂੰ ਸੰਗਤ ਪਿਆਰ-ਸਤਿਕਾਰ ਨਾਲ 'ਵੱਡੇ ਮਹਾਰਾਜ ਜੀ' ਕਹਿ ਕੇ ਪੁਕਾਰਦੀ ਹੈ—ਦੇ ਰਿਣੀ ਹਾਂ। ਵੱਡੇ ਮਹਾਰਾਜ ਬਾਰੇ ਕਿਸੇ ਤਰ੍ਹਾਂ ਦੀ ਰਸਮੀ ਜਾਣ-ਪਛਾਣ ਦੀ ਆਵੱਸ਼ਕਤਾ ਨਹੀਂ ਹੈ। ਆਪ ਨੇ 45 ਸਾਲ ਤਕ ਸਤਿ ਦਾ ਪ੍ਰਚਾਰ ਕੀਤਾ ਅਤੇ ਅਜੋਕੇ ਪਦਾਰਥ-ਵਾਦੀ ਯੁੱਗ ਵਿੱਚ ਸੰਸਾਰ ਦੇ ਕੋਨੇ-ਕੋਨੇ ਵਿੱਚ ਪਰਮਾਰਥ ਦਾ ਪ੍ਰਕਾਸ਼ ਫੈਲਾਉਣ ਦਾ ਮਹਾਨ ਉਪਕਾਰ ਕੀਤਾ।

ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਦਾ ਬਚਪਨ ਤੋਂ ਹੀ ਪਰਮਾਰਥ ਵੱਲ ਝੁਕਾਅ ਸੀ ਅਤੇ ਆਪ ਵਿੱਚ ਉਚੇਰੀ ਅਧਿਆਤਮਿਕ ਸੂਝ ਦੇ ਚਿੰਨ੍ਹ ਪ੍ਰਤੱਖ ਨਜ਼ਰ ਆਉਂਦੇ ਸਨ। ਆਪ ਛੋਟੇ ਹੁੰਦਿਆਂ ਹੀ 'ਜਪੁ ਜੀ' ਅਤੇ 'ਜਾਪ ਸਾਹਿਬ' ਦਾ ਜ਼ਬਾਨੀ ਪਾਠ ਕਰਿਆ ਕਰਦੇ ਸਨ ਅਤੇ ਬਾਣੀ ਦੇ ਡੂੰਘੇ ਅਰਥ ਖੋਜਣ ਵਿੱਚ ਬਹੁਤ ਰੁਚੀ ਰੱਖਦੇ ਸਨ। ਸਮੇਂ ਦੇ ਬੀਤਣ ਨਾਲ ਆਪ ਵਿੱਚ ਸੱਚ ਦੀ ਖੋਜ ਅਤੇ ਪ੍ਰਭੂ-ਪ੍ਰਾਪਤੀ ਦੀ ਇੱਛਾ ਪ੍ਰਬਲ ਹੁੰਦੀ ਗਈ। ਆਪ ਨੇ ਭਾਰਤ ਦੇ ਅਨੇਕ ਪ੍ਰਾਚੀਨ ਸੰਸਕ੍ਰਿਤ ਗ੍ਰੰਥਾਂ ਦਾ ਡੂੰਘਾ ਅਧਿਅਨ ਕੀਤਾ ਅਤੇ ਅਰਬੀ ਫ਼ਾਰਸੀ ਦੀਆਂ ਰੂਹਾਨੀਅਤ ਨਾਲ ਸੰਬੰਧਤ ਅਨੇਕ ਜਗਤ-ਪ੍ਰਸਿੱਧ ਰਚਨਾਵਾਂ ਨੂੰ ਗਹੁ ਨਾਲ ਵਾਚਿਆ। ਆਪ ਵਿੱਚ ਸਾਧੂ-ਸੰਗਤ ਲਈ ਬਹੁਤ ਉਤਸ਼ਾਹ ਸੀ ਅਤੇ ਨਾ ਕੇਵਲ ਅਨੇਕ ਪ੍ਰਕਾਰ ਨਾਲ ਸਾਧੂ-ਸੰਤਾਂ ਦੀ ਸੇਵਾ ਹੀ ਕਰਦੇ ਹੁੰਦੇ ਸਨ, ਸਗੋਂ ਉਨ੍ਹਾਂ ਨਾਲ ਪਰਮਾਰਥ ਦੀਆਂ ਅੰਤਰਮੁਖ ਰਮਜ਼ਾਂ ਬਾਰੇ ਵੀ ਚਰਚਾ ਕਰਿਆ ਕਰਦੇ ਸਨ। ਆਪ ਪਰਮਾਰਥ ਸੰਬੰਧੀ ਅਨੇਕ ਗੋਸ਼ਠੀਆਂ, ਸੰਮੇਲਨਾਂ, ਸਮਾਗਮਾਂ ਵਿੱਚ ਭਾਗ ਲੈਂਦੇ ਸਨ, ਪਰੰਤੂ ਆਪ ਦੀ ਦਿਲਚਸਪੀ ਵਾਚਕ-ਗਿਆਨ ਦੀ ਬਜਾਏ ਸਤਿ ਦੇ ਨਿਜੀ ਅਨੁਭਵ ਜਾਂ ਅਮਲੀ ਤਜਰਬੇ ਵਿੱਚ ਸੀ। ਇਹ ਜਗਿਆਸਾ ਹੀ ਆਪ ਨੂੰ ਬਾਬਾ ਜੈਮਲ ਸਿੰਘ ਜੀ ਮਹਾਰਾਜ ਕੋਲ ਖਿੱਚ ਲਿਆਈ। ਬਾਬਾ ਜੀ ਮਹਾਰਾਜ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਸਤਿਸੰਗ ਫ਼ਰਮਾਇਆ ਕਰਦੇ ਸਨ ਅਤੇ ਗੁਰਮਤਿ ਜਾਂ ਸੁਰਤਿ-ਸ਼ਬਦ ਮਾਰਗ ਦੀ ਵਿਆਖਿਆ ਕਰਿਆ ਕਰਦੇ ਸਨ, ਜਿਸ ਵਿੱਚ ਮਹਾਰਾਜ ਸਾਵਣ ਸਿੰਘ ਜੀ ਨੂੰ ਸ਼ੁਰੂ ਤੋਂ ਭਾਰੀ ਦਿਲਚਸਪੀ ਸੀ। ਬਾਬਾ ਜੀ ਮਹਾਰਾਜ ਦੇ ਸਤਿਸੰਗ ਵਿੱਚ ਆਪ ਦੇ ਸਾਲਾਂ ਦੇ ਸ਼ੰਕੇ ਨਵਿਰਤ ਹੋ ਗਏ। ਆਪ ਨੂੰ ਗੁਰਮਤਿ ਦੀ ਦੀਖਿਆ ਦਿੰਦੇ ਸਮੇਂ ਬਾਬਾ ਜੀ ਮਹਾਰਾਜ ਨੇ ਫ਼ਰਮਾਇਆ, "ਵਾਹਿਗੁਰੂ, ਅਕਾਲਪੁਰਖ ਨੇ ਇਹਨਾਂ ਦੀ ਜਿਹੜੀ ਅਮਾਨਤ ਮੈਨੂੰ ਸੌਂਪੀ ਸੀ, ਮੈਂ ਇਹਨਾਂ ਦੇ ਹਵਾਲੇ ਕਰ ਦਿੱਤੀ ਹੈ।"

ਉਨ੍ਹੀਂ ਦਿਨੀਂ ਹਜ਼ੂਰ ਮਹਾਰਾਜ ਮਿਲਿਟਰੀ ਇੰਜੀਨਰਿੰਗ-ਕੋਰ ਵਿੱਚ ਇਨਜੀਨੀਅਰ ਦੇ ਤੌਰ ਤੇ ਸੇਵਾ ਕਰਦੇ ਸਨ। ਆਪ ਨੇ ਈਮਾਨਦਾਰੀ ਨਾਲ ਨੌਕਰੀ ਕਰਦੇ ਹੋਏ ਹੀ ਇਤਨੀ ਲਗਨ ਅਤੇ ਪ੍ਰੀਤ-ਪ੍ਰਤੀਤ ਨਾਲ ਸ਼ਬਦ ਦੀ ਕਮਾਈ ਕੀਤੀ

ਕਿ ਜਲਦੀ ਹੀ ਆਪਣੇ ਸਤਿਗੁਰੂ ਦੇ ਪਰਮ-ਸ਼ਿਸ਼ ਬਣ ਗਏ। ਆਪ ਨੌਕਰੀ ਦੇ ਦੌਰਾਨ ਹਮੇਸ਼ਾ ਆਪਣੀ ਤਨਖ਼ਾਹ ਦਾ ਬਹੁਤਾ ਹਿੱਸਾ ਬਾਬਾ ਜੀ ਮਹਾਰਾਜ ਨੂੰ ਭੇਜ ਦਿੰਦੇ ਸਨ ਅਤੇ ਪੈਸਾ-ਪੈਸਾ ਸਤਿਗੁਰੂ ਦੇ ਹੁਕਮ ਅਨੁਸਾਰ ਖ਼ਰਚ ਕਰਦੇ ਸਨ। ਆਰੰਭ ਵਿੱਚ ਡੇਰੇ ਵਿਖੇ ਬਣੀਆਂ ਇਮਾਰਤਾਂ ਉੱਤੇ ਬਹੁਤ ਸਾਰਾ ਧਨ ਆਪ ਦੀ ਕਮਾਈ ਵਿੱਚੋਂ ਹੀ ਖ਼ਰਚ ਕੀਤਾ ਗਿਆ।

ਬਾਬਾ ਜੀ ਮਹਾਰਾਜ ਨੇ ਪੰਜ-ਭੂਤਕ ਚੋਲਾ ਤਿਆਗਣ ਤੋਂ ਪਹਿਲੋਂ ਮਹਾਰਾਜ ਸਾਵਣ ਸਿੰਘ ਜੀ ਨੂੰ ਆਪਣੀ ਜਗ੍ਹਾ ਸਤਿਸੰਗ ਅਤੇ ਨਾਮ-ਦਾਨ ਦੀ ਸੇਵਾ ਲਈ ਥਾਪਿਆ ਅਤੇ ਫ਼ਰਮਾਇਆ ਕਿ ਆਪ ਅਪਾਰ-ਦਇਆ-ਮਿਹਰ ਦੇ ਪੁੰਜ ਸਾਬਤ ਹੋਣਗੇ ਅਤੇ ਗੁਰਮਤਿ ਦਾ ਪ੍ਰਕਾਸ਼ ਸਾਰੇ ਜਗਤ ਵਿੱਚ ਫੈਲਾਉਣਗੇ। ਹੋਇਆ ਵੀ ਇਸੇ ਤਰ੍ਹਾਂ ਹੀ। ਆਪ ਨੇ ਨਾ ਕੇਵਲ ਸਾਰੇ ਭਾਰਤ ਵਿੱਚ ਹੀ, ਸਗੋਂ ਯੂਰਪ, ਅਮਰੀਕਾ, ਅਫ਼ਰੀਕਾ, ਕੈਨੇਡਾ ਆਦਿ ਦੇ ਦੂਰ-ਦੁਰਾਡੇ ਭਾਗਾਂ ਵਿੱਚ ਵੀ ਸੰਤ-ਮਤ ਅਤੇ ਗੁਰਬਾਣੀ ਦੀ ਰੌਸ਼ਨੀ ਫੈਲਾਈ।

ਜਿਸ ਸਮੇਂ ਹਜ਼ੂਰ ਮਹਾਰਾਜ ਨੇ ਸੰਤ-ਮਤ ਦੇ ਪ੍ਰਚਾਰ ਦਾ ਕਾਰਜ ਅਰੰਭਿਆ ਉਸ ਸਮੇਂ ਲੋਕ ਮਹੰਤਾਂ, ਪ੍ਰੋਹਤਾਂ ਦੇ ਪ੍ਰਭਾਵ ਹੇਠ ਬਾਹਰਮੁਖੀ ਕਰਮ-ਕਾਂਡਾਂ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਸਨ ਅਤੇ ਸੱਚੀ ਰੂਹਾਨੀਅਤ ਨੂੰ ਬਿਲਕੁਲ ਭੁੱਲ ਚੁੱਕੇ ਸਨ। ਕਹਿਣ ਨੂੰ ਇਹ ਗਲ ਕਹੀ ਜਾਂਦੀ ਸੀ ਕਿ ਗੁਰੂ ਸਾਹਿਬਾਨ ਦੁਆਰਾ ਦੱਸੇ ਗਏ 'ਨਾਮ' ਜਾਂ 'ਸ਼ਬਦ' ਦੀ ਕਮਾਈ ਤੋਂ ਬਿਨਾ ਜੀਵ ਦਾ ਕਲਿਆਨ ਨਹੀਂ, ਪਰੰਤੂ 'ਸ਼ਬਦ' ਜਾਂ 'ਨਾਮ' ਦੇ ਅੰਤਰਮੁਖ-ਰਹੱਸ ਅਤੇ ਇਸ ਦੀ ਸਾਧਨਾ ਦੀ ਅਮਲੀ ਵਿਧੀ ਬਾਰੇ ਜੀਵਾਂ ਨੂੰ ਕੁਝ ਨਹੀਂ ਸੀ ਪਤਾ। ਹਜ਼ੂਰ ਮਹਾਰਾਜ ਦੀ ਮਨੋਹਰ, ਦੈਵੀ-ਸ਼ਖਸੀਅਤ ਅਤੇ ਪ੍ਰੇਮ-ਭਰਪੂਰ ਅਲੌਕਿਕ ਗਿਆਨ ਕਾਰਨ ਹੌਲੀ-ਹੌਲੀ ਇਸ ਅੰਧਕਾਰ ਮਈ ਅਵਸਥਾ ਵਿੱਚ ਸੁਧਾਰ ਹੋਣ ਲੱਗਾ। ਜਗਿਆਸੂਆਂ ਦੀ ਆਪ ਦੇ ਸਤਿਸੰਗ ਵਿੱਚ ਰੁਚੀ ਵਧਣ ਲੱਗੀ ਅਤੇ ਵਕਤ ਦੇ ਬੀਤਣ ਨਾਲ ਆਪ ਦਾ ਸਤਿਸੰਗ ਸੁਣਨ ਆਉਣ ਵਾਲਿਆਂ ਦੀ ਗਿਣਤੀ ਲੱਖਾਂ ਤਕ ਪਹੁੰਚ ਗਈ। ਆਪ ਦੇ ਸਤਿਸੰਗੀਆਂ ਵਿੱਚ ਹਰ ਮਜ਼੍ਹਬ, ਮੁਲਕ, ਕੌਮ ਦੇ ਲੋਕ ਸ਼ਾਮਲ ਸਨ। ਇਕ ਤਾਂ ਆਪ ਸਾਦਗੀ, ਪ੍ਰੇਮ ਅਤੇ ਨਿਮਰਤਾ ਦੀ ਸਾਖਸ਼ਾਤ ਮੂਰਤ ਸਨ, ਦੂਸਰੇ ਆਪ ਪਰਮਾਰਥੀ ਗਿਆਨ ਦਾ ਮਹਾਂ-ਸਾਗਰ ਸਨ। ਆਪ ਅਨੇਕ ਧਰਮ-ਗ੍ਰੰਥਾਂ ਵਿੱਚੋਂ ਸੰਸਕ੍ਰਿਤ, ਫ਼ਾਰਸੀ, ਪੰਜਾਬੀ ਦੇ ਹਵਾਲੇ ਦੇ ਕੇ ਪਰਮਾਰਥ ਦੀਆਂ ਭਿੰਨ-ਭਿੰਨ ਗੁਪਤ ਰਮਜ਼ਾਂ ਨੂੰ ਬੜੇ ਸਰਲ ਢੰਗ ਨਾਲ ਖੋਲ੍ਹਦੇ ਸਨ। ਜੋ ਕੋਈ ਇਕ ਵਾਰ ਆਪਦੇ ਸਤਿਸੰਗ ਵਿੱਚ ਗੁਰਬਾਣੀ ਦੇ ਪ੍ਰਮਾਣਾਂ ਦੀ ਅੰਮ੍ਰਿਤ-ਵਰਸ਼ਾ ਵਿੱਚ ਨਹਾ ਲੈਂਦਾ, ਉਸ ਦੇ ਜਨਮਾਂ-ਜਨਮਾਂ ਦੇ ਵਹਿਮ-ਭਰਮ ਦੂਰ ਹੋ ਜਾਂਦੇ ਤੇ ਹਿਰਦੇ ਵਿੱਚ ਪਰਮਾਰਥ ਦੀ ਸੱਚੀ ਤੜਪ ਪੈਦਾ ਹੋ ਜਾਂਦੀ। ਜਿਹੜੇ ਲੋਕ ਸ਼ੁਰੂ ਵਿੱਚ ਵਿਰੋਧਤਾ ਜਾਂ ਤਮਾਸ਼ਬੀਨੀ ਦੀ ਭਾਵਨਾ ਨਾਲ

ਆਉਂਦੇ, ਉਹ ਵੀ ਆਪ ਦੇ ਸਤਿਸੰਗ ਤੋਂ ਜਾਂਦੇ ਸਮੇਂ ਬਿਲਕੁਲ ਬਦਲੇ ਹੋਏ ਇਨਸਾਨ ਹੁੰਦੇ।

ਸਤਿਸੰਗ ਅਤੇ ਨਾਮ-ਦਾਨ ਬਖ਼ਸ਼ਣ ਤੋਂ ਇਲਾਵਾ ਹਜ਼ੂਰ ਮਹਾਰਾਜ ਨੇ ਗੁਰਮਤਿ ਦੀ ਪ੍ਰਮਾਣਿਕ ਵਿਆਖਿਆ ਲਈ ਉੱਤਮ ਪ੍ਰਕਾਰ ਦੇ ਭਰੋਸੇ-ਯੋਗ ਗ੍ਰੰਥਾਂ ਦੀ ਤਿਆਰੀ ਵਲ ਵਿਸ਼ੇਸ਼ ਧਿਆਨ ਦਿੱਤਾ। ਹਥਲੀ ਪੁਸਤਕ ਮਹਾਰਾਜ ਜੀ ਨੇ ਪਹਿਲੀ ਵਾਰ 1920 ਵਿੱਚ ਛਪਵਾਈ। ਪਰਮਾਰਥ ਸੰਬੰਧੀ ਬਹੁਤ ਸਾਰਿਆਂ ਵਿਸ਼ਿਆਂ ਉੱਪਰ ਮੁਖ ਤੌਰ ਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਬਾਣੀ ਇਕੱਤਰ ਕਰ ਕੇ, ਇਸ ਨੂੰ 'ਗੁਰਮਤਿ ਸਿੱਧਾਂਤ' ਨਾਮੀ ਗ੍ਰੰਥ ਦੇ ਰੂਪ ਵਿੱਚ ਛਪਵਾਇਆ। ਇਹ ਸੰਗਤ ਵਿੱਚ 84 ਵਿਸ਼ਿਆਂ ਵਾਲਾ 'ਗੁਰਮਤਿ-ਸਿੱਧਾਂਤ' ਕਰ ਕੇ ਪ੍ਰਸਿੱਧ ਹੋਇਆ। ਬਾਅਦ ਵਿੱਚ ਹਜ਼ੂਰ ਨੇ ਦਇਆ-ਮਿਹਰ ਕਰ ਕੇ ਲਗ-ਪਗ ਹਜ਼ਾਰ-ਹਜ਼ਾਰ ਪੰਨਿਆਂ ਦੇ ਦੋ ਭਾਗਾਂ ਵਾਲਾ ਇਕ ਹੋਰ 'ਗੁਰਮਤਿ ਸਿੱਧਾਂਤ' ਛਪਵਾਇਆ, ਜੋ ਸੰਗਤ ਵਿੱਚ ਵੱਡਾ ਗੁਰਮਤਿ ਸਿੱਧਾਂਤ ਕਰ ਕੇ ਪ੍ਰਸਿੱਧ ਹੋਇਆ। ਇਸੇ ਨੂੰ ਸੰਗਤ ਦੀ ਸਹੂਲਤ ਲਈ ਛੇ ਭਾਗਾਂ ਵਿੱਚ ਵੀ ਛਪਵਾਇਆ ਗਿਆ। ਇਸ ਵਿੱਚ ਹਰ ਵਿਸ਼ੇ ਦੀ ਖੋਲ੍ਹ ਕੇ ਵਿਆਖਿਆ ਕੀਤੀ ਗਈ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਨਾਲ ਵੇਦਾਂ, ਉਪਨਿਸ਼ਦਾਂ, ਗੀਤਾ, ਬਾਈਬਲ, ਕੁਰਾਨ ਸ਼ਰੀਫ਼, ਸੂਫੀ ਫ਼ਕੀਰਾਂ ਅਤੇ ਪੂਰਬ ਤੇ ਪੱਛਮ ਦੇ ਅਨੇਕ ਹੋਰ ਸੰਤਾਂ-ਮਹਾਤਮਾਵਾਂ ਦੀ ਬਾਣੀ ਦੇ ਪ੍ਰਮਾਣ ਵੀ ਸ਼ਾਮਲ ਕੀਤੇ ਗਏ ਹਨ। ਇਹ ਗ੍ਰੰਥ ਪਰਮਾਰਥ ਦੀ ਪ੍ਰਮਾਣਿਕ ਵਿਆਖਿਆ ਦਾ ਅਨਮੋਲ ਵਿਸ਼ਵ-ਕੋਸ਼ (Encyclopeadia) ਬਣ ਗਿਆ ਹੈ। ਇਸ ਨੇ ਅਧਿਆਤਮ ਅਤੇ ਰਹੱਸ ਦੇ ਖੋਜੀਆਂ, ਵਿਦਿਵਾਨਾਂ ਅਤੇ ਪਰਮਾਰਥ ਦੇ ਜਗਿਆਸੂਆਂ ਲਈ ਇਕ ਖੋਜ-ਗ੍ਰੰਥ (Reference Volume) ਦਾ ਰੂਪ ਧਾਰਨ ਕਰ ਲਿਆ ਹੈ।

ਕੁਝ ਸਮੇਂ ਤੋਂ ਅਨੁਭਵ ਕੀਤਾ ਜਾ ਰਿਹਾ ਸੀ ਕਿ ਵੱਡੇ ਗੁਰਮਤਿ ਸਿੱਧਾਂਤ ਨੂੰ ਇਕੱਠਾ ਖ਼ਰੀਦਣਾ ਅਤੇ ਥੋੜ੍ਹੇ ਸਮੇਂ ਵਿੱਚ ਪੂਰਾ ਪੜ੍ਹ ਸਕਣਾ, ਹਰ ਕਿਸੇ ਲਈ ਸੰਭਵ ਨਹੀਂ। ਇਸ ਤੋਂ ਬਿਨਾ ਸੰਗਤ ਵੱਲੋਂ 1920 ਵਾਲੇ ਗੁਰਮਤਿ ਸਿੱਧਾਂਤ ਨੂੰ ਦੁਬਾਰਾ ਛਪਵਾਉਣ ਦੀ ਬਾਰ-ਬਾਰ ਮੰਗ ਹੋ ਰਹੀ ਸੀ। ਇਕ ਦਿਨ ਅਚਾਨਕ ਡੇਰੇ ਦੇ ਪ੍ਰਮੁੱਖ ਪਾਠੀ ਤੇ ਨਾਮ-ਰਸੀਆ ਭਾਈ ਭਾਨ ਸਿੰਘ ਜੀ 1920 ਵਾਲੇ ਗੁਰਮਤਿ ਸਿੱਧਾਂਤ ਦੀ ਆਪਣੀ ਨਿਜੀ ਕਾਪੀ ਸ: ਕ੍ਰਿਪਾਲ ਸਿੰਘ ਨਾਰੰਗ ਜੀ ਕੋਲ ਲੈ ਗਏ ਅਤੇ ਉਨ੍ਹਾਂ ਨੂੰ ਇਸ ਵਿੱਚੋਂ ਵੱਡੇ ਮਹਾਰਾਜ ਜੀ ਦੁਆਰਾ ਲਿਖੀ ਗਈ ਭੂਮਿਕਾ ਪੜ੍ਹਨ ਲਈ ਕਿਹਾ। ਨਾਰੰਗ ਸਾਹਿਬ ਭੂਮਿਕਾ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਆਪ ਇਹ ਪੁਸਤਕ ਹਜ਼ੂਰ ਮਹਾਰਾਜ ਚਰਨ ਸਿੰਘ ਜੀ ਕੋਲ ਲੈ ਗਏ। ਮਹਾਰਾਜ ਜੀ ਨੇ ਅਪਾਰ ਦਇਆ-ਮਿਹਰ ਕਰ ਕੇ ਪੁਸਤਕ ਨੂੰ ਦੁਬਾਰਾ ਛਪਵਾਏ ਜਾਣ ਦੀ ਆਗਿਆ ਦੇ ਦਿੱਤੀ ਅਤੇ ਨਾਲ ਹੀ ਇਹ ਵੀ ਫ਼ਰਮਾਇਆ ਕਿ ਜਿਹੜੇ ਚੁਰਾਸੀ

25. ਸਤਿਗੁਰੂ ਤੋਂ ਬਿਨਾ ਸਾਰਾ ਸੰਸਾਰ ਰੋਗੀ ਹੈ 201
26. ਸਚੁ 204
27. ਸਿਮਰਨ 220
28. ਸਹਿਜ-ਜੋਗ 231
29. ਹਠ 73
30. ਹਰਿ-ਮੰਦਰ 173
31. ਹਉਮੈ 181
32. ਹੁਕਮ 213
33. ਕੁਸੰਗਤ 167
34. ਕਾਇਆ 170
35. ਕਥਨੀ 188
36. ਕਾਲ 246
37. (ੳ) ਗੁਰੂ ਅਤੇ ਅਕਾਲਪੁਰਖ ਇੱਕ ਰੂਪ ਹਨ 7
(ਅ) ਗੁਰੂ ਬਿਨਾਂ ਜੀਵ ਦਾ ਕਲਿਆਣ ਨਹੀਂ 9
(ੲ) ਗੁਰੂ ਬਿਮੁੱਖ ਪ੍ਰਾਣੀਓਂ ਕੀ ਦਸ਼ਾ 12
38. ਗੁਰਮੁੱਖ 40
39. ਗੁਣ-ਗ੍ਰਹਿਣ 242
40. ਗੁਰੂ ਦੀ ਬਖ਼ਸ਼ਿਸ਼ 240
41. ਚੇਤਾਵਨੀ 58
42. ਜਗਤ ਦੀ ਅਸਤਿਤਾ ਜਾਂ ਨਾਸ਼ਵਾਨਤਾ 63
43. ਜਪ-ਤਪ 80
44. ਜੋਤਿਸ਼ 82
45. ਜਾਤ-ਪਾਤ 87
46. ਜੀਵਤ-ਮਿਰਤਕ 124
47. ਜੀਵਨ-ਮੁਕਤ 140
48. ਡਿੰਭੀ-ਗੁਰੂ 185
49. ਤੀਰਥ 94
50. ਦੁਹਾਗਣ 49
51. ਧੁਰ-ਕਰਮ 209
52. ਧਿਆਨ 227

| | | |
|---|---|---|
| 53. | ਨਿੰਦ੍ਰਾ | 169 |
| 54. | ਨਿੰਦਾ | 190 |
| 55. | ਨਿਮਰਤਾ | 211 |
| 56. | ਨਿਹ-ਕਰਮਤਾ | 236 |
| 57. | ਨਰਕਾਂ ਦੇ ਦੁੱਖ | 249 |
| 58. | ਪੂਰੇ ਸਤਿਗੁਰੂ ਦੀ ਪਹਿਚਾਨ | 14 |
| 59. | ਪ੍ਰੇਮ | 26 |
| 60. | ਪਾਠ | 77 |
| 61. | ਪੂਜਾ | 119 |
| 62. | ਪੰਚ-ਦੋਖ | 195 |
| 63. | ਪ੍ਰਾਪਤੀ | 238 |
| 64. | ਬਿਰਹਾ | 31 |
| 65. | ਬੈਰਾਗੀ | 34 |
| 66. | ਬੇਦ | 75 |
| 67. | ਬਾਣੀ | 102 |
| 68. | ਬ੍ਰਹਮ-ਗਿਆਨੀ | 142 |
| 69. | ਬੇਨਤੀ | 157 |
| 70. | ਬੇਪਰਵਾਹ | 179 |
| 71. | ਭੇਖ | 69 |
| 72. | ਭਉ-ਭਾਉ | 111 |
| 73. | ਭਗਤੀ | 121 |
| 74. | ਭਾਣਾ | 215 |
| 75. | ਮਨਮੁੱਖ | 43 |
| 76. | ਮਨ | 51 |
| 77. | ਮਾਇਆ | 55 |
| 78. | ਮਨਮਤ ਕਰਮ | 65 |
| 79. | ਮਾਸ | 92 |

80. ਮੂਰਤੀ ਪੂਜਾ 96

81. ਮੋਮਨ 145

82. ਮਾਂਗ 154

ਮਿਸ਼ੂਤ 256

83. ਰੋਜ਼ੀ 176

ਰਸ-ਕਸ 199

84. ਵਿਆਪਕਤਾ 206

ਚੋਣਵੇਂ ਪ੍ਰਕਾਸ਼ਨਾਂ ਦੀ ਸੂਚੀ 267



ਪਰਮ ਸੰਤ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ

ੴ ਸਤਿਗੁਰਪ੍ਰਸਾਦਿ

# ਭੂਮਿਕਾ

ਸਤਿਪੁਰਖ ਸਿਰਜਨ-ਹਾਰ ਨੇ ਅਨੰਤ ਖੰਡ-ਬ੍ਰਹਿਮੰਡ ਰਚ ਕੇ ਆਪਣੀ ਕੁਦਰਤ ਦਾ ਅਧਭੁਦ ਖੇਲ੍ਹ ਰਚਾਇਆ ਹੈ। ਨਿੱਕੇ ਜਿਹੇ ਪ੍ਰਮਾਣੂ ਤੋਂ ਲੈ ਕੇ ਮਹਾਂ-ਆਕਾਸ਼ ਵੱਲ ਝਾਤੀ ਮਾਰਨ 'ਤੇ ਪਤਾ ਲੱਗਦਾ ਹੈ ਜੋ ਇਸ ਪ੍ਰਿਥਵੀ ਪਰ ਅਨੇਕਾਂ ਬਨ, ਪਰਬਤ ਅਤੇ ਸਾਗਰ ਹਨ, ਜਿਨ੍ਹਾਂ ਵਿੱਚ ਨਾਨਾ ਪ੍ਰਕਾਰ ਦੇ ਜੀਵ-ਜੰਤੂ ਗਹਮਾ-ਗਹਮ ਵੱਸ ਰਹੇ ਹਨ। ਸੂਰਜ ਆਪਣੀਆਂ ਅਦੁੱਤੀ, ਤੇਜ-ਮਈ ਕਿਰਨਾਂ ਨਾਲ ਦਿਨ ਸੁਭਾਇਮਾਨ ਕਰ ਰਿਹਾ ਹੈ; ਜਗ-ਮਗ, ਜਗ-ਮਗ ਤਾਰਿਆਂ ਭਰੀ ਰਾਤ ਵਿੱਚ ਚੰਦ੍ਰਮਾ ਅਪਣੀ ਠੰਡੀਆਂ ਅਤੇ ਨਿਰਮਲ ਕਿਰਨਾਂ ਦੁਆਰਾ ਅੰਮ੍ਰਿਤ-ਰਸ ਵਰਸਾ ਰਿਹਾ ਹੈ। ਜ਼ਰਾ ਬਸੰਤ ਰੁੱਤ ਵਿੱਚ ਪ੍ਰਿਥਵੀ ਦੀ ਸ਼ੋਭਾ ਵਲ ਤੱਕੋ ! ਅਠਾਰਾਂ-ਭਾਰ ਬਨਸਪਤ ਕਿਸ ਤਰ੍ਹਾਂ ਰੰਗ-ਬਰੰਗੇ ਫੁੱਲਾਂ ਨਾਲ ਇੱਕ ਅਚਰਜ ਦ੍ਰਿਸ਼ ਵਿਖਾ ਰਹੀ ਹੈ ! ਸਾਵਣ ਦੇ ਮਹੀਨੇ ਦੀਆਂ ਕਾਲੀਆਂ ਘਟਾਂ, ਬੱਦਲਾਂ ਦੀ ਘਨਘੋਰ, ਦਾਦਰ, ਮੋਰ, ਪਪੀਹੇ ਦੇ ਸ਼ੋਰ ਅਤੇ ਬਿਜਲੀ ਦੀਆਂ ਲਿਸ਼ਕਾਂ ਇੱਕ ਵਿਜੋਗੀ ਹਿਰਦੇ 'ਤੇ ਕੀ ਅਸਰ ਕਰ ਰਹੀਆਂ ਹਨ ! ਸੋਹਣੀਆਂ-ਸੋਹਣੀਆਂ ਸੂਰਤਾਂ ਦਾ ਵੇਖਦਿਆਂ-ਵੇਖਦਿਆਂ ਅੱਖਾਂ ਤੋਂ ਲੋਪ ਹੋ ਜਾਣਾ ! ਆਵਾ-ਗਵਨ ਦਾ ਚੱਕਰ। ਗੱਲ ਕੀ ਸਭ ਉਸ ਵਾਹਿਗੁਰੂ ਦੀ ਅਦੁੱਤੀ ਕਾਰਾਗਰੀ ਦਾ ਨਮੂਨਾ ਪੇਸ਼ ਕਰ ਰਹੇ ਹਨ, ਜਿਸ ਨੂੰ ਵੇਖ-ਵੇਖ ਕੇ ਕੁਦਰਤ ਦੇ ਬਲਿਹਾਰ ਹੋਣਾ ਪੈਂਦਾ ਹੈ। ਚਾਰ ਖਾਨੀਆਂ ਵਿੱਚ ਚਉਰਾਸੀ ਲੱਖ ਜੀਵ ਰਚ ਕੇ ਮਨੁੱਖ ਨੂੰ ਸਰਦਾਰ ਬਣਾਇਆ ਹੈ। ਭਾਵੇਂ ਗੱਲ-ਗੱਲ 'ਤੇ ਹਰ ਵਸਤੂ ਵਿੱਚ ਉਸ ਦੀ ਕਾਰਾਗਰੀ ਪ੍ਰਗਟ ਹੈ, ਪਰ ਮਨੁੱਖ ਸਰੀਰ ਬਣਾ ਕੇ ਤਾਂ ਮਾਨੋ ਵਾਹਿਗੁਰੂ ਨੇ ਕੁਦਰਤ ਦਾ ਕਮਾਲ ਤੇ ਅੰਤ ਕਰ ਵਿਖਾਇਆ ਹੈ। ਇਹ ਸਾਢੇ-ਤਿੰਨ ਹੱਥ ਦੀ ਦੇਹ ਕੀ ਹੈ-ਜਿਸ ਦੀ ਆਦਿ ਜਲ ਦੀ ਬੂੰਦ ਤੇ ਅੰਤ ਸੁਆਹ ਦੀ ਮੁੱਠ ਹੈ—ਇਹ ਇੱਕ ਪ੍ਰਸ਼ਨ ਹੈ, ਜਿਸ ਦੇ ਉੱਤਰ ਵਿੱਚ ਵੇਦ-ਸ਼ਾਸਤਰ ਤੇ ਅਸਮਾਨੀ ਕਿਤਾਬਾਂ ਲਿਖੀਆਂ ਗਈਆਂ। ਭਾਵੇਂ ਰੱਬ ਅਤੇ ਉਸ ਦੀ ਪ੍ਰਾਪਤੀ ਦੇ ਸਾਧਨਾਂ ਦੇ ਬਾਰੇ ਵਿੱਚ ਅਨੇਕ ਮਤ-ਮਤਾਂਤਰ ਅਤੇ ਉਨ੍ਹਾਂ ਦੇ ਕਰਤਿਆਂ ਦੇ ਵੱਖੋ-ਵੱਖ ਸਿੱਧਾਂਤ ਹਨ ਪ੍ਰੰਤੂ ਇਸ ਗੱਲ ਪਰ ਸਭ ਦੀ ਸੰਮਤੀ ਹੈ, ਜੋ ਮਨੁੱਖ ਦੇਹ ਸਭ ਤੋਂ ਉੱਤਮ ਹੈ ਅਤੇ ਏਸੇ ਵਿੱਚ ਹੀ ਪੁਰਸ਼ ਅਪਣੇ ਜੀਵਨ ਨੂੰ ਪੂਰਨ ਕਰ ਸਕਦਾ ਹੈ। ਪਰ ਇਹ ਅਸਚਰਜ ਦੀ ਗੱਲ ਹੈ, ਜੋ ਜੀਵ ਦਾਤਾਰ ਨੂੰ ਭੁੱਲ ਕੇ ਦਾਤਾਂ ਨਾਲ ਪਿਆਰ ਕਰ ਰਹੇ ਹਨ, ਅਤੇ ਅਮੋਲਕ ਜਨਮ ਨੂੰ, ਜਿਸ ਦਾ ਇੱਕ-ਇੱਕ ਸੁਆਸ ਦੁਰਲੱਭ ਹੈ, ਵਿਅਰਥ ਗਵਾ ਰਹੇ ਹਨ। ਪੂਰਬਲੇ ਸਮੇਂ ਦੇ ਪ੍ਰਭਾਵ ਕਰ ਕੇ ਜੀਵ ਪਰਮਾਰਥ ਵੱਲ ਰੁਚੀ ਹੀ ਨਹੀਂ ਕਰਦੇ; ਜੇ ਧੁਰ-ਭਾਗ ਚੰਗੇਰੇ ਹੋਣ ਕਰ ਕੇ ਕੋਈ ਰੱਬ ਦੇ ਪਾਸੇ ਆਉਂਦਾ ਵੀ ਹੈ, ਤਾਂ ਉਹ ਮਤ-ਮਤਾਂਤਰਾਂ ਦੇ ਜਾਲ ਵਿੱਚ ਫੱਸ ਕੇ ਅਨੇਕ ਪ੍ਰਕਾਰ ਦੇ ਮਨ-ਮਤ ਕਰਮ ਅਤੇ ਉਪਾਸ਼ਨਾ ਵਿੱਚ ਲੱਗ ਜਾਂਦਾ ਹੈ।

ਕਈ ਜਪ, ਤਪ ਅਰ ਮੂਰਤ-ਪੂਜਾ ਵਿੱਚ ਸਮਾਂ ਗਵਾ ਰਹੇ ਹਨ, ਕਈ ਪ੍ਰਾਣਾ-ਯਾਮ ਦੁਆਰਾ ਪ੍ਰਾਣ, ਅਪਾਣ, ਵਾਯੂ ਨੂੰ ਇੱਕ ਕਰ ਕੇ ਸੁਆਸਾਂ ਨੂੰ ਦਸਮ-ਦੁਆਰ ਵਿੱਚ ਠਹਿਰਾਉਣ ਦਾ ਜਤਨ ਕਰ ਰਹੇ ਹਨ। ਕਈ ਵਾਚਕ ਦੋ ਚਾਰ ਵੇਦਾਂਤ ਦੇ ਗ੍ਰੰਥ ਪੜ੍ਹ ਕੇ "ਅਹੰ ਬ੍ਰਹਮ ਅਸਮਯ" ਅਤੇ "ਤਤ ਤਵੰ" ਦੇ ਨਾਰ੍ਹੇ ਮਾਰਦੇ ਹਨ। ਗੱਲ ਕੀ "ਸਤਿਗੁਰੂ ਬਾਝਹੁ ਘੋਰ ਅੰਧਾਰਾ" ਦੇ ਪਵਿੱਤਰ ਵਾਕ ਅਨੁਸਾਰ ਅੰਧਾ-ਧੁੰਧ ਘੁੰਮਣ-ਘੇਰ ਵਿੱਚ ਜਨਮ ਬਤੀਤ ਕਰ ਰਹੇ ਹਨ। ਭਾਵੇਂ ਗੁਰੂ ਜੀ ਨੇ ਅਨੇਕ ਪ੍ਰਕਾਰ ਦੇ ਕੱਸ਼ਟ ਸਹਾਰ ਕੇ ਬਾਣੀ ਦੁਆਰਾ ਚੌਹਾਂ ਵਰਨਾਂ ਦੇ ਜੀਵਾਂ ਨੂੰ ਸਤਿਨਾਮ ਦਾ ਉਪਦੇਸ਼ ਕੀਤਾ, ਪਰ ਜੀਵ ਮਨ-ਮਤ ਦੇ ਰਗੜਿਆਂ-ਝਗੜਿਆਂ ਵਿੱਚ ਲੱਗੇ ਰਹੇ ਤੇ ਗੁਰਮਤਿ ਵੱਲ ਧਿਆਨ ਨ ਕੀਤਾ। ਕਹਿਣ ਵਿੱਚ ਤਾਂ ਕਿਹਾ ਜਾਂਦਾ ਹੈ ਕਿ ਅਸੀਂ ਗੁਰਬਾਣੀ ਨੂੰ ਮੰਨਦੇ ਹਾਂ, ਪਰ ਸੱਚ ਇਹ ਹੈ ਕਿ ਗੁਰਬਾਣੀ ਨੂੰ ਮੰਨਣਾ ਬੜਾ ਔਖਾ ਹੈ। ਗੁਰਬਾਣੀ ਨੂੰ ਮੰਨਣਾ ਜੀਉਂਦੇ-ਜੀਅ ਮਰਨਾ ਹੈ। ਪਰ ਭਾਵੇਂ ਇਸ ਦੇ ਮੰਨਣ ਵਿੱਚ ਕਿੰਨੀਆਂ ਹੀ ਔਕੜਾਂ ਕਿਉਂ ਨਾ ਆਉਣ, ਇਸ ਨੂੰ ਮੰਨੇ ਤੋਂ ਬਿਨਾਂ ਛੁਟਕਾਰੇ ਦਾ ਹੋਰ ਕੋਈ ਰਾਹ ਵੀ ਨਹੀਂ।

ਗੁਰਬਾਣੀ ਇੱਕ ਅਥਾਹ ਸਮੁੰਦਰ ਹੈ ਜਿਸ ਵਿੱਚ ਨਾਮ ਰੂਪੀ ਅਨੇਕ ਹੀਰੇ, ਪੰਨੇ, ਮੋਤੀ, ਜਵੇਹਰ ਅਤੇ ਲਾਲ ਹਨ। ਜੇਹੜਾ ਮਰ-ਜੀਵਾ ਹੋ ਕੇ ਚੁੱਭੀ ਮਾਰੇ, ਓਹੀ ਇਸ ਵਿੱਚੋਂ ਰਤਨ ਪਦਾਰਥ ਲੱਭ ਲੈਂਦਾ ਹੈ ਤੇ ਓਸ ਪਰਮ-ਪਦਵੀ ਨੂੰ ਪਾ ਕੇ ਸਦਾ ਲਈ ਮਹਾਂ-ਅਨੰਦ ਦੇ ਜੀਵਨ ਨੂੰ ਪ੍ਰਾਪਤ ਹੋ ਜਾਂਦਾ ਹੈ, ਜਿਸ ਦੀ ਗੁਰਬਾਣੀ ਵਿੱਚ ਥਾਂ-ਥਾਂ ਮਹਿਮਾ ਹੈ। ਗੁਰਮਤਿ ਵਿੱਚ ਅਜਿਹੇ ਪੁਰਖਾਂ ਨੂੰ ਹੀ ਸਾਧ-ਸੰਤ ਜਾ ਗੁਰਮੁਖ ਕਹਿਆ ਜਾਂਦਾ ਹੈ। ਜਦ ਤਕ ਐਸੇ ਪੁਰਸ਼ਾਂ ਦੁਆਰਾ ਗੁਰਬਾਣੀ ਨੂੰ ਆਪਣੇ ਅੰਦਰ ਨਾ ਸਮਝਿਆ ਜਾਵੇ ਕਦੇ ਵੀ ਸੋਝੀ ਨਹੀਂ ਪੈਂਦੀ, ਪਰ ਬਾਦੀ[1] ਆਪਣੀ ਮਨ-ਮਤ ਦੇ ਆਸਰੇ ਨਾਨਾ ਪ੍ਰਕਾਰ ਦੇ ਭਰਮਾਂ ਵਿੱਚ ਫਸਿਆ ਰਹਿੰਦਾ ਹੈ ਤੇ ਗੁਰਮਤਿ ਦੀ ਢੂੰਡ ਨਹੀਂ ਕਰਦਾ।

ਏਹ ਪੁਸਤਕ ਕੇਵਲ ਖੋਜੀ ਭੌਰਿਆਂ ਦੇ ਰਸ ਲੈਣ ਲਈ ਸੰਗ੍ਰਹਿ ਕੀਤੀ ਹੈ। ਬਾਣੀ ਪਰਮਾਣੀਕ ਹੈ, ਐਪਰ ਖੋਜੀਆਂ ਦੀ ਸੁਗਮਤਾ ਲਈ ਇਸ ਨੂੰ ਅੰਗ-ਵਾਰ ਇਉਂ ਲੜੀ ਵਿੱਚ ਪਰੋਣ ਦਾ ਯਤਨ ਕੀਤਾ ਹੈ, ਜੋ ਪ੍ਰੇਮੀ-ਜਨ ਗੁਰਬਾਣੀ ਦੀ ਮਹਾਨਤਾ ਤੇ ਉੱਤਮਤਾ ਨੂੰ ਜਾਣ ਕੇ ਆਪਣੇ ਜਨਮ ਨੂੰ ਸਫਲ ਕਰਨ, ਅਤੇ 'ਗੁਰਮਤਿ ਸਿੱਧਾਂਤ'[2] ਸਮਝਣ ਵਿੱਚ ਸੁਖਾਲ ਹੋਵੇ ਇਸ ਦੇ ਚਉਰਾਸੀ ਅੰਗ ਹਨ। ਹਰ ਇਕ ਵਿਸ਼ੇ ਨੂੰ ਸਿੱਧ ਕਰਣ ਲਈ ਅਨੇਕ ਤੁਕਾਂ ਇੱਕ ਥਾਂ ਇਕੱਤਰ ਕੀਤੀਆਂ ਗਈਆਂ ਹਨ। ਇਸ ਪੋਥੀ ਵਿੱਚ ਗੁਰਬਾਣੀ ਦੇ ਪਰਮਾਣਾਂ ਦੁਆਰਾ ਸਿੱਧ ਹੈ ਕਿ ਅਕਾਲਪੁਰਖ ਸਭ ਦਾ ਪਰਮ-ਪਿਤਾ ਹੈ, ਤੇ ਕੇਵਲ ਓਹੀ ਮੰਨਣ-ਜੋਗ ਹੈ। ਗੁਰਬਾਣੀ ਦੱਸਦੀ ਹੈ ਕਿ

1. ਬਾਦੀ—ਵਾਦੀ, ਵਾਦ-ਵਿਵਾਦ ਕਰਨ ਵਾਲਾ, ਭਾਵ : ਮਨਮੁੱਖ
2. ਗੁਰਮਤਿ ਦੇ ਸਿੱਧਾਂਤ ਜਾਂ ਸ੍ਰਿੱਧਾਂਤਾਂ ਅਰਥਾਤ ਗੁਰਮਤਿ ਦੀ ਅਸਲੀਅਤ ਤੇ ਇਸਦੇ ਨਿਯਮਾਂ।

ਅਕਾਲਪੁਰਖ ਤੇ ਗੁਰੂ ਵਿੱਚ ਕੋਈ ਭੇਦ ਨਹੀਂ। ਸਤਿਗੁਰੂ ਪੂਰੇ ਦੀ ਪਹਿਚਾਨ ਅਤੇ ਸਾਧ, ਸੰਤ, ਗਿਆਨੀ, ਜੋਗੀ ਅਰ ਗੁਰਮੁਖਾਂ ਦੇ ਲੱਛਣਾਂ ਦਾ ਵਿਆਖਿਆਨ ਭਲੀ ਪ੍ਰਕਾਰ ਹੋ ਗਿਆ ਹੈ, ਤੇ ਨਾਲ ਹੀ ਭੇਖੀ, ਮਨ-ਮਤੀ ਤੇ ਡਿੰਭੀ ਗੁਰੂਆਂ ਦੇ ਢੋਲ ਦਾ ਪੋਲ ਵੀ ਖੋਲ੍ਹ ਦਿੱਤਾ ਹੈ। ਤੀਰਥ, ਬਰਤ, ਮੂਰਤ-ਪੂਜਾ ਅਤੇ ਮਨਮੁਖੀ ਕਰਮਾਂ ਦਾ ਚੰਗੀ ਤਰ੍ਹਾਂ ਨਿਰਣਾ ਕੀਤਾ ਗਿਆ ਹੈ। ਵੇਦ ਭਗਵਾਨ ਅਤੇ ਸ਼ਾਸਤਰ, ਸਿੰਮ੍ਰਤੀਆਂ ਨੂੰ ਗੁਰੂ ਜੀ ਜਿਸ ਦ੍ਰਿਸ਼ਟੀ ਨਾਲ ਦੇਖਦੇ ਸਨ, ਮੁਖ-ਵਾਕ ਬਾਣੀ ਦੁਆਰਾ ਵਰਣਨ ਹੈ, ਤੇ ਗੁਰ-ਵਾਕਾਂ ਤੋਂ ਇਹ ਵੀ ਸਿੱਧ ਹੈ ਕਿ ਕੇਵਲ ਬਾਣੀ ਦੇ ਪਾਠ ਤੇ ਵਾਚਕ ਗਿਆਨ ਨਾਲ ਹੀ ਜੀਵ ਦੀ ਕਲਿਆਨ ਨਹੀਂ ਹੁੰਦੀ, ਜਦ ਤਕ ਗੁਰਬਾਣੀ ਦੀ ਆਗਿਆ-ਪਾਲਨ ਨਾ ਕੀਤੀ ਜਾਵੇ।

ਗੁਰਬਾਣੀ ਵਿੱਚ ਬੈਦਕ, ਨਾਟਕ-ਚੇਟਕ, ਜੋਤਿਸ਼ ਅਤੇ ਜਾਤ-ਪਾਤ ਦਾ ਖੰਡਨ ਹੈ। ਸਿੱਖ ਕੇਹੜੇ ਭੂਸ਼ਨ ਅਤੇ ਗੁਣਾਂ ਵਿੱਚ ਪੂਰਤ ਹੋ ਕੇ ਸਤਿਪੁਰਖ ਦੇ ਹਜ਼ੂਰ ਜਾ ਸਕਦਾ ਹੈ, 'ਗੁਣ ਗ੍ਰਹਣ' ਦੇ ਅੰਗ ਵਿੱਚ ਸਪਸ਼ਟ ਹੈ। ਮਨ ਕੀ ਹੈ ਤੇ ਮਾਇਆ ਕਿਸ ਨੂੰ ਆਖਦੇ ਹਨ—ਇਸ ਦਾ ਭੀ ਨਿਰਣਾ ਹੋ ਗਿਆ ਹੈ। ਕਾਇਆ ਵਿੱਚ ਕੀ-ਕੀ ਵਸਤੂ ਹਨ ਅਤੇ ਕਿਸ ਤਰ੍ਹਾਂ ਵਹਿਗੁਰੂ ਇਸ ਵਿੱਚ ਗੁਪਤ ਵੱਸਦਾ ਹੈ ; ਗੁਰੂ ਅਤੇ ਅਕਾਲਪੁਰਖ ਦੀ ਸੇਵਾ; ਗੁਰੂ ਜੀ ਦਾ ਸਹਿਜ-ਜੋਗ, ਸਹਿਜ-ਅਵਸਥਾ ਤੇ ਉਸ ਦੀ ਪ੍ਰਾਪਤੀ ਦੇ ਉੱਤਮ ਢੰਗ ਦੱਸੇ ਹਨ। ਸਤਿ-ਸੰਗਤ ਦੀ ਮਹਿਮਾ ਅਤੇ ਕੁਸੰਗਤ ਅਰਥਾਤ ਮਦਰਾ, ਮਾਸ ਅਤੇ ਕੁਕਰਮਾਂ ਤੋਂ ਬਚਣ ਦੇ ਸ਼ੁਭ ਉਪਦੇਸ਼ ਵੀ ਦਿੱਤੇ ਹਨ। ਹਉਮੈ ਦਾ ਰੂਪ ਦੱਸ ਕੇ ਨਿਰ-ਅਭਿਮਾਨ ਹੋਣ ਦਾ ਵੱਲ ਦੱਸਿਆ ਹੈ—ਮੁੱਕਦੀ ਗੱਲ ਕੀ ਚੌਰਾਸੀ ਵੱਖੋ-ਵੱਖ ਵਿਸ਼ਿਆਂ ਪੁਰ ਤੁਕਾਂ ਇਕੱਤਰ ਕਰ ਕੇ ਗੁਰਬਾਣੀ ਦੇ ਮੋਤੀਆਂ ਦੇ ਹਾਰ ਪਰੋਣ ਦਾ ਯਤਨ ਕੀਤਾ ਗਿਆ ਹੈ। ਵਾਧਾ ਏਹ ਹੈ ਕਿ ਕੇਵਲ ਗੁਰੂ-ਘਰ ਦੀ ਪ੍ਰਮਾਣੀਕ ਬਾਣੀ ਦੀਆਂ ਹੀ ਤੁਕਾਂ ਹਨ। ਹੋਰ ਕਿਸੇ ਬਾਣੀ ਦਾ ਇਸ ਵਿੱਚ ਅੱਖਰ ਭੀ ਨਹੀਂ। ਮਨੋਕਤ ਮੰਤਵ, ਜਾਂ ਕਿਸੇ ਖ਼ਾਸ ਮੱਤ ਨੂੰ ਧ੍ਰੂ-ਘਸੀਟ ਕੇ ਸਿੱਧ ਕਰਨ ਦਾ ਨਿਸਫਲ ਜਤਨ ਨਹੀਂ ਕੀਤਾ ਗਿਆ। ਗੁਰੂ ਕਰੇ ਜੋ ਪ੍ਰੇਮੀ-ਜਨ ਪ੍ਰੇਮ-ਪੂਰਵਕ ਇਸ ਦਾ ਪਾਠ ਕਰ ਕੇ ਆਪਣੇ ਜਨਮ ਨੂੰ ਸਫਲ ਕਰਨ।

ਇਹ ਪੁਸਤਕ ਗੁਰਮਤਿ ਵਿੱਚ ਅਪਣੇ ਢੰਗ ਦੀ ਨਿਰਾਲੀ ਅਤੇ ਅਨੋਖੀ ਹੈ ਜੋ ਗੁਣੀ, ਗਿਆਨੀ, ਗੁੰਥੀਆਂ ਅਤੇ ਪ੍ਰਚਾਰਕਾਂ ਲਈ ਬੜੀ ਲਾਭਦਾਇਕ ਹੋਇਗੀ।

ਭੂਮਿਕਾ ਸਮਾਪਤ ਕਰਨ ਤੋਂ ਪਹਿਲਾਂ ਪ੍ਰੇਮੀ ਖੋਜੀਆਂ ਦਾ ਧਿਆਨ ਇਸ ਪੋਥੀ ਦੇ ਅੰਗ 'ਸ਼ਬਦ' ਵੱਲ ਦਵਾਉਣਾ ਅਵੱਸ਼ ਜ਼ਰੂਰੀ ਭਾਸਦਾ ਹੈ। ਉਹ ਕਿਹੜਾ ਸ਼ਬਦ ਅਥਵਾ ਬਾਣੀ ਹੈ ਜਿਸ ਦੇ ਆਸਰੇ ਜੀਵ ਭਵ-ਸਾਗਰ ਤੋਂ ਪਾਰ ਹੁੰਦਾ ਹੈ ? ਗੁਰੂ ਜੀ ਦੱਸਦੇ ਹਨ ਬਾਣੀ ਦੋ ਪਰਕਾਰ ਦੀ ਹੈ (1) ਵਰਣਾਤਮਕ (2) ਧੁਨਾਤਮਕ।

ਵਰਣਾਤਮਕ ਜੋ ਮਨ-ਬੁੱਧੀ ਜਾਂ ਰਸਨਾ ਦੁਆਰਾ ਕਹੀ ਜਾਵੇ, ਤੇ ਇਸ ਦਾ

ਮੰਤਵ ਕੇਵਲ ਜੀਵ ਨੂੰ ਸਮਝਾ-ਬੁਝਾ ਕੇ ਧੁਨਾਤਮਕ ਬਾਣੀ ਵਿੱਚ ਲਾਉਣ ਦਾ ਹੈ। ਧੁਨਾਤਮਕ ਬਾਣੀ ਕਿਸੇ ਬੋਲੀ ਜਾਂ ਇੰਦਰੀ ਅਥਵਾ ਮਨ-ਬੁੱਧੀ ਦਾ ਵਿਸ਼ਾ ਨਹੀਂ। ਮਨਸ਼ਾ ਇਹ ਹੈ ਜੋ ਸੰਤਾਂ ਦੀ ਆਤਮਕ ਸਿੱਖਯਾ ਦੀ ਅਵਸਥਾ ਅੱਖਰਾਂ ਤੋਂ ਪਰੇ ਹੈ। ਪਰਮਾਣ: "ਬਾਵਨ ਅਖਰ ਲੋਕ ਤ੍ਰੈ ਸਭ ਕਿਛੁ ਇਨਹੀ ਮਾਹਿ। ਇਹ ਅਖਰ ਖਿਰ ਜਾਹਿਗੇ ਓਹ ਅਖਰ ਇਨ ਮਹ ਨਾਹਿ"। ਅਤੇ ਇਹ ਵੀ ਪ੍ਰਾਰਥਨਾ ਹੈ ਜੋ ਗੁਰਮਤਿ ਦਾ ਆਸ਼ਾ ਅਭਿਆਸੀ ਜੀਵ ਦੀ ਜਾਗ੍ਰਤ ਅਵਸਥਾ ਦੀ ਬੈਠਕ ਤੋਂ ਉੱਪਰ ਅਰੰਭ ਹੁੰਦਾ ਹੈ, ਗੁਰ ਵਾਕ: "ਦਸਮ ਦੁਆਰਾ ਅਗਮ ਅਪਾਰਾ ਪਰਮ-ਪੁਰਖ ਦੀ ਘਾਟੀ; ਊਪਰ ਹਾਟ ਹਾਟ ਪਰ ਆਲਾ ਆਲੇ ਭੀਤਰ ਥਾਤੀ।"

ਇਹ ਬਾਣੀ ਪ੍ਰੇਮੀ ਜਨਾਂ ਨੂੰ ਅੰਦਰ ਦਸਵੇਂ ਦੁਆਰ ਵਿੱਚ ਸੁਣੀਂਦੀ ਹੈ। ਇਸ ਨੂੰ ਅਨਹਦ, ਸੱਚ, ਸ਼ਬਦ, ਨਾਮ ਤੇ ਅਕਥ-ਕਥਾ ਕਹਿ ਕੇ ਗੁਰਬਾਣੀ ਵਿੱਚ ਦੱਸਿਆ ਗਿਆ ਹੈ। ਇਹ ਅੱਖਰ ਤੋਂ ਰਹਿਤ ਕੇਵਲ ਧੁਨ-ਰੂਪ ਹੈ। ਇਸ ਦੇ ਆਸਰੇ ਜੀਵ ਭਵ-ਸਾਗਰ ਤੋਂ ਪਾਰ ਹੁੰਦਾ ਹੈ। ਇਹ ਬਾਣੀ ਸਰਬ ਪ੍ਰਾਣੀ ਮਾਤਰ ਦੇ ਘਟ ਵਿੱਚ ਸਦੀਵ ਕਾਲ ਤੋਂ ਹੋ ਰਹੀ ਹੈ, ਐਪਰ ਕਿਸੇ ਵਿਰਲੇ ਗੁਰਮੁਖ ਨੂੰ ਹੀ ਸੁਣੀਂਦੀ ਹੈ; ਤੇ ਇਸ ਤੋਂ ਇਹ ਨਹੀਂ ਸਮਝ ਲੈਣਾ ਕਿ ਬਾਣੀ ਜਾਂ ਸ਼ਬਦ ਕੰਨਾਂ ਦੀ ਘੂੰ-ਘੂੰ ਜਾਂ ਨੱਕ ਦੀ ਸ਼ਾਂ-ਸ਼ਾਂ ਦਾ ਨਾਮ ਹੈ। ਨਹੀਂ, ਇਹ ਤਾਂ ਤੱਤਾ ਦੀਆਂ ਆਵਾਜ਼ਾਂ ਹਨ। ਗੁਰਬਾਣੀ ਇਸ ਤੋਂ ਪਰੇ ਹੈ ਅਤੇ ਕੁਲ ਖੰਡਾਂ-ਬ੍ਰਹਮੰਡਾਂ ਦੀ ਜਾਨ ਤੇ ਸਮੂਹ ਰਚਨਾ ਦਾ ਆਧਾਰ ਹੈ। ਜਦੋਂ ਅਭਿਆਸੀ ਅਪਣੀ ਸੁਰਤ ਨੂੰ ਪਿੰਡ ਵਿੱਚੋਂ ਕੱਢ ਕੇ ਤੁਰੀਆ-ਪਦ ਵਿੱਚ ਪਹੁੰਚਾ ਕੇ ਜੋਤ ਦਾ ਦਰਸ਼ਨ ਕਰਦਾ ਹੈ, ਤਦ ਜੋ ਬਾਣੀ ਜੋਤ ਵਿੱਚੋਂ ਪਰਗਟ ਹੁੰਦੀ ਹੈ, ਓਸ ਦਾ ਨਾਮ ਗੁਰਬਾਣੀ ਹੈ; ਗੁਰ ਵਾਕ: "ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ"। ਏਸ ਬਾਣੀ ਨੂੰ ਗੁਰੂ ਜੀ "ਗੁਰੂ" ਦੱਸਦੇ ਹਨ। ਓਹ ਧੰਨ ਹਨ ਜੋ ਮਹਾਂ-ਪੁਰਖਾਂ ਦੀ ਸੰਗਤ ਕਰ ਕੇ ਗੁਰਬਾਣੀ ਦੇ ਜਹਾਜ਼ ਪਰ ਚੜ੍ਹ ਕੇ ਸੰਸਾਰ ਤੋਂ ਪਾਰ ਹੋ ਜਾਂਦੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ।
ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

ਦਾਸਨ ਦਾਸ
ਸਾਵਣ ਸਿੰਘ

ੴ ਸਤਿਗੁਰਪ੍ਰਸਾਦਿ ॥

ੴ ਸਤਿਨਾਮੁ ਕਰਤਾਪੁਰਖੁ ਨਿਰਭਉ ਨਿਰਵੈਰੁ
ਅਕਾਲਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

## ਅਕਾਲ ਉਸਤਤਿ

ਸ੍ਰੀ ਮੁਖ ਵਾਕ ਪਾਤਿਸਾਹੀ 10 ॥ ਛਪੈ ਛੰਦ ॥ ਤ੍ਵ ਪ੍ਰਸਾਦਿ ॥

ਚੱਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ।
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿਜੈ ।
ਤ੍ਰਿਭਵਣ ਮਹੀ ਪਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ।
ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥1॥

ਰੂਆਲ ਛੰਦ ॥ ਤ੍ਵ ਪ੍ਰਸਾਦਿ ॥

ਆਦਿ ਰੂਪ ਅਨਾਦਿ ਮੂਰਤਿ ਅਜੋਨ ਪੁਰਖ ਅਪਾਰ ।
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ।
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ।
ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਿਸਾਲ ॥79॥
ਨਾਮ ਠਾਮ ਨ ਜਾਤ ਜਾਕਰ ਰੂਪ ਰੰਗ ਨ ਰੇਖ ।
ਆਦਿ ਪੁਰਖ ਉਦਾਰ ਮੂਰਤਿ ਅਜੋਨ ਆਦਿ ਅਸੇਖ ।
ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ।
ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ ॥80॥
ਨਾਮ ਕਾਮ • ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ।
ਸਰਬ ਮਾਨ ਸ੍ਰਬੱਤ ਮਾਨ ਸਦੈਵ ਮਾਨਤ ਤਾਹਿ ।
ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ ।
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥81॥
ਦੇਵ ਭੇਵ ਨ ਜਾਨ ਹੀ ਜਿਹ ਬੇਦ ਔਰ ਕਤੇਬ ।
ਰੂਪ ਰੰਗ ਨ ਜਾਤ ਪਾਤ ਸੁ ਜਾਨਈ ਕਿਹ ਜੇਬ ।
ਤਾਤ ਮਾਤ ਨ ਜਾਤ ਜਾਕਰਿ ਜਨਮ ਮਰਨ ਬਿਹੀਨ ।

ਚੱਕ੍ਰ ਬੱਕ੍ਰ ਫਿਰੈ ਚਤੁਰ ਚਕ ਮਾਨ ਹੀ ਪੁਰ ਤੀਨ ।
ਲੋਕ ਚੌਦਹ ਕੇ ਬਿਖੈ ਜਗੁ ਜਾਪ ਹੀ ਜਿਹ ਜਾਪ ।
ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪਿ ।
ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ ।
ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥83॥
ਕਾਲਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ।
ਧਰਮ ਧਾਮ ਸੁ ਭਰਮ ਰਹਤ ਅਭੂਤ ਅਲਖ ਅਭੇਸ ।
ਅੰਗ ਰਾਗ ਨ ਰੰਗ ਜਾਕਹਿ ਜਾਤ ਪਾਤ ਨ ਨਾਮ ।
ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥
ਆਪਿ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ।
ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ।
ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ।
ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਿਤਿਪਾਰ ॥85॥
ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ।
ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗ ਅਰੁ ਰੇਖ ।
ਪਰਮ ਬੇਦ ਪੁਰਾਨ ਜਾ ਕਹਿ ਨੇਤ ਭਾਖਤ ਨਿੱਤ ।
ਕੋਟ ਸਿੰਮ੍ਰਿਤਿ ਪੁਰਾਨ ਸਾਸਤ੍ਰ ਨ ਆਵਹੀ ਵਹੁ ਚਿੱਤ ॥96॥

## ਗੁਰੂ ਅਤੇ ਅਕਾਲਪੁਰਖ ਇੱਕ ਰੂਪ ਹਨ

ਬਹੁਤ ਸਾਰੇ ਧਰਮ-ਗ੍ਰੰਥਾਂ ਵਿੱਚ ਅਕਾਲਪੁਰਖ ਨੂੰ ਨਿਰਾਕਾਰ ਕਿਹਾ ਗਿਆ ਹੈ। ਉਹ ਜਗਤ ਵਿੱਚ ਵਿਆਪਕ ਹੁੰਦਾ ਹੋਇਆ ਵੀ ਨਿਰਲੇਪ ਅਤੇ ਅਗੰਮ ਹੈ। ਉਹ ਬੁੱਧੀ, ਕਲਪਨਾ, ਅਨੁਮਾਨ ਦੀ ਹੱਦ ਤੋਂ ਪਰੇ ਹੈ। ਤਾਂ ਫਿਰ ਉਸ ਅਰੂਪ ਤੱਕ ਕਿਵੇਂ ਪਹੁੰਚਿਆ ਜਾਵੇ ?

ਅਰੂਪ ਪਰਮੇਸ਼ਰ ਸੰਤਾਂ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। 'ਸਤਿਗੁਰ ਵਿਚਿ ਆਪੁ ਰਖਿਓਨੁ ।' (ਮ: 1, ਪੰ. 466) ਬਾਣੀ ਵਿੱਚ ਗੁਰੂ ਅਤੇ ਪਰਮੇਸ਼ਰ ਨੂੰ ਇੱਕ ਕਿਹਾ ਗਿਆ ਹੈ ਅਤੇ ਦੋਹਾਂ ਵਿੱਚ ਕੋਈ ਭੇਦ ਸਵੀਕਾਰ ਨਹੀਂ ਕੀਤਾ ਗਿਆ, 'ਗੁਰ ਸਤਿਗੁਰ ਸੁਆਮੀ ਭੇਦ ਨ ਜਾਣਹੁ ।' (ਮ: 4, ਪੰ. 77) ਬਾਹਰੋਂ ਦੇਖਣ ਨੂੰ ਸਤਿ-ਗੁਰੂ ਦੇਹਿਧਾਰੀ ਹੁੰਦਾ ਹੈ, ਪਰੰਤੂ ਉਸ ਦੀ ਆਤਮਾ ਪਰਮਾਤਮਾ ਵਿੱਚ ਲੀਨ ਹੋ ਚੁੱਕੀ ਹੁੰਦੀ ਹੈ, ਜਿਸ ਕਾਰਨ ਉਹ ਮਨ-ਮਾਇਆ, ਕਾਲ ਦੇ ਪ੍ਰਭਾਵ ਤੋਂ ਉੱਪਰ ਹੁੰਦਾ ਹੈ। ਨਿਹਚਲ ਅਕਾਲਪੁਰਖ ਦੀ ਭਗਤੀ ਕਰਕੇ ਉਹ ਵੀ ਨਿਹਚਲ ਹੋ ਚੁੱਕਾ ਹੁੰਦਾ ਹੈ।

ਬਾਣੀ ਵਿੱਚ ਪਰਮੇਸਰ ਅਤੇ ਸਤਿਗੁਰੂ ਦੋਹਾਂ ਨੂੰ ਮੁਕਤੀ-ਦਾਤਾ, ਸਹਿਜ-ਦਾਤਾ, ਨਾਮ-ਦਾਤਾ, ਸਰਬਸੁੱਖ-ਦਾਤਾ ਅਤੇ ਕਰਨ-ਕਾਰਨ ਮੰਨਿਆ ਹੈ। ਗੁਰੂ ਅਤੇ ਪਰਮੇਸ਼ਰ ਦੋਹਾ ਨੂੰ ਸਤਿ, ਅਮਰ, ਨਿਹਚਲ ਮੰਨਿਆ ਗਿਆ ਹੈ।

ਸਤਿਗੁਰੂ ਅਕਾਲਪੁਰਖ ਵੱਲੋਂ ਨਾਮ ਜਾ ਸਬਦ ਦਾ ਦਾਤਾ ਬਣਕੇ ਆਉਂਦਾ ਹੈ। ਉਹ ਜੀਵ ਨੂੰ ਮਨ-ਮਾਇਆ ਦੇ ਭਰਮ-ਚੱਕਰ ਵਿੱਚੋਂ ਕੱਢ ਕੇ ਪਰਮੇਸ਼ਰ ਨਾਲ ਮਿਲਾਪ ਕਰਾਉਣ ਦੇ ਸਮਰੱਥ ਹੁੰਦਾ ਹੈ। ਉਹ ਸੇਵਕ ਨੂੰ ਪਰਮੇਸ਼ਰ ਦੇ ਹੁਕਮ ਜਾਂ ਭਾਣੇ ਨੂੰ ਮੰਨਣ ਦੇ ਕਾਬਲ ਬਣਾਉਂਦਾ ਹੈ। ਅਸਲ ਵਿੱਚ ਸਤਿਗੁਰੂ ਅਤੇ ਪਰਮੇਸ਼ਰ ਵਿੱਚ ਭੇਦ ਨਹੀਂ।

1. **ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ[1] ॥**
   **ਓਹ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰ ॥** (ਮ: 5—397)
2. **ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥**
   **ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥** (1264)
3. **ਸਮੁੰਦ ਵਿਰੋਲਿ[2] ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥**
   **ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥** (ਮ: 4—442)
4. **ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥**
   **ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥**(ਮ: 5,710)

---

1. ਸ਼ੁੱਧ ਗਿਆਨ ਦਾ ਸੱਚਾ ਸਰੋਵਰ 2. ਫੋਲ ਕੇ, ਰਿੜਕ ਕੇ।

5. ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥ (ਮ: 5—49)

6. ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ ਗੁਰ ਕੀਤਾ ਲੋੜੇ ਸੁ ਹੋਇ ॥ (ਮ: 5—52)

7. ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥ (ਮ: 5—52)

8. ਗੁਰੁ ਦਾਤਾ ਗੁਰੁ ਹਿਵੈ ਘਰੁ[3] ਗੁਰੁ ਦੀਪਕੁ[4] ਤਿਹੁ ਲੋਇ ॥
ਅਮਰ[5] ਪਦਾਰਥੁ ਨਾਨਕਾ ਮਨਿ[6] ਮਾਨਿਐ ਸੁਖੁ ਹੋਇ ॥ (ਮ: 1—137)

9. ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥
ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥ (ਮ: 5—802)

10. ਗੁਰੁ ਨਾਰਾਇਣੁ ਦਯੁ[7] ਗੁਰੁ ਗੁਰੁ ਸਚਾ ਸਿਰਜਣਹਾਰੁ ॥
ਗੁਰਿ ਤੁਠੈ[8] ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥(ਮ: 5,218)

11. ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥
ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥ (ਮ: 1—61)

12. ਪਾਰਬ੍ਰਹਮ ਪਰਮੇਸੁਰ ਸਤਿਗੁਰ ਸਭਨਾ ਕਰਤ ਉਧਾਰਾ ॥
ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ[9] ਬੀਚਾਰਾ ॥(ਮ: 5,611)

13. ਜੋ ਪ੍ਰਾਨੀ ਨਿਸਿਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ (ਮ: 9—1427)

14. ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹ[10] ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ (ਮ: 9—1428)

15. ਗੁਰੁ ਕਰਤਾ ਗੁਰੁ ਕਰਣੈ ਜੋਗੁ । ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ । ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥
(ਮ: 5—864)

16. ਹਰਿ ਕਾ ਸੇਵਕੁ ਸੋ ਹਰਿ ਜੇਹਾ । ਭੇਦੁ ਨ ਜਾਣਹੁ ਮਾਣਸ ਦੇਹਾ ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥
(ਮ: 5—1075)

17. ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜਹਿ ਤਰੰਗ ਜਿਉ ਜਲਿ ਹੀ ਬਿਖੈ ਸਮਾਹਿ ॥ (ਕਬੀਰ)

---

3. ਬਰਫ਼ ਦਾ ਘਰ, ਭਾਵ ਠੰਢਾ-ਠਾਰ 4. ਦੀਪਕ : ਤਿੰਨਾਂ ਲੋਕਾਂ ਨੂੰ ਪ੍ਰਕਾਸ਼ ਦੇਣ ਵਾਲਾ 5. ਨਾਮ-ਪਦਾਰਥ 6. ਮਨ ਵਿੱਚ ਅਨੰਦ ਲਿਆ 7. ਗੁਰੂ ਰੂਪ ਦੇਵ 8. ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ 9. ਅਸਲ (ਠੀਕ) ਵਿਚਾਰ ਜਾਂ ਗਿਆਨ ਹੈ 10. ਅੰਤਰ, ਫ਼ਰਕ ; ਹਰੀ ਅਤੇ ਉਸ ਦੇ ਸੇਵਕ ਵਿੱਚ ਕੋਈ ਫ਼ਰਕ ਨਹੀਂ, ਦੋਵੇਂ ਇੱਕੋ ਰੂਪ ਹਨ ।

## ਗੁਰੂ ਬਿਨਾਂ ਜੀਵ ਦਾ ਕਲਿਆਣ ਨਹੀਂ

ਸਤਿਗੁਰੂ ਗੁਰਮਤਿ ਦਾ ਆਧਾਰ ਹੈ। ਗੁਰਮਤਿ ਦਾ ਉਦੇਸ਼ ਪਰਮੇਸ਼ਰ ਦੀ ਪ੍ਰਾਪਤੀ ਹੈ। ਪੂਰਨ ਸਤਿਗੁਰੂ ਤੋਂ ਬਿਨਾਂ ਨਾ ਪਰਮਾਰਥ ਦੀਆਂ ਰਮਜ਼ਾਂ ਜਾਂ ਮਾਲਿਕ ਨਾਲ ਮਿਲਾਪ ਕਰ ਸਕਣ ਦੀ ਅਸਲੀ ਜੁਗਤੀ ਦਾ ਭੇਦ ਹੀ ਖੁਲ੍ਹ ਸਕਦਾ ਹੈ ਅਤੇ ਨਾ ਕੋਈ ਵਿਅਕਤੀ ਮਨ-ਮਾਇਆ ਦੇ ਫੰਦਿਆਂ ਤੋਂ ਛੁਟਕਾਰਾ ਹੀ ਪਾ ਸਕਦਾ ਹੈ।

ਗੁਰਬਾਣੀ ਵਿੱਚ ਗੁਰੂ ਦੀ ਲੋੜ ਉੱਤੇ ਬੜਾ ਜ਼ੋਰ ਦਿੱਤਾ ਗਿਆ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਸਾਡੇ ਸਿਰਜਨਹਾਰ ਨੇ ਸਾਡੀ ਖ਼ਾਤਰ ਹੀ ਅਨਮੋਲ ਦੌਲਤ ਸਾਡੇ ਅੰਦਰ ਰੱਖ ਕੇ ਤਾਲਾ ਮਾਰ ਕੇ ਕੁੰਜੀ ਸਤਿਗੁਰੂ ਨੂੰ ਸੌਂਪ ਦਿੱਤੀ ਹੈ। ਜਦ ਤਕ ਅਸੀਂ ਸਤਿਗੁਰੂ ਦੀ ਸ਼ਰਨ ਵਿੱਚ ਨਹੀਂ ਜਾਂਦੇ ਅਤੇ ਇਹ ਤਾਲਾ ਖੋਲ੍ਹਣ ਦਾ ਭੇਦ ਪ੍ਰਾਪਤ ਨਹੀਂ ਕਰਦੇ, ਅਸੀਂ ਆਪਣੇ ਅਤੇ ਮਾਲਕ ਦੇ ਦਰਮਿਆਨ ਲੱਗੇ ਹੋਏ ਬੱਜਰ-ਕਪਾਟਾਂ ਨੂੰ ਖੋਲ੍ਹ ਕੇ ਅੰਦਰ ਉਸ ਨਾਲ ਮਿਲਾਪ ਨਹੀਂ ਕਰ ਸਕਦੇ। ਇਹੋ ਕਾਰਨ ਹੈ ਕਿ ਸੈਂਕੜੇ ਚੰਦਾਂ ਅਤੇ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਹੋਣ ਦੇ ਬਾਵਜੂਦ ਗੁਰੂ ਤੋਂ ਬਿਨਾਂ ਅਸੀਂ ਅਗਿਆਨਤਾ ਦੇ ਅੰਧੇਰੇ ਵਿੱਚ ਹੀ ਫਸੇ ਰਹਿੰਦੇ ਹਾਂ। ਸਤਿਗੁਰੂ ਸਾਡੀ ਅੰਦਰਲੀ ਅੱਖ ਖੋਲ੍ਹ ਦਿੰਦੇ ਹਨ, ਜਿਸ ਨਾਲ ਰੂਹਾਨੀ ਪ੍ਰਕਾਸ਼ ਨਜ਼ਰ ਆ ਜਾਂਦਾ ਹੈ ਅਤੇ ਅਸੀਂ ਆਪਣੀ ਮੰਜ਼ਿਲ ਉੱਤੇ ਪਹੁੰਚਣ ਦੇ ਯੋਗ ਹੋ ਜਾਂਦੇ ਹਾਂ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਕੁਲ-ਮਾਲਿਕ ਨੇ ਆਪਣੇ ਨਾਲ ਮਿਲਾਪ ਦੀ ਜੁਗਤੀ ਹੀ ਐਸੀ ਬਣਾਈ ਹੈ ਕਿ ਨਾਮ ਤੋਂ ਬਿਨਾਂ ਜੀਵ ਦਾ ਕਲਿਆਣ ਨਹੀਂ ਹੋ ਸਕਦਾ ਅਤੇ ਸਤਿਗੁਰੂ ਤੋਂ ਬਿਨਾਂ ਨਾਮ ਪ੍ਰਾਪਤ ਨਹੀਂ ਹੋ ਸਕਦਾ : 'ਸਚੈ ਸਬਦਿ ਸਚੀ ਪਤਿ ਹੋਈ। ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥ ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ।' (ਮ: 3, ਪੰ. 1046)

1. **ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ[1] ॥**
**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ[2] ॥**
**ਜੇ ਸਉ ਚੰਦਾ[3] ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥** (ਮ: 2—462)

---

1. ਦਿਨ ਵਿੱਚ ਸੌ ਵਾਰੀ 2. ਇਉਂ ਕਰਦਿਆਂ ਦੇਰ ਨਾ ਲੱਗੀ 3. ਚੰਨ

2. ਗੁਰੁ ਜਹਾਜੁ ਖੇਵਟੁ[4] ਗੁਰੂ ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨਾ ਹੋਇ ॥ (ਮ: 4—1401)

3. ਬਿਨੁ ਗੁਰ ਤਤੁ[5] ਨ ਪਾਈਐ ਅਲਖੁ ਵਸੈ ਸਭ ਮਾਹਿ ॥
ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥ (ਮ: 1—1093)

4. ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵਿਚਾਰੁ ॥
ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ । (ਮ: 3—649)

5. ਲੱਖ ਪੀਰ ਪੈਕਾਂਬਰ ਅਉਲੀਏ ਲਖ ਕਾਜੀ ਮੁੱਲਾਂ ਸੇਖ ।
ਕਿਸੇ ਸਾਂਤਿ ਨ ਆਈਆ ਬਿਨ ਸਤਿਗੁਰ ਕੇ ਉਪਦੇਸ ॥

6. ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ[6] ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥ (ਮ: 5,495)

7. ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ[7] ਗੁਰੂ ਬਿਨੁ ਮੁਕਤਿ ਨ ਪਾਵੈ ॥ (ਮ: 4—1399)

8. ਗੁਰੂ ਕੁੰਜੀ ਪਾਹੂ ਨਿਵਲੁ[8] ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ[9] ਅਵਰ ਨ ਕੁੰਜੀ ਹਥਿ ॥
(ਮ: 2—1237)

9. ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥ (ਮ: 5—205)

10. ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ[10] ॥ (ਮ: 3—516)

11. ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ[11] ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥ (ਰਵਿਦਾਸ, 346)

12. ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ[12] ਨਿਤ ਪਾਸਿ ॥
ਅੰਤਰਿ ਅਗਿਆਨ ਦੁਖੁ ਭਰਮ ਹੈ ਵਿਚਿ ਪੜਦਾ ਦੂਰਿ ਪਈਆਸਿ ॥
(ਮ: 4—40)

---

4. ਮਲਾਹ 5. ਪਰਮ ਤਤ; ਸ਼ਬਦ 6. ਖੋਜ ਕੇ ਵਿਚਾਰੇ ਹਨ 7. ਕਾਮਯਾਬੀ, ਸਫਲਤਾ 8. (ਪਸ਼ੂਆਂ ਦੇ ਪੈਰਾਂ ਨੂੰ ਮਾਰਨਾ ਵਾਲਾ) ਜੰਦਰਾ, ਤਾਲਾ 9. ਮਨ ਦਾ ਬੂਹਾ ਨਹੀਂ ਖੁਲ੍ਹਦਾ 10. ਮਨ ਹਾਥੀ ਹੈ, ਗੁਰੂ ਮਹਾਵਤ ਹੈ, ਗਿਆਨ ਅੰਕੁਸ ਹੈ, ਜਿੱਥੇ ਗੁਰੂ ਲਿਜਾਵੇ ਉਥੇ ਮਨ ਜਾਂਦਾ ਹੈ; ਹਾਥੀ ਜੋ ਅੰਕੁਸ ਤੋਂ ਬਿਨਾਂ ਹੈ ਉਹ ਮੁੜ ਕੁਰਾਹੇ ਪੈ ਜਾਂਦਾ ਹੈ 11. ਉਨਮਨ ਅਵਸਥਾ ਦੀ ਪ੍ਰਾਪਤੀ ਨਾਲ ਬੱਜਰ-ਕਪਾਟ ਖੁਲ੍ਹ ਜਾਂਦੇ ਹਨ (ਭਾਵ ਜਦੋਂ ਮਨ ਆਪਣੇ ਅਸਲੇ ਬ੍ਰਹਮ ਵਿੱਚ ਲੀਨ ਹੋ ਗਿਆ ਤਾਂ ਆਤਮਾ ਇਸ ਦੇ ਪੰਜੇ ਤੋਂ ਆਜ਼ਾਦ ਹੋ ਗਈ 12. ਨੇੜੇ ।

13. ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ[13] ਰਾਜੁ ਕਮਾਹਿ ॥
ਬਿਨੁ ਸਤਗੁਰ ਸੁਖੁ ਨ ਪਾਵਹੀ ਫਿਰਿ ਫਿਰਿ ਜੋਨੀ ਪਾਹਿ ॥ (ਮ: 3—26)

14. ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥
ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥
(ਮ: 3—556)

15. ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥ (ਮ: 3—548)

16. ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥ (ਮ: 3—650)

17. ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥[14] (ਮ: 1—469)

18. ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥
ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰਿ ॥ (ਮ: 3—1417)

19. ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥
ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥[15] (ਮ: 1—22)

20. ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥ (ਮ: 5—52)

21. ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥[16]
ਗੁਰੁ ਦਾਤਾ ਹਰਿਨਾਮੁ ਦੇਇ ਉਧਰੈ ਸਭੁ ਸੰਸਾਰੁ ॥ (ਮ: 5—52)

22. ਜਿਨੀ ਸਤਿਗੁਰ ਸਿਉ ਚਿਤੁ ਲਾਇਆ ਸੇ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ[17] ਨ ਹੋਵਈ ਨਾ ਓਇ ਦੁਖ ਸਹਾਹਿ ॥ (ਮ: 3—950)

23. ਬਿਬੇਕੁ[18] ਗੁਰੂ ਗੁਰੂ ਸਮਦਰਸੀ[19] ਤਿਸੁ ਮਿਲੀਐ ਸੰਕ ਉਤਾਰੇ ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥
(ਮ: 4—981)

24. ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥

---

13. ਨੌਂ ਖੰਡਾਂ ਦਾ ਰਾਜਾ, ਭਾਵੇਂ ਚੱਕਰਵਰਤੀ ਸਮਰਾਟ ਵੀ ਬਣ ਜਾਵੇ 14. ਜਿਵੇਂ ਘੜੇ ਦਾ ਬੱਧਾ ਹੋਇਆ ਪਾਣੀ ਟਿਕਿਆ ਰਹਿੰਦਾ ਹੈ, ਪਰ ਪਾਣੀ ਤੋਂ ਬਿਨਾਂ ਘੜਾ ਬਣ ਨਹੀਂ ਸਕਦਾ, ਤਿਵੇਂ ਗਿਆਨ ਦਾ ਬੱਧਾ ਹੋਇਆ ਮਨ ਟਿਕਿਆ ਰਹਿੰਦਾ ਹੈ, ਪਰ ਗਿਆਨ ਖ਼ੁਦ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ 15. ਜਿਨ੍ਹਾਂ ਦੇ ਹਿਰਦੇ ਵਿੱਚ ਸ਼ਬਦ ਦੀ ਧੁਨ ਅਤੇ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ, ਉਹ ਰੱਬ ਦੀ ਦਰਗਾਹ ਵਿੱਚ ਪ੍ਰਵਾਣ ਹੁੰਦੇ ਹਨ 16. ਮੂੰਹ-ਮੰਗੇ ਫਲ ਦੇਣ ਵਾਲਾ ਕਲਪ-ਬ੍ਰਿਛ 17. ਸੱਦਾ 18. ਵਿਵੇਕ (ਵਿਚਾਰ) ਵਾਲਾ 19. ਸਭ ਨੂੰ ਇੱਕੋ ਨਜ਼ਰ ਨਾਲ ਦੇਖਣ ਵਾਲਾ

ਤਿਥੈ ਪਵਣੁ ਨ ਪਾਵਕੋ[20] ਨਾ ਜਲੁ ਨ ਆਕਾਰੁ ॥ (ਮ: 1—1009)

25. ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰੁ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰਸਬਦਿ ਨ ਕਰੇ ਪਿਆਰੁ ॥ (ਮ: 3—37)

26. ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ ॥
ਗੁਰੂ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ ॥ (ਮ: 1—933)

27. ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ[21] ॥
ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥ (ਮ: 3—588)

28. ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥
ਗੁਰਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥ (ਮ: 3—36)

29. ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ ॥
ਧੰਨੁ ਸੁ ਦਿਨਸੁ ਸੰਜੋਗੜਾ[22] ਜਿਤੁ ਡਿਠਾ ਗੁਰ ਦਰਸਾਰ ॥ (ਮ: 5—958)

## ਗੁਰੂ ਬਿਮੁੱਖ ਪ੍ਰਾਣੀਓਂ ਕੀ ਦਸ਼ਾ

ਗੁਰਬਾਣੀ ਵਿੱਚ ਕਈ ਥਾਈਂ ਮਨਮੁੱਖਾਂ ਅਤੇ ਬੇਮੁੱਖਾਂ ਦੀ ਅਵੱਸਥਾ ਵਰਣਨ ਕੀਤੀ ਗਈ ਹੈ । ਗੁਰੂ-ਵਿਹੂਣੇ ਅਤੇ ਗੁਰੂ ਤੋਂ ਬੇਮੁੱਖ ਲੋਕ ਮਨੁੱਖੀ ਜੀਵਨ ਦਾ ਅਸਲੀ ਮੰਤਵ ਸਮਝਣ ਤੋਂ ਅਸਮਰੱਥ ਰਹਿੰਦੇ ਹਨ ਅਤੇ ਪਰਮਾਤਮਾ ਦੀ ਬਖ਼ਸ਼ੀ ਹੋਈ ਇਸ ਅਮੋਲਕ ਦਾਤ ਨੂੰ ਵਿਅਰਥ ਗਵਾ ਲੈਂਦੇ ਹਨ ।

ਬਿਨ ਸਤਿਗੁਰੂ ਸਭ ਦੁਨੀਆਂ ਮਨ ਦੇ ਅਧੀਨ ਹੋ ਕੇ ਦੁਖੀ ਰਹਿੰਦੀ ਹੈ, ਕਾਲ ਤੇ ਕਰਮ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਫਸੀ ਰਹਿੰਦੀ ਹੈ ਅਤੇ ਦਿਨ-ਰਾਤ ਗੁੱਝੀ-ਭਾਹ ਵਿੱਚ ਸੜਦੀ ਰਹਿੰਦੀ ਹੈ । ਗੁਰੂ ਤੋਂ ਬਿਨਾਂ ਨਾ ਹਉਮੈ ਦੀ ਮੈਲ ਜਾਂਦੀ ਹੈ ਅਤੇ ਨਾ ਹੀ ਮਨ ਨਿਹਚਲ ਹੁੰਦਾ ਹੈ । ਜੀਵ ਚਉਰਾਸੀ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ ਅਤੇ ਸਦਾ ਕਾਲ ਦੇ ਅਧੀਨ ਰਹਿੰਦਾ ਹੈ । ਗੁਰੂ ਤੋਂ ਬਿਨਾਂ ਸੰਸਾਰ ਅੰਧ-ਗੁਬਾਰ ਨਾਲ ਭਰਿਆ ਪਿਆ ਹੈ ਅਤੇ ਜੀਵ ਬਉਰਾ ਹੋਇਆ ਫਿਰਦਾ ਹੈ । ਬਾਣੀ ਵਿੱਚ ਤਾਂ ਨਿਗੁਰੇ ਦੇ ਦਰਸ਼ਨ ਨੂੰ ਵੀ ਬੁਰਾ ਕਿਹਾ ਗਿਆ ਹੈ । ਜਿਹੜੇ ਜੀਵ ਲੋਕ-ਲਾਜ ਤੋਂ ਡਰਦੇ ਆਪਣੇ ਗੁਰੂ ਨੂੰ ਗੁਪਤ ਰੱਖਦੇ ਹਨ, ਉਨ੍ਹਾਂ ਨੂੰ ਵੀ ਕਿੱਤੇ ਠਉਰ-ਠਿਕਾਣਾ ਨਹੀਂ ਮਿਲਦਾ । ਗੁਰਬਾਣੀ ਕਹਿੰਦੀ ਹੈ ਕਿ ਜਿਨ੍ਹਾਂ ਨੇ ਆਪਣੇ ਗੁਰੂ ਤੋਂ ਮੂੰਹ ਫੇਰ ਲਿਆ ਹੈ ਜਾਂ ਬੇਮੁੱਖ ਹੋ ਗਏ ਹਨ ਉਨ੍ਹਾਂ ਦੇ ਮੂੰਹ ਦੋਹੀਂ ਜਹਾਨੀ ਕਾਲੇ ਹਨ ।

20. ਅੱਗ 21. ਤ੍ਰਿਸ਼ਨਾ ਦੀ ਸੜੀ ਹੋਈ ਦੁਨੀਆਂ ਸੜ ਮੋਈ ਹੈ ਤੇ ਸੜ-ਸੜ ਕੇ ਪੁਕਾਰ ਕਰਦੀ ਹੈ 22. ਭਾਗਾਂ ਵਾਲਾ ।

## ਗੁਰੂ ਬਿਮੁਖ ਪ੍ਰਾਣੀਓਂ ਕੀ ਦਸ਼ਾ

1. ਗੁਰ ਮੰਤ੍ਰ ਹੀਣਸ੍ਯ[1] ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ[2] ॥ (1356)

2. ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥
ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥ (ਮ: 3—645)

3. ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ[3] ॥ (ਮ: 3—30)

4. ਸਤਿਗੁਰ ਤੇ ਜੋ ਮੁਹੁ ਫੇਰੇ ਤੇ ਵੇਮੁਖਿ ਬੁਰੇ ਦਿਸੰਨਿ ॥
ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ[4] ॥ (ਮ: 3—233)

5. ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ[5] ॥ (ਮ: 3—233)

6. ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥[6]
ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ[7] ॥ (ਮ: 3—645)

7. ਜਿਨਿ ਗੁਰੁ ਗੋਪਿਆ[8] ਆਪਣਾ ਤਿਸੁ ਠਉਰ ਨ ਠਾਉ[9] ॥
ਹਲਤੁ ਪਲਤੁ[10] ਦੋਵੈ ਗਏ ਦਰਗਹ ਨਾਹੀ ਥਾਉ ॥ (ਮ: 3—314)

8. ਜਿਨਿ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ[11] ਫਿਰਾਹੀ ॥
ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ (ਮ: 4—308)

9. ਸਤਿਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ[12] ਖੁਆਰੁ ॥ (ਮ: 3—34)

10. ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ[13] ॥
ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥ (ਮ: 1—1275)

11. ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ[14] ॥
ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ[15] ॥ (528)

---

1. ਗੁਰ-ਮੰਤਰ ਹੀਣੇ, ਸੱਖਣੇ, ਖ਼ਾਲੀ 2. ਉਹ ਮੂਰਖ ਕੁੱਤੇ, ਸੂਰ, ਖੋਤੇ, ਕਾਂ ਤੇ ਸੱਪ ਜਿਹਾ ਭੀ ਨਹੀਂ ਹੈ (ਸ੍ਰੀ ਕਰਤਾਰਪੁਰ ਵਾਲੀ ਬੀੜ ਵਿੱਚ ਪਾਠ 'ਸਰਪਨ ਤੁਲਿ' ਹੈ) 3. ਰੋਜ ਜਮਰਾਜ ਉਨ੍ਹਾਂ ਤੇ ਨਜ਼ਰ ਰੱਖਦਾ ਹੈ 4. ਉਨ੍ਹਾਂ ਨੂੰ ਦੁਬਾਰਾ ਮਨੁੱਖ ਜੀਵਨ ਦਾ ਮੌਕਾ ਨਹੀਂ ਮਿਲਦਾ 5. ਗੰਦਗੀ ਵਿੱਚ ਪੈ ਕੇ ਦੁਖੀ ਹੁੰਦੇ ਹਨ 6. ਕੋਈ ਜਗ੍ਹਾ ਨਹੀਂ, ਆਸਰਾ ਜਾਂ ਢੋਈ ਨਹੀਂ 7. ਜਿਸ ਤਰ੍ਹਾਂ ਪਤੀ ਦੀ ਛੱਡੀ ਹੋਈ ਇਸਤ੍ਰੀ ਥਾਂ-ਥਾਂ ਫਿਰਦੀ ਹੈ, ਭੈੜੇ ਚਾਲ ਚਲਣ ਵਾਲੀ ਕਹਾ ਕੇ ਬਦਨਾਮ ਹੁੰਦੀ ਹੈ 8. ਗੁਪਤ ਰੱਖਿਆ, ਉਸ ਨੇ ਪ੍ਰਤੱਖ ਰੂਪ ਵਿਚ ਮੰਨਣ ਤੋਂ ਇਨਕਾਰ ਕੀਤਾ 9. ਢੋਈ (ਆਸਰਾ) ਨਹੀਂ 10. ਲੋਕ, ਪ੍ਰਲੋਕ 11. ਸਹਾਰਾ, ਆਸਰਾ ਢੂੰਡਦੇ ਫਿਰਦੇ ਹਨ 12. ਦਵੈਤ ਭਾਵ ਵਿੱਚ ਫੱਸ ਕੇ 13. ਮਨਮੁੱਖ ਦੀ ਇਹ ਨਿਸ਼ਾਨੀ ਹੈ ਕਿ ਉਸ ਦੀ ਬੁੱਧੀ ਐਸੀ ਖੋਟੀ ਹੁੰਦੀ ਹੈ ਕਿ ਉਹ ਕੱਲਰ ਵਿੱਚ ਹੀ ਬੀਜ ਸੁੱਟੀ ਜਾਂਦਾ ਹੈ 14. ਉਹ ਵਿਗੜੀ ਸ਼ਕਲ ਵਾਲੇ (ਕਰੂਪ) ਕੋਹੜੀ ਹਨ : ਬੇਰਕਟੀ (ਵਿ (ਵਿਗੜਿਆ ਹੋਇਆ) =ਰਕਤ (ਲਹੂ)) ਜਿਸ ਦਾ ਲਹੂ ਵਿਗੜਿਆ ਹੋਇਆ ਹੈ 15. ਭ੍ਰਿਸ਼ਟ ।

## ਪੂਰੇ ਸਤਿਗੁਰੂ ਦੀ ਪਹਿਚਾਨ

ਪੂਰੇ ਗੁਰੂ ਦੀ ਮਹਿਮਾ ਅਕੱਥ ਹੈ ਪਰੰਤੂ ਗੁਰੂ ਸਾਹਿਬਾਨ ਨੇ ਪੂਰੇ ਗੁਰੂ ਦੇ ਕੁਝ ਵਿਸ਼ੇਸ਼ ਗੁਣਾਂ ਉੱਤੇ ਪ੍ਰਕਾਸ਼ ਪਾਇਆ ਹੈ। ਜੋ ਇੰਦਰੀਆਂ ਨੂੰ ਜਿੱਤ ਕੇ, ਮਨ-ਮਾਇਆ ਅਤੇ ਕਾਲ ਦੇ ਦਾਇਰੇ ਨੂੰ ਪਾਰ ਕਰਕੇ, ਪਰਮੇਸ਼ਰ ਵਿੱਚ ਸਮਾ ਕੇ ਪਰਮੇਸ਼ਰ ਦਾ ਰੂਪ ਹੋ ਗਿਆ ਹੋਵੇ, ਉਹੀ ਪੂਰਾ ਸਤਿਗੁਰੂ ਬਣ ਸਕਦਾ ਹੈ। ਉਹ 'ਸ਼ਬਦ ਰੂਪ' ਹੁੰਦਾ ਹੈ ਅਤੇ ਸ਼ਬਦ ਉਸ ਦੇ ਅੰਦਰ ਘਰ ਕਰ ਚੁੱਕਾ ਹੁੰਦਾ ਹੈ।

ਸੱਚਾ ਗੁਰੂ ਪਰਉਪਕਾਰੀ ਹੁੰਦਾ ਹੈ। ਉਸਦਾ ਉਪਕਾਰ ਸਰਵੋਤਮ ਹੁੰਦਾ ਹੈ। ਉਹ 'ਜੀਅ-ਦਾਨ' ਭਾਵ ਨਵੇਂ ਆਤਮਿਕ ਜੀਵਨ ਦਾ ਦਾਨ ਦਿੰਦਾ ਹੈ ਅਤੇ ਜੀਵ ਨੂੰ ਪਰਮੇਸ਼ਰ ਦੇ ਪਿਆਰ ਦੀ ਲਾਗ ਲਾ ਕੇ ਪਰਮੇਸ਼ਰ ਨਾਲ ਮਿਲਾ ਦਿੰਦਾ ਹੈ।

ਪੂਰਾ ਗੁਰੂ ਚਹੁ ਵਰਣਾਂ ਨੂੰ ਇੱਕੋ ਉਪਦੇਸ਼ ਦਿੰਦਾ ਹੈ। ਉਹ ਬਿਨਾ ਜਾਤ, ਰੰਗ, ਨਸਲ, ਕੌਮ, ਮਜ਼੍ਹਬ, ਮੁਲਕ, ਜਿਨਸ ਦੇ ਵਿਤਕਰੇ ਦੇ, ਸਭ ਨੂੰ ਕੇਵਲ ਸੱਚੇ ਨਾਮ ਦੀ ਕਮਾਈ ਦੀ ਪੂਰੀ ਜੁਗਤੀ ਸਮਝਾਉਂਦਾ ਹੈ।

ਪੂਰਾ ਗੁਰੂ ਜੀਵ ਨੂੰ ਆਪਣੇ ਸਰੀਰ ਰੂਪੀ ਘਰ ਦੇ ਅੰਦਰੋਂ ਹੀ ਪਰਮੇਸ਼ਰ ਦਾ ਘਰ ਦੇਖਣ ਦੀ ਜੁਗਤੀ ਸਿਖਾ ਦਿੰਦਾ ਹੈ—ਸਗੋਂ ਪੰਜ-ਸ਼ਬਦ ਦਾ ਭੇਦ ਦੇ ਕੇ ਉਸ ਨੂੰ ਧੁਰ-ਧਾਮ (ਸੱਚ-ਖੰਡ) ਪਹੁੰਚਣ ਦੇ ਸਮਰੱਥ ਬਣਾ ਦਿੰਦਾ ਹੈ। ਉਹ ਲੋਕ-ਪਰਲੋਕ ਦੋਹਾਂ ਵਿੱਚ ਜੀਵ ਦਾ ਸੱਚਾ ਸੱਜਣ, ਮੀਤ, ਰਹਿਬਰ ਅਤੇ ਸਹਾਈ ਹੁੰਦਾ ਹੈ।

ਪੂਰਾ ਗੁਰੂ ਸਦਾ ਹੱਕ-ਹਲਾਲ ਦੀ ਕਮਾਈ ਕਰਦਾ ਹੈ। ਉਹ ਦਸਾਂ-ਨੌਹਾਂ ਦੀ ਕਿਰਤ ਕਰ ਕੇ ਆਪਣਾ ਅਤੇ ਆਪਣੇ ਬਾਲ-ਬੱਚੇ ਦਾ ਗੁਜ਼ਾਰਾ ਕਰਦਾ ਹੈ। ਉਹ ਦਾਤਾ ਹੁੰਦਾ ਹੈ, ਮੰਗਤਾ ਨਹੀਂ। ਕੋਈ ਵੀ ਪੂਰਾ ਗੁਰੂ ਕਦੇ ਕਿਸੇ ਹਾਲਤ ਵਿੱਚ ਆਪਣੇ ਗੁਜ਼ਾਰੇ ਲਈ ਜਾਂ ਕਿਸੇ ਜ਼ਾਤੀ ਲਾਭ ਲਈ ਸਿੱਖਾਂ-ਸੇਵਕਾਂ ਦੇ ਪੈਸੇ ਆਦਿ ਉੱਤੇ ਨਿਰਭਰ ਨਹੀਂ ਕਰਦਾ।

ਪੂਰਾ ਗੁਰੂ ਨਿਰਵੈਰ ਤੇ ਨਿਰਦੋਖ ਹੁੰਦਾ ਹੈ। ਉਹ ਸ਼ਾਂਤੀ ਅਤੇ ਨਿਮਰਤਾ ਦਾ ਪੁੰਜ ਹੁੰਦਾ ਹੈ। ਉਹ ਹਰਖ, ਸੋਗ, ਉਸਤਤ, ਨਿੰਦਾ, ਸ਼ੱਤਰੂ-ਮੀਤ ਆਦਿ ਦੀ ਦਵੈਤ ਤੋਂ ਮੁਕਤ ਹੁੰਦਾ ਹੈ। ਉਹ ਪਰਮੇਸ਼ਰ ਦੇ ਹੁਕਮ ਵਿੱਚ ਰਾਜ਼ੀ ਰਹਿੰਦਾ ਹੈ। ਉਸ ਕੋਲ ਜੀਵਾਂ ਨੂੰ ਕੁਲ-ਮਾਲਕ ਨਾਲ ਮਿਲਾਉਣ ਦੀ ਐਸੀ ਸੱਚੀ ਪੂਰਨ ਜੁਗਤੀ ਹੁੰਦੀ ਹੈ ਜਿਸ ਨਾਲ ਜੀਵ ਹਸੰਦਿਆ, ਖੇਡੰਦਿਆਂ, ਖਾਵਿੰਦਿਆਂ ਸਹਿਜੇ ਹੀ ਭਵ-ਸਾਗਰ ਸੰਸਾਰ ਤੋਂ ਪਾਰ ਹੋ ਜਾਂਦੇ ਹਨ।

## ਪੂਰੇ ਸਤਿਗੁਰੂ ਦੀ ਪਹਿਚਾਣ

1. *ਘਰ[1] ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ[2] ॥
ਪੰਚ[3] ਸਬਦ ਧੁਨਿਕਾਰ ਧੁਨਿ[4] ਤਹ ਬਾਜੈ ਸਬਦੁ ਨੀਸਾਣੁ[5] ॥
[6]ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
[7]ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥
[8]ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ[9] ਲਿਵ ਲਾਇ ॥
[10]ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥
[11]ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥
[12]ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥
ਸਭਿ ਸਖੀਆ ਪੰਚੇ[13] ਮਿਲੇ ਗੁਰਮੁਖਿ ਨਿਜਘਰਿ ਵਾਸੁ[14] ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥ (ਮ: 1—1290)

2. ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿਗੁਨ ਗਾਉ ॥ 1 ॥ (ਮ: 5—286)

3. ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ[15] ਬਿਨਸਿ ਜਾਇ ਹਰਿ[16] ਪਰਮਪਦੁ ਲਹੀਐ ॥ (ਮ: 4—168)

4. ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੈ ॥ (ਮ: 4, 304)

---

*ਇਹ ਸ਼ਲੋਕ ਗੁਰੂ ਸਾਹਿਬ ਦੀ ਮਲ੍ਹਾਰ ਰਾਗ ਦੀ ਵਾਰ ਦੇ ਨਾਲ ਆਉਂਦੇ ਹਨ। ਇਨ੍ਹਾਂ ਦੀ ਵਿਸਥਾਰ ਭਰੀ ਵਿਆਖਿਆ ਲਈ ਦੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਦਾ 'ਸੰਤ ਮਤ ਪ੍ਰਕਾਸ਼ ਭਾਗ ਦੂਜਾ' ਵਿੱਚ ਸਤਿਸੰਗ 'ਘਰ ਮਹਿ ਘਰੁ......' ਅਤੇ ਸੰਤ ਮਤ ਪ੍ਰਕਾਸ਼ ਭਾਗ ਪੰਜਵਾਂ ਵਿੱਚ ਸਤਿਸੰਗ 'ਪੰਚ ਸਬਦ ਤਹ ਪੂਰਨ ਨਾਦ।'

1. ਸਰੀਰ ਜਾ ਹਿਰਦੇ ਰੂਪੀ ਘਰ ਵਿੱਚ ਪਰਮੇਸਰ ਦੇ ਦਰਸਨ ਕਰਵਾ ਦਵੇ 2. ਸਿਆਣਾ 3. ਪੰਜ ਸਬਦ, ਪੰਜ ਮੰਡਲਾ ਦੇ ਸਬਦ 4. ਧੁਨਾਤਮਕ ਸਬਦ 5. ਸਬਦ ਦੀ ਧੌਂਸੇ ਵਰਗੀ ਆਵਾਜ਼ 6. ਉਸ ਅਵਸਥਾ ਵਾਲੇ ਨੂੰ ਇਹ ਸਾਰੇ ਹੈਰਾਨ ਕਰਦੇ ਹਨ 7. ਸਬਦ ਦੀ ਘਨਘੋਰ ਸਕਤੀਸਾਲੀ ਆਵਾਜ਼ ਹੈ ਅਤੇ ਸੱਚੇ ਤਖਤ 'ਤੇ ਪ੍ਰਮੇਸਰ ਬੈਠਾ ਹੈ, ਤਾਰ=ਉੱਚੀ ਸੁਰ, ਘੋਰ ਆਵਾਜ 8. ਇੜਾ ਤੇ ਪਿੰਗਲਾ ਦੇ ਦਰਮਿਆਨ ਸੁਖੁਮਨਾ ਦੇ ਰਸਤੇ ਜਾ ਕੇ 9. ਸੁੰਨ ਮੰਡਲ—ਰੂਹਾਨੀ ਸਫ਼ਰ ਦਾ ਇੱਕ ਮੰਡਲ, ਜਿੱਥੇ ਅਫੁਰ ਅਵਸਥਾ ਪੈਦਾ ਹੁੰਦੀ ਹੈ 10. ਸਬਦ ਦਾ ਅਭਿਆਸ ਕਰਨ ਨਾਲ ਮਨ ਦੇ ਵੇਗ ਬ੍ਰਹਮ ਵਿੱਚ ਲੀਨ ਹੋ ਕੇ ਪਿੱਛੇ ਹਟ ਜਾਂਦੇ ਹਨ 11. ਸੰਤਾ ਦਾ ਹਿਰਦਾ ਕੰਵਲ ਅੱਖਾ ਦੇ ਪਿੱਛੇ ਹੈ ਜਿਸ ਦੇ ਸਿੱਧਾ ਹੋਣ 'ਤੇ ਅੰਮ੍ਰਿਤ ਦਾ ਸੋਮਾਂ ਫੁੱਟ ਪੈਂਦਾ ਹੈ ਅਤੇ ਮਨ ਦੀ ਚੰਚਲਤਾ (ਭਟਕਣਾ) ਸਾਤ ਹੋ ਜਾਂਦੀ ਹੈ; ਸਗੋਂ ਮਨ ਇਸ ਕੰਵਲ ਉਤੇ ਮਸਤ ਹੋ ਜਾਦਾ ਹੈ 12. ਉਸ ਮੁੱਢਲੀ ਹਸਤੀ (ਪਰਮੇਸਰ) ਵਿੱਚ ਸਮਾ ਜਾਣ ਕਰਕੇ ਬਿਨਾਂ ਜੀਭ ਹਿਲਾਏ ਉਸ ਦਾ ਜਾਪ ਕਰਦਾ ਰਹਿੰਦਾ ਹੈ; ਸਬਦ ਜਾਂ ਨਾਮ ਨਾਲ ਇਕ-ਸੁਰ ਹੋ ਜਾਂਦਾ ਹੈ 13. ਪੰਜੇ ਧੁਨਾਂ 14. ਜਦ ਪੰਜੇ ਸਬਦ ਇੱਕ ਹੋ ਜਾਏ ਤਾਂ ਅਸੀਂ ਸੱਚ ਖੰਡ (ਆਦਿ ਘਰ) ਵਿੱਚ ਪਹੁੰਚ ਗਏ 15. ਦੋਹੀਂ ਪਾਸੀਂ ਦੌੜਨ ਦੀ ਪ੍ਰਵਿਰਤੀ ਦੂਰ ਹੋ ਜਾਏ 16. ਪ੍ਰਭੂ ਦੇ ਚਰਨਾਂ ਵਿੱਚ; ਜਿੱਥੇ ਤਕ ਆਦਮੀ ਉਨਤੀ ਕਰਦਾ ਹੋਇਆ ਪਹੁੰਚ ਸਕਦਾ ਹੈ।

5. ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ (ਮ: 2—148)
6. ਜਿਸ ਕਉ ਰਿਦੈ ਵਿਗਾਸੁ[17] ਹੈ ਭਾਉ[18] ਦੂਜਾ ਨਾਹੀ ॥
ਨਾਨਕ ਤਿਸੁ ਗੁਰ ਮਿਲਿ ਉਧਰੈ [19]ਹਰਿਗੁਣ ਗਾਵਾਹੀ ॥ (ਮ: 4—168)
7. ਪੂਰੇ ਗੁਰ ਤੇ ਮਹਲੁ[20] ਪਾਇਆ ਪਤਿ ਪਰਗਟੁ ਲੋਈ[21] ॥
ਨਾਨਕ ਅਨਹਦ[22] ਧੁਨੀ ਦਰਿ ਵਜਦੇ ਮਿਲਿਆ ਹਰੀ ਸੋਈ ॥(ਮ: 4,1228)
8. ਨਾਨਕ ਸਤਿਗੁਰਿ[23] ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ (522)
9. ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥
ਏਕ[24] ਨਦਰਿ ਕਰਿ ਵੇਖੈ ਸਭ ਊਪਰਿ [25]ਜੇਹਾ ਭਾਉ ਤੇਹਾ ਫਲੁ ਪਾਈਐ॥(602)
10. ਸਬਦੁ ਬੁਝਾਏ ਸਤਿਗੁਰੂ ਪੂਰਾ ॥ ਸਰਬ ਕਲਾ ਸਾਚੇ ਭਰਪੂਰਾ ॥
ਅਫਰਿਓ[26] ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ[27] ਹੇ । (1021)
11. ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ[28] ਅਉਗਣ ਕਟੇ ਕਰੇ ਸੁਧੁ ਦੇਹਾ ॥
ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ[29] ॥
12. ਐਸਾ ਸਤਿਗੁਰੁ ਲੋੜਿ ਲਹੁ ਜਿਦੂ[30] ਪਾਈਐ ਸਚੁ ਸੋਇ ॥ (ਮ: 5—960)
ਅਸੁਰ[31] ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥ (ਮ: 3—60)
13. ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥
ਹਰਿਨਾਮੋ ਮੰਤ੍ਰ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
[32]ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥ (957)
14. ਨਾਮਿ ਰਤਾ[33] ਸਤਿਗੁਰੂ ਹੈ ਕਲਿਜੁਗ ਬੋਹਿਥੁ[34] ਹੋਇ ॥
ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥ (ਮ: 3—552)
15. ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾ ਦਾਸੋ ॥ (ਮ: 1—938)

---

17. ਪ੍ਰਕਾਸ ਤੇ ਅਨੰਦ 18. ਦਵੈਤ ਭਾਵ 19. ਸਾਥੋਂ ਵੀ ਹਰੀ ਦੀ ਬੰਦਗੀ ਕਰਾਉਂਦਾ ਹੈ 20. ਪਰਮੇਸ਼ਰ ਦਾ ਘਰ (ਸਤਿ ਲੋਕ) 21. ਜਗਤ ਵਿੱਚ 22. ਸ਼ਬਦ ਧੁਨ ਜੋ ਸਾਡੇ ਸਰੀਰ ਵਿੱਚ ਹੋ ਰਹੀ ਹੈ । ਜਦ ਇਹ ਕਾਇਆ ਜਾਂ ਸਰੀਰ ਵਿੱਚ ਪ੍ਰਗਟ ਹੋ ਗਈ ਤਾਂ ਪ੍ਰਭੂ ਦਾ ਮਿਲਾਪ ਵੀ ਹੋ ਗਿਆ 23. ਪੂਰੇ ਸਤਿਗੁਰੂ ਨੂੰ ਮਿਲਣ ਨਾਲ ਜੀਵਨ ਦੀ ਸੱਚੀ ਜੁਗਤੀ ਦੀ ਪ੍ਰਾਪਤੀ ਹੋ ਜਾਂਦੀ ਹੈ 24. ਸਭਨਾਂ ਉੱਪਰ ਇਕੋ ਹੀ ਨਜ਼ਰ ਰੱਖਦਾ ਹੈ 25. ਜਿੰਨਾਂ ਪਿਆਰ ਕਰਦੇ ਹਾਂ, ਉਤਨਾ ਹੀ ਫਲ ਮਿਲਦਾ ਹੈ 26. ਜੋ ਫੜਿਆ ਨਾ ਜਾ ਸਕੇ, ਭਾਵ ਪਹੁੰਚ ਤੋਂ ਪਰੇ 27. ਲਾਲਚ 28. ਇੱਕੋ ਜਿਹੇ 29. ਪ੍ਰੇਮ 30. ਜਿਸ ਨਾਲ 31. ਦੈਂਤਾਂ ਭਾਵ ਪੰਜ ਵਿਕਾਰਾਂ ਆਦਿ ਨੂੰ ਮਾਰੇ 32. ਗੁਰੂ ਉਨ੍ਹਾਂ ਨੂੰ ਹੀ ਮਿਲਦਾ ਹੈ ਜਿਨ੍ਹਾਂ ਦਾ ਸੰਜੋਗ ਪਰਮੇਸ਼ਰ ਧੁਰੋਂ ਹੀ ਲਿਖਦਾ ਹੈ 33. ਰੰਗਿਆ ਹੋਇਆ 34. ਜਹਾਜ਼, ਤਾਰਨ ਵਾਲਾ ।

# ਸ਼ਬਦ

ਸ਼ਬਦ ਦੇ ਅਰਥ ਹਨ : ਆਵਾਜ਼, ਅੱਖਰ, ਕਲਾਮ, ਇਸਮ, ਜ਼ਮੀਰ, ਬਚਨ ਵਜ਼ਾਹਤ, ਇਜ਼ਹਾਰ, ਤਕਰੀਰ ਆਦਿਕ। ਜੋ ਬੋਲਿਆ ਜਾਵੇ, ਸੁਣਨ ਵਿੱਚ ਆਵੇ, ਜੋ ਕਿਸੇ ਗੁਪਤ ਭੇਦ ਦੇ ਪ੍ਰਗਟ ਕਰਨ ਦੀ ਸਮਰੱਥਾ ਰੱਖਦਾ ਹੋਵੇ, ਉਹ ਸ਼ਬਦ ਹੈ। ਪਰ ਗੁਰਬਾਣੀ ਵਿੱਚ ਤੇ ਹੋਰ ਸੰਤਾਂ-ਮਹਾਤਮਾਂ ਦੀਆਂ ਰਚਨਾਵਾਂ ਵਿੱਚ ਸ਼ਬਦ ਦੇ ਅਰਥ ਬੜੇ ਡੂੰਘੇ ਤੇ ਵਿਸ਼ੇਸ਼ ਹਨ।

ਸ਼ਬਦ ਪਰਮੇਸ਼ਰ ਦੀ ਰਚਨਾਤਮਕ ਸ਼ਕਤੀ ਹੈ; ਜਾਂ ਇਉਂ ਕਹੋ ਕਿ ਕੁਲ ਮਾਲਕ ਦਾ ਹੀ ਦੂਜਾ ਨਾਉਂ ਸ਼ਬਦ ਹੈ। ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਸ਼ਬਦ ਗੁਪਤ ਸੀ। ਉਸ ਸਮੇਂ ਇਹ ਆਪਣੇ ਆਪ ਵਿੱਚ ਹੀ ਸਥਿਤ ਸੀ। ਉਸ ਨੂੰ ਅਸ਼ਬਦ, ਅਨਾਮ, ਅਲੱਖ, ਅਗੰਮ, ਅਕਹਿ ਜਾਂ ਅਕੱਥ ਕਿਹਾ ਜਾ ਸਕਦਾ ਹੈ।

ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ, ਨਾ ਕੋਈ ਸੂਰਜ ਸੀ, ਨਾ ਚੰਦ ਤੇ ਨਾ ਆਕਾਸ਼। ਉਸ ਸਮੇਂ ਸ਼ਬਦ ਨਿਰਾਕਾਰ ਸੀ। ਇਹ ਸ਼ਬਦ ਮਹਾਂ-ਚੇਤਨ ਹੈ—ਬਾਕੀ ਸਭ ਕੁਝ ਜੜ ਹੈ। ਸਭ ਚੀਜ਼ਾਂ ਸ਼ਬਦ ਦੇ ਆਧਾਰ 'ਤੇ ਹਰਕਤ ਵਿੱਚ ਹਨ। ਕੋਈ ਚੀਜ਼ ਇਸ ਦੀ ਸਹਾਇਤਾ ਤੋਂ ਬਿਨਾਂ ਬਣ ਨਹੀਂ ਸਕਦੀ। ਇਸ ਰਚਨਾ ਵਿੱਚ ਨਿਹਚਲ ਤੇ ਸਾਰ ਵਸਤੂ ਸ਼ਬਦ ਹੀ ਹੈ ਤੇ ਉਹੀ ਸਭ ਉਤਪਤੀ ਤੇ ਪ੍ਰਲਯ ਦਾ ਕਾਰਨ ਹੈ। ਸ਼ਬਦ ਸਭ ਦਾ ਕਾਰਨ ਹੈ ਤੇ ਸਾਰੀ ਪੈਦਾਇਸ਼ ਉਸ ਦਾ ਕਾਰਜ ਹੈ। ਸਭ ਮਜ਼੍ਹਬਾਂ ਦੀਆਂ ਧਰਮ ਪੁਸਤਕਾਂ ਵਿੱਚ ਸ਼ਬਦ ਨੂੰ ਹੀ ਇਸ ਸ੍ਰਿਸ਼ਟੀ ਦਾ ਕਰਤਾ ਮੰਨਿਆ ਗਿਆ ਹੈ। ਵੇਦ ਦੱਸਦੇ ਹਨ ਕਿ ਸਭ ਰਚਨਾ 'ਨਾਦ' ਤੋਂ ਜ਼ਹੂਰ ਵਿੱਚ ਆਈ। ਕੁਰਾਨ ਸ਼ਰੀਫ ਵਿੱਚ ਕਲਮੇ ਤੋਂ ਚੌਦਾਂ ਤਬਕਾਂ ਦੇ ਬਣਨ ਦਾ ਜ਼ਿਕਰ ਹੈ। ਅੰਜੀਲ ਵਿੱਚ ਵੀ ਸ਼ਬਦ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਹੋਈ ਮੰਨੀ ਗਈ ਹੈ।

ਸ਼ਬਦ ਦੋ ਪ੍ਰਕਾਰ ਦਾ ਹੈ: ਕ੍ਰਿਤ੍ਰਿਮ ਜਾਂ ਵਰਣਾਤਮਕ ਤੇ ਅਨਹਦ ਜਾਂ ਧੁਨਾਤਮਕ। ਜਿਹੜਾ ਸ਼ਬਦ ਲਿਖਣ, ਪੜ੍ਹਨ, ਬੋਲਣ ਵਿੱਚ ਆਉਂਦਾ ਹੈ ਉਸਨੂੰ ਵਰਣਾਤਮਕ ਕਿਹਾ ਜਾਂਦਾ ਹੈ। ਕ੍ਰਿਤ੍ਰਿਮ ਸ਼ਬਦਾਂ ਵਿੱਚ ਪਰਮੇਸ਼ਰ ਦੇ ਉਹ ਅਨੇਕ ਨਾਂ ਸ਼ਾਮਲ ਹਨ ਜੋ ਵੱਖ-ਵੱਖ ਮਜ਼੍ਹਬਾਂ, ਮੁਲਕਾਂ ਦੇ ਮਹਾਤਮਾਂ ਨੇ ਮਾਲਕ ਦੇ ਪਿਆਰ ਵਿੱਚ ਰੱਖੇ ਹਨ। ਅਸੀਂ ਹਜ਼ਾਰਾਂ ਲਫਜ਼ਾਂ (ਸ਼ਬਦਾਂ) ਰਾਹੀਂ ਪਰਮੇਸ਼ਰ ਦੀ ਉਪਮਾ ਕਰਦੇ ਹਾਂ। ਇਹ ਸਭ ਪਰਮੇਸ਼ਰ ਦੇ ਅਨੰਤ ਗੁਣਾਂ ਦਾ ਗਾਇਣ ਕਰਨ ਲਈ ਅਪਣਾਏ ਗਏ ਸਿਫ਼ਾਤੀ ਨਾਮ ਜਾਂ ਵਰਣਾਤਮਕ ਸ਼ਬਦ ਹਨ। ਇਸ ਤੋਂ ਉਲਟ ਦੂਸਰਾ ਸ਼ਬਦ ਜਿਸ ਨੂੰ ਧੁਨਾਤਮਕ ਸ਼ਬਦ, ਅਨਹਦ ਸ਼ਬਦ, ਸੱਚਾ ਸ਼ਬਦ ਆਦਿ ਕਹਿ ਕੇ ਬਿਆਨ ਕੀਤਾ ਗਿਆ ਹੈ, ਪਰਮੇਸ਼ਰ ਦੀ ਰਚਨਾਤਮਿਕ ਸ਼ਕਤੀ ਦਾ ਸੂਚਕ ਹੈ। ਧੁਨਾਤਮਕ ਸ਼ਬਦ

ਮਹਾਂ-ਚੇਤਨ ਅਤੇ ਅਪਰ-ਅਪਾਰ ਹੈ। ਇਹ ਨਾ ਬਾਹਰਲੇ ਕੰਨਾਂ ਦੁਆਰਾ ਸੁਣਿਆ ਜਾ ਸਕਦਾ ਹੈ, ਨਾ ਜ਼ਬਾਨ ਨਾਲ ਬੋਲਿਆ ਜਾ ਸਕਦਾ ਹੈ, ਤੇ ਨਾ ਹੀ ਲਿਖਣ-ਪੜ੍ਹਨ ਵਿੱਚ ਆ ਸਕਦਾ ਹੈ। ਇਹ ਸਥੂਲ ਇੰਦ੍ਰੀਆਂ ਦਾ ਵਿਸ਼ਾ ਨਹੀਂ। ਇਹ ਕੇਵਲ ਸੁਰਤਿ ਦਿਆਂ ਕੰਨਾਂ ਨਾਲ ਅਤੇ ਨਿਰਤ[1] ਦੀਆਂ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ। ਧੁਨਾਤਮਕ ਸ਼ਬਦ ਮਾਲਿਕ ਦੀ ਪਰਿਪੂਰਨ ਸ਼ਕਤੀ ਹੈ, ਜਿਹੜੀ ਖੰਡਾਂ-ਬ੍ਰਹਿਮੰਡਾਂ ਨੂੰ ਲਈ ਖੜੀ ਹੈ। ਇਹ ਜੀਵਨ-ਧਾਰਾ ਹੈ, ਜੋ ਮਾਲਿਕ ਤੋਂ ਨਿੱਕਲ ਕੇ ਸਭ ਅੰਦਰ ਰਮ ਰਹੀ ਹੈ। ਇਸੇ ਦੇ ਆਸਰੇ ਜੀਵ ਆਪਣੇ ਨਿਜ-ਘਰ ਅਤੇ ਕੁਲ-ਮਾਲਿਕ ਤਕ ਰਸਾਈ ਕਰ ਸਕਦਾ ਹੈ। ਉਸ ਮਾਲਿਕ ਦੀਆਂ ਧਾਰਾਂ ਰੇਡੀਆਈ ਲਹਿਰਾਂ ਵਾਂਗ ਸਭ ਪਾਸੇ ਪੱਸਰ ਰਹੀਆਂ ਹਨ ; ਅਤੇ ਹਰ ਪਾਸੇ ਉਸ ਮਾਲਿਕ ਦੇ ਰੂਹਾਨੀ ਰਾਗ ਹੋ ਰਹੇ ਹਨ। ਜਦ ਤਕ ਸਾਡੀ ਰੂਹ ਪੂਰੀ ਤਰ੍ਹਾਂ ਇਕਾਗਰ ਹੋ ਕੇ ਉਸ ਨਾਲ ਇਕ-ਸੁਰ ਨਾ ਹੋਵੇ ਅਸੀਂ ਉਨ੍ਹਾਂ ਰਾਗਾਂ ਨੂੰ ਨਹੀਂ ਸੁਣ ਸਕਦੇ। ਜਿਉਂ-ਜਿਉਂ ਅਸੀਂ ਸੂਖਮ ਹੁੰਦੇ ਜਾਂਦੇ ਹਾਂ, ਉਹ ਧੁਨਾਂ ਸਾਨੂੰ ਸਾਫ਼ ਸੁਣਾਈ ਦੇਣ ਲੱਗ ਜਾਂਦੀਆਂ ਹਨ। ਜਦ ਆਤਮਾ ਪੂਰੀ ਤਰ੍ਹਾਂ ਸਰੀਰ ਦੇ ਨੌਂ ਦੁਆਰਿਆਂ ਤੋਂ ਸਿਮਟ ਕੇ ਦਸਵੀਂ ਗਲੀ ਵਿੱਚ ਆ ਜਾਂਦੀ ਹੈ, ਤਾਂ ਸ਼ਬਦ ਨਾਲ ਮਿਲਾਪ ਹੋ ਜਾਂਦਾ ਹੈ। ਏਥੇ ਪਹੁੰਚ ਕੇ ਸੁਰਤਿ ਨੂੰ ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਨਿਰਤ ਨੂੰ ਸ਼ਬਦ ਦਾ ਪ੍ਰਕਾਸ਼ ਦਿਖਾਈ ਦਿੰਦਾ ਹੈ। ਇਸ ਆਵਾਜ਼ ਅਤੇ ਪ੍ਰਕਾਸ਼ ਦੀ ਸਹਾਇਤਾ ਨਾਲ ਆਪਣਾ ਰੂਹਾਨੀ ਸਫ਼ਰ ਤੈਅ ਕਰਦੀ ਹੋਈ ਆਤਮਾ ਵਾਪਸ ਨਿੱਜ-ਘਰ ਜਾਂ ਸੱਚ ਖੰਡ ਪਹੁੰਚ ਜਾਂਦੀ ਹੈ।

ਇਸ ਸੱਚੇ ਸ਼ਬਦ ਨੂੰ ਗੁਰੂ ਸਾਹਿਬਾਨ ਨੇ ਸੱਚ, ਅਟੱਲ, ਅਬਿਨਾਸ਼ੀ ਕਿਹਾ ਹੈ। ਇਸ ਨੂੰ 'ਨਾਮ', 'ਹੁਕਮ', 'ਅਕਥ-ਕਥਾ', 'ਅਜਪਾ-ਜਾਪ', 'ਸਾਰ ਪਦਾਰਥ', 'ਅੰਮ੍ਰਿਤ', 'ਮਹਾਂ-ਰਸ', 'ਅਨਹਦ ਸ਼ਬਦ', 'ਪੰਚ-ਸ਼ਬਦ', 'ਨਿਰਮਲ-ਨਾਦ', 'ਗੁਰ ਕੀ ਬਾਣੀ', 'ਧੁਰ ਕੀ ਬਾਣੀ', 'ਸੱਚੀ ਬਾਣੀ' ਆਦਿ ਅਨੇਕ ਨਾਵਾਂ ਨਾਲ ਯਾਦ ਕੀਤਾ ਹੈ ਅਤੇ ਇਸੇ ਦੀ ਕਮਾਈ ਨੂੰ ਸਭ ਕਰਨੀਆਂ ਦਾ ਸਾਰ ਅਤੇ ਸੱਚੀ ਮੁਕਤੀ-ਦਾਤਾ ਕਿਹਾ ਹੈ। ਸ਼ਬਦ ਦੀ ਕਮਾਈ ਨਾਲ ਹਿਰਦੇ-ਕੰਵਲ ਵਿਗਸਦਾ ਹੈ, ਪੰਜ-ਦੂਤ (ਵਿਕਾਰ) ਵੱਸ ਆਉਂਦੇ ਹਨ, ਮਨ-ਮਾਇਆ ਅਤੇ ਕਾਲ ਦੀ ਤ੍ਰਿਗੁਣੀ ਅਵਸਥਾ ਤੋਂ ਮੁਕਤ ਹੋ ਕੇ ਜੀਵ ਚੌਥੇ ਪਦ ਦੀ ਪੂਰਨ ਆਨੰਦ ਅਤੇ ਸਦੀਵੀ ਖੇੜੇ ਵਾਲੀ ਸਹਿਜ ਅਵਸਥਾ ਪ੍ਰਾਪਤ ਕਰਦਾ ਹੈ। ਇਸ ਸ਼ਬਦ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਤਦ ਹੁੰਦੀ ਹੈ ਜੇ ਜੀਵ ਦੇ ਧੁਰ-ਕਰਮ ਵਿੱਚ ਲਿਖਿਆ ਹੋਵੇ। ਅਕਾਲਪੁਰਖ ਦੀ ਦਇਆ-ਮਿਹਰ ਨਾਲ ਪੂਰੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ, ਜੋ ਸੁਰਤਿ ਸ਼ਬਦ ਦੇ ਅਭਿਆਸ

1. ਆਤਮਾ ਦੀ ਸੁਣਨ ਦੀ ਸ਼ਕਤੀ ਨੂੰ ਸੁਰਤਿ ਅਤੇ ਦੇਖਣ ਦੀ ਸ਼ਕਤੀ ਨੂੰ ਨਿਰਤ ਕਿਹਾ ਜਾਂਦਾ ਹੈ।

ਦੀ ਜੁਗਤੀ ਦੱਸਦਾ ਹੈ, ਜਿਸ ਨਾਲ ਜੀਵ ਸੱਚ-ਖੰਡ ਪਹੁੰਚਣ ਦੇ ਕਾਬਲ ਬਣ ਜਾਂਦਾ ਹੈ : 'ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤ ਲਾਏ ॥' (ਮ: 3, ਪੰ. 110)

ਪੂਰਨ ਗੁਰੂ ਸ਼ਬਦ ਸਰੂਪ ਹੁੰਦਾ ਹੈ ਅਤੇ ਕੇਵਲ ਉਹੀ ਸ਼ਬਦ ਦਾ ਦਾਤਾ ਹੁੰਦਾ ਹੈ। ਬਿਨਾਂ ਪੂਰਨ ਸਤਿਗੁਰੂ ਦੇ ਸ਼ਬਦ ਅੰਦਰ ਨਹੀਂ ਟਿਕ ਸਕਦਾ : 'ਗੁਰ ਕਾ ਸਬਦ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ।' (ਮ: 3, ਪੰ:1249) ਪੂਰੇ ਸਤਿਗੁਰੂ ਦੇ ਸਿੱਖ ਸ਼ਬਦ ਨਾਲ ਜੁੜ ਕੇ ਸ਼ਬਦ-ਰੂਪ ਹੋ ਜਾਂਦੇ ਹਨ, ਪਰ ਗੁਰੂ-ਵਿਹੂਣੇ ਮਨਮੁੱਖ ਸਦਾ ਮਨ-ਮਾਇਆ ਦੇ ਵੱਸ ਰਹਿੰਦੇ ਹਨ ਅਤੇ ਆਵਾਗੌਣ ਦੇ ਚੱਕਰ ਵਿੱਚ ਫਸੇ ਰਹਿੰਦੇ ਹਨ।

1. ਸੁ ਸਬਦ[1] ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥
   ਤ੍ਰੈ ਸਤ[2] ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥ (ਮ: 1—944)
2. [3]ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥
   ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ[4] ॥ (ਓਹੀ)
3. ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ॥
   ਚਿਹਨੁ ਵਰਨੁ[5] ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥ (ਓਹੀ)
4. [6]ਤ੍ਰੈ ਗੁਣ ਮੇਟੇ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
   ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿਨਾਮਿ ਲਗੈ ਪਿਆਰੋ ॥
   ਸੁਖਮਨਾ[7] ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
   ਨਾਨਕ ਤਿਹੁ[8] ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥ (ਮ: 1—944)
5. [9]ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥
   [10]ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥ (ਓਹੀ)
6. ਕਾਇਆ ਸੋਧਿ ਤਰੈ ਭਵ[11] ਸਾਗਰੁ ਆਤਮ ਤਤੁ ਵੀਚਾਰੀ ॥

---

1. ਜੋਗੀਆਂ ਦਾ ਪ੍ਰਸ਼ਨ ਹੈ 2. ਜੋਗੀ ਇਹ ਮੰਨਦੇ ਹਨ ਕਿ ਜਦ ਸਾਹ ਲਈਦਾ ਹੈ ਤਾਂ ਹਵਾ ਤਿੰਨ+ਸਤ, ਦਸ ਉਂਗਲਾਂ ਤੀਕ ਨਾਸਾਂ ਤੋਂ ਬਾਹਰ ਜਾਂਦੀ ਹੈ। ਇਸ ਲਈ ਪੁੱਛਦੇ ਹਨ ਕਿ ਜਿਸ ਨੂੰ ਦਸ ਉਂਗਲ ਪ੍ਰਮਾਣ ਸੁਆਸ ਕਹੀਦਾ ਹੈ ਉਸ ਦਾ ਦੱਸੋ ਆਸਰਾ ਕੀ ਹੈ, ਜੋ ਸੱਤਾ ਅੰਦਰੋਂ ਬੋਲਦੀ ਹੈ ਉਹ ਕਿਵੇਂ ਅਸਥਿਰ ਹੋਵੇ ਅਤੇ ਅਲੱਖ ਹਰੀ ਦੇ ਦਰਸ਼ਨ ਕਰੇ ? 3. ਗੁਰੂ ਜੀ ਕਹਿੰਦੇ ਹਨ ਉਹ ਸ਼ਬਦ ਜਾਂ ਨਾਮ ਸੱਭ ਵਿੱਚ ਪੂਰਨ ਹੈ 4. ਉਹ ਆਪਣੀ ਕਲਾ ਰਹਿਤ ਕਲਾ ਨਾਲ ਪਵਨ ਵਾਂਗ ਹਰ ਜਗ੍ਹਾ ਰਮਿਆ ਹੋਇਆ ਹੈ 5. ਜਿਸ ਵਾਹਿਗੁਰੂ ਦੀ ਕੋਈ ਜਾਤ-ਪਾਤ, ਰੰਗ-ਰੂਪ ਨਹੀਂ 6. ਰਜੋ, ਸਤੋ, ਤਮੋ ਤਿੰਨਾਂ ਗੁਣਾਂ ਦੇ ਪ੍ਰਭਾਵ ਤੋ ਮੁਕਤ ਹੋ ਕੇ ਸਮਦਰਸ਼ੀ ਹੋ ਜਾਵੇ, ਸਹਿਜ ਵਿੱਚ ਪਹੁੰਚ ਜਾਵੇ 7. ਸੁਖਮਨਾ, ਇੜਾ ਅਤੇ ਪਿੰਗਲਾ ਦਾ ਪੂਰਾ ਗਿਆਨ ਪ੍ਰਾਪਤ ਕਰ ਕੇ 8. ਸ਼ਬਦ ਇਨ੍ਹਾਂ ਤਿੰਨਾਂ ਨਾੜੀਆਂ ਦੀ ਪਹੁੰਚ ਤੋਂ ਪਰੇ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ 9. ਉਹ ਸ਼ਬਦ ਜੋ ਨਿਰੰਤਰ (ਸਭ ਵਿੱਚ) ਹੈ, ਆਪਣੇ ਹਿਰਦੇ ਵਿੱਚ ਆਵੇ ਤਾਂ ਤਿੰਨਾ ਭਵਨਾਂ ਵਿੱਚ ਵੱਸਣ ਵਾਲੀ ਜੋਤ ਸ਼ਬਦ ਦੁਆਰਾ ਲੱਭ ਪੈਂਦੀ ਹੈ 10. ਸੱਚੇ ਵਾਹਿਗੁਰੂ ਦੀ ਭੁੱਖ ਦੁੱਖਾਂ ਨੂੰ ਖਾਂਦੀ ਹੈ 11. ਸੰਸਾਰ-ਸਮੁੰਦਰ।

ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ[12] ਰਵਿਆ ਗੁਣਕਾਰੀ ॥
(ਮ: 1—908)

7. [13]ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ[14] ॥
ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ[15] ॥ (ਮ: 1—908)

8. ਸਬਦਿ ਮਰੈ ਮਨੁ ਮਾਰੈ ਅਉਧੂ ਜੋਗ ਜੁਗਤਿ ਵੀਚਾਰੀ ॥
ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥
ਸਬਦਿ[16] ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥
ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ[17] ਸਬਦਿ ਵੀਚਾਰੀ ॥ (ਮ: 1,908)

9. ਜੀਆ ਅੰਦਰਿ [18]ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥
ਬਿਨੁ ਸਬਦੈ ਜਗਿ ਆਨ੍ੇਰੁ ਹੈ ਸਬਦੇ ਪਰਗਟੁ ਹੋਇ ॥ (ਮ: 3—1250)

10. ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥
ਸਬਦੈ ਹੀ ਤੇ ਪਾਈਐ ਹਰਿਨਾਮੇ ਲਗੈ ਪਿਆਰੁ ॥ (ਮ: 1—58)

11. [19]ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥ (ਮ: 1—635)

12. ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ[20] ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
(ਮ: 3—601)

13. ਬਿਨੁ ਸਬਦੈ ਸਭੁ ਜਗੁ ਬਉਰਾਨਾ[21] ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ (ਮ: 3—644)

14. ਸਾਹਿਬੁ ਮੇਰਾ ਸਦਾ ਹੈ ਦਿਸੈ[22] ਸਬਦੁ ਕਮਾਇ ॥
ਓਹੁ ਅਉਹਾਣੀ[23] ਕਦੇ ਨਾਹਿ[24] ਨਾ ਆਵੈ ਨਾ ਜਾਇ ॥ (ਮ: 3—509)

15. ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ (ਮ: 3—27)

16. ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ ॥

---

12. ਗੁਰ-ਸੇਵਾ ਨਾਲ ਅੰਦਰ ਗੁਣਕਾਰੀ ਸ਼ਬਦ ਸਮਾ ਗਿਆ 13. ਗੁਰਮੁਖ ਦਾ ਜੋਗ ਇਹ ਹੈ ਕਿ ਉਸਨੇ ਸ਼ਬਦ ਦੁਆਰਾ ਆਤਮਾ ਨੂੰ ਖੋਜਣਾ ਹੈ 14. (ਮੁਰ ਰਾਖਸ਼ ਦਾ ਵੈਰੀ, ਕ੍ਰਿਸ਼ਨ) ਵਾਹਿਗੁਰੂ 15. ਸ੍ਰੇਸ਼ਟ 16. ਸ਼ਬਦ ਦੁਆਰਾ ਉਹ ਚਾਰ ਜੁਗਾਂ ਦੇ ਸੂਰਮੇ ਹੋਏ ਹਨ 17. ਨਿਕਲਦਾ ਹੈ 18. ਸ਼ਬਦ ਹੀ ਜੀਵਨ ਹੈ 19. ਨਾਮ ਗੁਰੂ ਪੀਰ ਹੈ, ਮਹਾਨ ਡੂੰਘਾ ਸ਼ਾਂਤੀ ਰੂਪ ਹੈ, ਨਾਮ ਤੋਂ ਬਿਨਾਂ ਜਗਤ ਪਾਗਲ ਹੋਇਆ ਪ੍ਰਤੀਤ ਹੁੰਦਾ ਹੈ, ਜਿਸ ਦਾ ਚਿੱਤ ਸੱਚ ਨੂੰ ਮੰਨਦਾ ਹੈ ਉਹ ਪੂਰਾ ਬੈਰਾਗੀ ਹੈ ਅਤੇ ਵੱਡੇ ਭਾਗਾਂ ਵਾਲਾ ਹੈ 20. ਉਨ੍ਹਾਂ ਦਾ ਸੰਸਾਰ ਵਿੱਚ ਆਉਣਾ ਨਿਹਫਲ ਹੈ 21. ਪਾਗਲ 22. (ਮਾਲਕ ਦੇ) ਦਰਸ਼ਨ ਤਾਂ ਹੁੰਦੇ ਹਨ ਜੇ ਸ਼ਬਦ ਕਮਾਏ 23. ਨਾਸ਼ਮਾਨ 24. ਮਰਨ-ਜੰਮਣ ਤੋਂ ਉੱਪਰ ਉੱਠ ਜਾਂਦਾ ਹੈ ।

ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥ (ਮ: 3—910)

17. ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥
(ਮ: 3—601)

18. ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥
ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥ (ਮ: 1—55)

19. ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥
ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥ (ਮ: 1, 1126)

20. ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋ ਮੰਨਿ ਵਸਾਏ ॥ (ਮ: 1—944)

21. ਬਿਨੁ ਸਬਦੈ ਰਸੁ ਨ ਆਵੈ ਅਉਧੂ[25] ਹਉਮੈ ਪਿਆਸ ਨ ਜਾਈ ॥
ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ[26] ॥ (ਮ: 1—945)

22. ਬਿਨੁ ਸਬਦੈ ਜਗਤੁ ਬਰਲਿਆ[27] ਕਹਣਾ ਕਛੂ ਨ ਜਾਇ ॥
ਹਰਿ ਰਖੇ ਸੇ ਉਬਰੇ[28] ਸਬਦਿ ਰਹੇ ਲਿਵ ਲਾਇ ॥ (ਮ: 3—1417)

23. ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥
ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥ (ਮ: 3—35)

24. ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥
ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ ॥
(ਮ: 3—910)

25. ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥
ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥ (ਮ: 3—426)

26. ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥
ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥
(ਮ: 3—1249)

27. ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥
ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥ (ਮ: 3—651)

28. ਸਬਦੁ ਵੀਚਾਰੀ ਕਰਣੀ ਸਾਰੀ ਰਾਮਨਾਮੁ ਨੀਸਾਣੋ ॥
ਨਾਮ ਬਿਨਾ ਖੋਟੇ ਨਹੀ ਠਾਹਰ[29] ਨਾਮੁ ਰਤਨੁ ਪਰਵਾਣੋ ॥ (ਮ: 1—765)

29. ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥

---

25. ਹੇ ਜੋਗੀ (ਗੁਰੂ ਜੀ ਜੋਗੀ ਨੂੰ ਉੱਤਰ ਦੇਂਦੇ ਹਨ) 26. ਰੱਜੇ 27. ਬੌਂਦਲਿਆ, ਝੱਲਾ ਹੋਇਆ 28. ਬੱਚ ਗਏ 29. ਥਾਂ ।

ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ (ਮ: 3—67)

30. ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥
ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥ (ਮ: 3—67)

31. ਦੂਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ ॥
ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ ॥ (ਮ: 3—1413)

32. [30]ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥
[31]ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥ (ਮ: 1—680)

33. ਸੁਣ ਸਜਣ ਜੀ ਮੈਡੜੇ ਮੀਤਾ ਰਾਮ ॥
ਗੁਰ ਮੰਤਰ ਸਬਦ ਸਚ ਦੀਤਾ ਰਾਮ ॥ (ਮ: 5—531)

## ਸੁਰਤਿ-ਸ਼ਬਦ

ਗੁਰਬਾਣੀ ਵਿੱਚ 'ਸੁਰਤਿ' ਨੂੰ ਧਿਆਨ, ਹੋਸ਼, ਤਵੱਜੋ, ਰੂਹ, ਅਤੇ ਆਤਮਾ ਦੀ ਸ਼ਬਦ ਸੁਣਨ ਦੀ ਸ਼ਕਤੀ ਦੇ ਅਰਥਾਂ ਵਿੱਚ ਵਰਤਿਆ ਗਿਆ ਹੈ। ਸੁਰਤਿ ਸਾਡੀ ਹਸਤੀ ਦਾ ਮਹੱਤਵਪੂਰਨ ਪਹਿਲੂ ਹੈ। ਮਨ-ਇੰਦਰੀਆਂ ਜੜ ਹਨ ਅਤੇ ਜਦ ਤਕ ਸੁਰਤਿ ਨੌਂ-ਦੁਆਰਿਆਂ ਵਿੱਚ ਨਹੀਂ ਉੱਤਰਦੀ, ਸਰੀਰ ਦੇ ਅੰਗ ਹਰਕਤ ਵਿੱਚ ਨਹੀਂ ਆ ਸਕਦੇ। ਜਦ ਤਕ ਸੁਰਤਿ ਸਰੀਰ ਵਿੱਚ ਹੈ ਜੀਵ ਸਰੀਰ ਅਤੇ ਸੰਸਾਰ ਨਾਲ ਬੱਝਾ ਹੋਇਆ ਹੈ। ਜਦ ਇਹ ਸੁਰਤਿ ਨੂੰ ਨੌਂ-ਦੁਆਰਿਆਂ ਤੋਂ ਉਪਰ ਆਤਮਿਕ ਮੰਡਲਾਂ ਵਿੱਚ ਖਿੱਚ ਲੈਂਦਾ ਹੈ, ਤਾਂ ਜੀਵ ਆਪਣੇ ਆਪ ਹੀ ਸਰੀਰ ਅਤੇ ਸੰਸਾਰ ਤੋਂ ਉੱਪਰ ਉੱਠ ਜਾਂਦਾ ਹੈ।

ਧੁਨਾਤਮਕ ਸ਼ਬਦ ਜਾਂ ਸੱਚਾ ਸ਼ਬਦ ਪਰਮੇਸ਼ਰ ਦਾ ਹੀ ਦੂਜਾ ਨਾਮ ਹੈ। ਰਚਨਾ ਦੇ ਆਦਿ ਵਿੱਚ ਸ਼ਬਦ ਸੀ ਅਤੇ ਸਾਰੀ ਰਚਨਾ ਸ਼ਬਦ ਤੋਂ ਹੀ ਬਣੀ ਹੈ। ਆਦਿ ਵਿੱਚ ਸੁਰਤਿ (ਆਤਮਾ) ਵੀ ਸ਼ਬਦ ਵਿੱਚ ਸੀ ਅਤੇ ਰਚਨਾ ਸਮੇਂ ਇਹ ਸ੍ਰਿਸ਼ਟੀ ਵਿੱਚ ਉੱਤਰੀ। ਸ਼ਬਦ ਕੁਲ-ਮਾਲਕ ਰੂਪੀ ਸਮੁੰਦਰ ਦੀ ਲਹਿਰ ਹੈ ਅਤੇ ਸੁਰਤਿ ਜਾਂ ਆਤਮਾ ਇਸ ਦੀ ਇਕ ਬੂੰਦ ਹੈ।

ਸ਼ਬਦ ਸੱਚ ਖੰਡ ਤੋਂ ਉੱਠ ਕੇ ਰਚਨਾ ਦੇ ਕਣ-ਕਣ ਵਿੱਚ ਸਮਾਇਆ ਹੋਇਆ ਹੈ ਅਤੇ ਇਹ ਹਰ ਜੀਵ ਦੇ ਅੰਦਰ ਵੀ ਰਮਿਆ ਹੋਇਆ ਹੈ। ਕਬੀਰ ਸਾਹਿਬ ਕਹਿੰਦੇ ਹਨ ਮਾਲਕ ਦੀ ਦਰਗਾਹ 'ਚੋਂ ਉਠ ਰਹੀ ਸ਼ਬਦ ਦੀ ਸਹਿਜ-ਧੁਨਿ ਮੇਰੇ

30. ਤੇਰੇ ਰੂਪ ਵਿੱਚ ਮਹਾਂ ਅਨੰਦ, ਖੁਸ਼ੀਆਂ ਹਨ, ਤੇਰੇ ਬਚਨ ਸੁੰਦਰ ਅਤੇ ਸੁਆਦਲੇ ਹਨ
31. ਇਸੇ ਲਈ ਦਿਲ ਵਿੱਚ ਸਤਿਗੁਰੂ ਦੇ ਚਰਨਾਂ ਦਾ ਧਿਆਨ ਕੀਤਾ ਹੈ, ਅਤੇ ਗੁਰੂ ਦੇ ਸ਼ਬਦ ਦਾ ਪ੍ਰੇਮ ਪੱਲੇ ਬੱਧਾ ਹੈ।

ਮੱਥੇ ਵਿੱਚ ਧੁਨਕਾਰਾਂ ਦੇ ਰਹੀ ਹੈ : 'ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ।' (ਕਬੀਰ, ਪੰ. 970)

ਸੁਰਤਿ ਵਿੱਚ ਆਪਣੇ ਸੋਮੇਂ (ਸ਼ਬਦ) ਵੱਲ ਕੁਦਰਤੀ ਖਿੱਚ ਹੈ ਅਤੇ ਸ਼ਬਦ ਵੀ ਮਿਕਨਾਤੀਸ ਦੀ ਤਰ੍ਹਾਂ ਸੁਰਤਿ ਨੂੰ ਆਪਣੇ ਵਲ ਖਿੱਚ ਸਕਣ ਦੇ ਸਮਰੱਥ ਹੈ। ਪਰੰਤੂ ਜਦ ਤਕ ਸੁਰਤਿ ਸਰੀਰ ਅਤੇ ਮਨ ਦੀ ਕੈਦ ਵਿੱਚ ਹੈ, ਇਹ ਜਗਤ ਵਿੱਚ ਫੈਲੀ ਹੋਈ ਹੈ, ਸ਼ਬਦ ਇਸਨੂੰ ਆਪਣੇ ਵਲ ਨਹੀਂ ਖਿੱਚ ਸਕਦਾ । ਜਦ ਜੀਵ ਗੁਰੂ ਦੀ ਮਤ ਅਨੁਸਾਰ ਸਰੀਰ ਦੇ ਰੋਮ-ਰੋਮ ਵਿੱਚ ਰਮੀ ਹੋਈ ਸੁਰਤਿ ਨੂੰ ਨੌਂ-ਦੁਆਰਿਆਂ 'ਚੋਂ ਸਮੇਟ ਕੇ ਉੱਪਰ ਲਿਆਉਂਦਾ ਹੈ ਤਾਂ ਉਹ ਦੁਨੀਆਂ ਵੱਲੋਂ ਮਰ ਜਾਂਦਾ ਹੈ, (ਬੇ-ਸੁਰਤ ਹੋ ਜਾਂਦਾ ਹੈ) ਪਰ ਅੰਦਰ ਮਾਲਕ ਵਲ ਜੀਉ ਪੈਂਦਾ ਹੈ (ਸੁਰਤ ਵਾਲਾ ਹੋ ਜਾਂਦਾ ਹੈ)।

ਜਦ ਇਸ ਤਰ੍ਹਾਂ ਸੁਰਤਿ ਨੌਆਂ-ਦੁਆਰਿਆਂ ਨੂੰ ਖ਼ਾਲੀ ਕਰ ਕੇ ਦਸਵੀਂ ਗਲੀ ਵਿੱਚ ਪਹੁੰਚਦੀ ਹੈ ਤਾਂ ਇਸਨੂੰ ਆਪਣੇ ਆਪ ਉਥੇ ਦਿਨ-ਰਾਤ ਧੁਨਕਾਰਾਂ ਦੇ ਰਿਹਾ ਸ਼ਬਦ ਸੁਣਾਈ ਦੇਣ ਲੱਗ ਪੈਂਦਾ ਹੈ। ਸ਼ਬਦ ਰੂਪੀ ਅੰਮ੍ਰਿਤ ਪੀ ਕੇ ਸੁਰਤਿ ਸ਼ੁੱਧ ਅਤੇ ਬਲਵਾਨ ਹੁੰਦੀ ਜਾਂਦੀ ਹੈ ਅਤੇ ਉਪਰਲੇ ਰੂਹਾਨੀ ਸਫ਼ਰ ਦੇ ਕਾਬਲ ਬਣਦੀ ਜਾਂਦੀ ਹੈ। ਸ਼ਬਦ ਵਿੱਚ ਆਵਾਜ਼ ਵੀ ਹੈ ਅਤੇ ਪ੍ਰਕਾਸ਼ ਵੀ। ਸ਼ਬਦ ਦੀ ਆਵਾਜ਼ ਪਿੱਛੇ ਚੱਲਦੀ ਹੋਈ ਤੇ ਸ਼ਬਦ ਦੇ ਪ੍ਰਕਾਸ਼ ਨਾਲ ਰਾਹ ਦੇਖਦੀ ਹੋਈ ਸੁਰਤਿ ਉਸੇ ਟਿਕਾਣੇ ਉੱਤੇ ਵਾਪਸ ਪਹੁੰਚ ਜਾਂਦੀ ਹੈ ਜਿੱਥੋਂ ਸ਼ਬਦ ਆ ਰਿਹਾ ਹੈ ਅਤੇ ਜਿੱਥੋਂ ਸ੍ਰਿਸ਼ਟੀ-ਰਚਨਾ ਦੇ ਸਮੇਂ ਸੁਰਤਿ ਹੇਠਾਂ ਉੱਤਰੀ ਸੀ। ਸੁਰਤਿ ਇਸ ਸੱਚੇ ਸ਼ਬਦ-ਰੂਪੀ ਗੁਰੂ ਦੀ ਸੇਵਕ ਹੈ : 'ਸਬਦ ਗੁਰੂ ਸੁਰਤਿ ਧੁਨਿ ਚੇਲਾ ।' (ਮ: 1, ਪੰ. 943)

ਗੁਰੂ ਸਾਹਿਬਾਨ ਅਤੇ ਹਰ ਸਮੇਂ-ਸਥਾਨ ਦੇ ਪੂਰਨ ਮਹਾਤਮਾਂ ਨੇ ਸੁਰਤਿ ਨੂੰ ਸ਼ਬਦ ਨਾਲ ਜੋੜਨ ਦੀ ਇਸ ਸਹਿਜ, ਕੁਦਰਤੀ ਜੁਗਤੀ ਨੂੰ ਮਾਲਕ ਦਾ ਆਪਣੇ ਮਿਲਾਪ ਲਈ ਆਪ ਬਣਾਇਆ ਇੱਕੋ-ਇੱਕ ਸੱਚਾ ਸਾਧਨ ਮੰਨਿਆ ਹੈ। ਇਸੇ ਨੂੰ ਮਹਾਤਮਾਂ ਨਾਮ ਜਾਂ ਸ਼ਬਦ ਦੀ ਕਮਾਈ ਦਾ ਮਾਰਗ ਕਹਿੰਦੇ ਹਨ । ਗੁਰੂਵਾਕ ਹੈ : 'ਪਾਰਿ ਸਾਜਨ ਅਪਾਰੁ ਪ੍ਰੀਤਮ ਸਬਦ ਸੁਰਤਿ ਲੰਘਾਵਏ' । (ਮ: 1, ਪੰ. 1113) ਅਸਲ ਵਿੱਚ ਇਹ ਮਾਰਗ ਹੀ ਸੱਚੀ ਗੁਰਮਤਿ ਹੈ ।

ਸੁਰਤਿ ਨੂੰ ਅੰਦਰੋਂ ਸ਼ਬਦ ਨਾਲ ਜੋੜ ਕੇ ਅਪਾਰ ਪ੍ਰੀਤਮ ਤਕ ਪਹੁੰਚਣ ਦਾ ਇਹ ਸਾਧਨ ਅਤੀ ਸਰਲ, ਸੁਭਾਵਿਕ ਅਤੇ ਸੁਖੇਣ ਹੈ। ਅੰਦਰੋਂ ਧਿਆਨ ਨਾਲ ਸ਼ਬਦ ਨੂੰ ਸੁਣਨ ਵਿੱਚ ਕਿਸੇ ਤਰ੍ਹਾਂ ਦੇ ਬਾਹਰਮੁਖੀ ਅਡੰਬਰ ਜਾਂ ਹੱਠ ਦੀ ਲੋੜ ਨਹੀਂ। ਕੋਈ ਵੀ ਬੱਚਾ, ਬੁੱਢਾ, ਜਵਾਨ, ਇਸਤਰੀ-ਮਰਦ ਸੰਸਾਰ ਵਿੱਚ ਰਹਿੰਦਾ ਹੋਇਆ, ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਦਾ ਹੋਇਆ, ਇਸ ਮਾਰਗ ਦੀ ਸਾਧਨਾ ਨਾਲ ਕੁਲ-ਮਾਲਕ ਨਾਲ ਮਿਲਾਪ ਕਰ ਸਕਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਜਿਸ ਤਰ੍ਹਾਂ ਕੰਵਲ ਦੀਆਂ ਜੜ੍ਹਾਂ ਪਾਣੀ ਵਿੱਚ ਹੁੰਦੀਆਂ ਹਨ, ਪਰ ਫੁੱਲ

ਬਾਹਰ ਹੁੰਦਾ ਹੈ, ਜਿਸ ਤਰ੍ਹਾਂ ਮੁਰਗਾਬੀ ਪਾਣੀ ਵਿੱਚ ਰਹਿੰਦੀ ਹੈ, ਪਰ ਜਦ ਚਾਹੇ ਖ਼ੁਸ਼ਕ ਪਰਾਂ ਨਾਲ ਉੱਡ ਜਾਂਦੀ ਹੈ, ਇਸੇ ਤਰ੍ਹਾਂ ਅਸੀਂ ਸੁਰਤਿ ਨੂੰ ਅੰਦਰੋਂ ਸ਼ਬਦ ਨਾਲ ਜੋੜ ਕੇ ਭਵ-ਸਾਗਰ ਸੰਸਾਰ ਨੂੰ ਤਰ ਸਕਦੇ ਹਾਂ : 'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ । ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ।' (ਮ. 1, ਪੰ. 938)

ਅੰਦਰੋਂ ਸੁਰਤਿ ਨੂੰ ਸ਼ਬਦ ਨਾਲ ਜੋੜਨ ਦੀ ਜੁਗਤੀ ਐਸੇ ਪੂਰਨ ਮਹਾਤਮਾ ਤੋਂ ਮਿਲਦੀ ਹੈ ਜੋ ਸ਼ਬਦ ਦੀ ਕਮਾਈ ਕਰ ਕੇ ਸ਼ਬਦ ਰੂਪ ਹੋ ਗਿਆ ਹੋਵੇ ਅਤੇ ਜਿਸ ਨੇ ਆਪਣੀ ਸੁਰਤਿ ਨੂੰ ਪਰਮੇਸ਼ਰ (ਸ਼ਬਦ) ਵਿੱਚ ਅਭੇਦ ਕਰ ਦਿੱਤਾ ਹੋਵੇ ।

1. ਦੁਨੀਆ ਸਾਗਰੁ ਦੁਤਰੁ[1] ਕਹੀਐ ਕਿਉ ਕਰਿ ਪਾਈਐ ਪਾਰੋ ॥
   ਚਰਪਟੁ[2] ਬੋਲੈ ਅਉਧੂ ਨਾਨਕ[3] ਦੇਹੁ ਸਚਾ ਬੀਚਾਰੋ ॥ (ਮ: 1—938)
2. ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
   ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (ਮ: 1—938)
3. ਰਾਮਨਾਮਿ ਮਨੁ ਬੇਧਿਆ[4] ਅਵਰੁ ਕਿ ਕਰੀ ਵੀਚਾਰੁ ॥
   ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ[5] ॥ (ਮ: 1—62)
4. ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥
   [6]ਨਾਨਕ ਰਾਮਨਾਮੁ ਰਿਦ ਅੰਦਰਿ ਗੁਰਮੁਖਿ ਮੇਲਿ ਮਿਲਾਈ ॥ (ਮ: 1—1255)
5. ਪਾਰਿ ਸਾਜਨੁ[7] ਅਪਾਰੁ ਪ੍ਰੀਤਮੁ ਗੁਰ ਸਬਦ[8] ਸੁਰਤਿ ਲੰਘਾਵਏ ॥
   ਮਿਲਿ ਸਾਧ ਸੰਗਤਿ ਕਰਹਿ ਰਲੀਆ[9] ਫਿਰਿ ਨ ਪਛੋਤਾਵਏ ॥ (ਮ: 1—1113)
6. [10]ਸਿੰਮ੍ਰਿਤਿ ਸਾਸਤ੍ਰ[11] ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
   ਤ੍ਰੈ ਗੁਣ[12] ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥ (ਮ: 3—1130)

---

1. ਔਖਾ ਤਰਿਆ ਜਾਣਾ, 2. ਇੱਕ ਜੋਗੀ ਦਾ ਨਾਂ ਜੋ ਪ੍ਰਸ਼ਨ ਕਰਦਾ ਹੈ 3. ਹੇ ਤਿਆਗੀ (ਫ਼ਕੀਰ) ਨਾਨਕ 4. ਵਿੰਨ੍ਹਿਆਂ ਗਿਆ, ਭਾਵ ਲੱਗਾ ਹੋਇਆ 5. ਸ੍ਰੇਸ਼ਟ 6. ਗੁਰੂ ਨੇ ਆਪਣੇ ਨਾਲ ਮਿਲਾ ਕੇ ਹਰੀ ਨਾਲ ਮਿਲਾ ਦਿੱਤੀ 7. ਪਾਰਲੇ ਪਾਸੇ 8. ਗੁਰ-ਸ਼ਬਦ ਦੀ ਸੋਝੀ ਨਾਲ 9. ਮੌਜਾਂ, ਖ਼ੁਸ਼ੀਆਂ 10. ਹਿੰਦੂ ਰਿਸ਼ੀਆਂ ਮੁਨੀਆਂ ਦੇ ਲਿਖੇ ਹੋਏ ਧਾਰਮਿਕ ਗ੍ਰੰਥ 11. ਹਿੰਦੂ ਫ਼ਲਸਫ਼ੇ ਦੇ ਗ੍ਰੰਥ 12. ਤ੍ਰੈਗੁਣੀ ਜੀਵ, ਇਨ੍ਹਾਂ ਧਾਰਮਿਕ ਪੁਸਤਕਾਂ ਦੇ ਦੱਸੇ ਤਿੰਨਾਂ ਗੁਣਾਂ ਦੀ ਉਧੇੜ-ਬੁਣ ਵਿੱਚ ਲੱਗੇ ਹੋਏ ਜੀਵ ।

7. ਡਗਰੀ[13] ਚਾਲ ਨੇਤ੍ਰ ਫੁਨਿ[14] ਅੰਧੁਲੇ ਸਬਦ[15] ਸੁਰਤਿ ਨਹੀ ਭਾਈ ॥
ਸਾਸਤ੍ਰ ਬੇਦ ਤ੍ਰੈਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥ (ਮ: 1–1126)

8. ਜੀਅ ਜੰਤ ਸਗਲੇ ਤੇ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ[16] ॥
ਨਾਨਕ ਦਾਸੁ ਹਰਿ ਕੀਰਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ[17] ॥ (1227)

9. ਕਰਹਿ ਬਿਕਾਰ ਵਿਥਾਰ[18] ਘਨੇਰੇ[19] ਸੁਰਤਿ ਸਬਦ ਬਿਨੁ ਭਰਮਿ ਪਇਆ ॥
ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ (ਮ: 1—906)

10. ਜਗਤੁ ਉਪਾਇ ਤੁਧੁ ਧੰਧੈ ਲਾਇਆ ਭੂੰਡੀ[20] ਕਾਰ ਕਮਾਈ ॥
ਜਨਮੁ ਪਦਾਰਥੁ ਜੂਐ ਹਾਰਿਆ ਸਬਦੈ[21] ਸੁਰਤਿ ਨ ਪਾਈ ॥ (ਮ: 3—1155)

11. [22]ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥
ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥ (ਮ: 1—596)

12. ਅਨਦਿਨੁ[23] ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ[24] ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥ (ਮ: 1—764)

13. [25]ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵਲਾਇਓ ॥
ਪੰਚ[26] ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ[27] ਗਾਇਓ ॥
(ਮ: 1—85)

14. ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦ ਵਜਿਆ ॥
ਆਨਦ[28] ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ[29] ॥ (1315)

15. ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗਪਾਨੀ ॥

---

13. ਡੋਲਣ ਵਾਲੀ, ਟੇਢੀ 14. ਭੀ 15. ਗੁਰੂ ਦੇ ਸਬਦ ਦੀ ਸੋਝੀ ਚੰਗੀ ਨਹੀਂ ਲੱਗਦੀ (ਸ਼ਾਸਤਰ ਵੇਦ ਹੀ ਚੰਗੇ ਲੱਗਦੇ ਹਨ)। ਉਸ ਨੂੰ ਇਹ ਨਹੀਂ ਪਤਾ ਕਿ ਸ਼ਾਸਤਰ ਵੇਦ ਤਾ ਤ੍ਰੈਗੁਣੀ ਮਾਇਆ ਵਾਲੇ ਹਨ। ਸਿਮਰਤੀਆ, ਸ਼ਾਸਤਰਾਂ ਅਤੇ ਵੇਦਾ ਦੇ ਪੜ੍ਹਨ ਵਿੱਚ ਫੱਸ ਕੇ ਭਰਮ ਦਾ ਸ਼ਿਕਾਰ ਹੋਇਆ ਅਰਥਾਤ ਤੱਤ ਗਿਆਨ ਨੂੰ ਨਾ ਸਮਝਿਆ (ਕਿਉਂਕਿ ਇਹ ਸ਼ਾਸਤਰ ਤਾਂ ਤ੍ਰੈਗੁਣਾਤਮਕ ਸੰਗਮ ਦਾ ਹੀ ਗਿਆਨ ਕਰਾਉਂਦੇ ਹਨ) ਤਰੀਆ ਅਵਸਥਾ ਦੀ ਪ੍ਰਾਪਤੀ ਤਾਂ ਗੁਰੂ ਦੁਆਰਾ ਹੀ ਹੁੰਦੀ ਹੈ : "ਚਾਰੇ ਵੇਦ-ਕਥਹਿ ਅਕਾਰੁ। ਤੀਨਿ ਅਵਸਥਾ ਕਹਿ ਕੇ ਹਹਿ ਬਖਿਆਨੁ। ਤੁਰੀ ਅਵਸਥਾ ਸਤਿਗੁਰੂ ਤੇ ਜਾਨੁ।" 16. ਸਮਝੀ 17. ਸੁਰਤ ਨੂੰ ਸਬਦ ਵਿੱਚ ਟਿਕਾ ਕੇ ਸੱਚ ਸਰੂਪ ਹਰੀ ਨੂੰ ਸਾਖਿਆਤ ਵੇਖਦਾ ਹੈ 18. ਵਿਸਤਾਰ ਖਿਲਾਰੇ, ਪਸਾਰੇ 19. ਬਹੁਤੇ 20. ਭੈੜੀ, ਟੇਡੀ 21. ਸਬਦ ਦੀ ਸੋਝੀ ਨਾ ਮਿਲੀ 22. ਉਸ ਦਾ ਪ੍ਰੇਮ ਗੰਦੀ ਗੱਲ ਵਿੱਚ ਰਚਿਆ ਹੋਇਆ ਹੈ। ਉਸਨੂੰ ਨਾਮ ਦੀ ਸੋਝੀ ਨਹੀਂ ਹੋਈ, ਹਰੀ ਦੇ ਪ੍ਰੇਮ ਵਿੱਚ ਨਹੀਂ ਰਚਿਆ ਅਤੇ ਸੁਆਦ ਨਾਲ ਨਹੀਂ ਮੋਹਿਆ ਗਿਆ 23. ਹਰ ਰੋਜ਼, ਸਦਾ 24. ਪੰਜ ਸ਼ਬਦ 25. ਸੁਰਤ ਸ਼ਬਦ ਦੀ ਦੀਖਿਆ ਦੀ ਪ੍ਰਾਪਤੀ ਧੁਰ ਦਰਗਾਹੋਂ ਲਿਖੀ ਗਈ 26. ਪੰਜ ਸ਼ਬਦ 27. ਖ਼ੁਸ਼ੀ ਦਾ ਗੀਤ 28. ਆਨੰਦ ਦਾ ਮੂਲ 29. ਪ੍ਰਗਟ ਹੋਇਆ।

ਕਬੀਰਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ[31] ॥ (ਕਬੀਰ—1350)

16\. ਦੂੰਦਰ ਦੂਤ[32] ਭੂਤ ਭੀਹਾਲੇ[33] ॥ ਖਿੰਚੋਤਾਣਿ[34] ਕਰਹਿ ਬੇਤਾਲੇ[35] ॥
ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥ (1031)

17\. ਸਾਕਤ ਨਰਿ ਸਬਦਿ ਸੁਰਤਿ ਕਿਉ ਪਾਈਐ ॥
ਸਬਦੁ ਸੁਰਤਿ ਬਿਨੁ ਆਈਐ ਜਾਈਐ ॥
ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥ (1042)

## ਪ੍ਰੇਮ

ਗੁਰਮਤਿ ਵਿੱਚ ਪ੍ਰੇਮ ਦੀ ਅਪਾਰ ਮਹਿਮਾ ਹੈ। ਗੁਰਮਤਿ ਜਾਂ ਸੰਤ-ਮਤ ਨੂੰ ਪ੍ਰੇਮ-ਮਾਰਗ, ਭਗਤੀ-ਮਾਰਗ ਜਾਂ ਪ੍ਰੇਮਾ-ਭਗਤੀ ਦਾ ਮਾਰਗ ਵੀ ਕਿਹਾ ਜਾਂਦਾ ਹੈ। ਪਰਮਾਰਥ ਦੇ ਕੁਝ ਸਾਧਨ ਕਰਮ, ਗਿਆਨ, ਹਠ, ਤਿਆਗ ਆਦਿ ਉੱਤੇ ਬਲ ਦਿੰਦੇ ਹਨ ਪਰੰਤੂ ਗੁਰਮਤਿ ਵਿੱਚ ਕੇਵਲ ਪ੍ਰੇਮ ਦੀ ਵਡਿਆਈ ਹੈ। ਭਗਤੀ-ਮਾਰਗੀ ਸੰਤਾਂ-ਮਹਾਤਮਾਂ ਨੇ ਆਤਮਾ-ਪਰਮਾਤਮਾ ਦੇ ਰਿਸ਼ਤੇ ਨੂੰ ਧੰਨ-ਪਿਰ, ਸੇਵਕ-ਸੁਆਮੀ, ਭਗਤ-ਭਗਵਾਨ, ਪੁੱਤਰ-ਮਾਤਾ, ਪੁੱਤਰ-ਪਿਤਾ, ਆਦਿ ਰਾਹੀਂ ਵੀ ਪ੍ਰਗਟ ਕਰਨ ਦਾ ਜਤਨ ਕੀਤਾ ਹੈ ਅਤੇ ਮਛਲੀ-ਨੀਰ, ਚਾਤ੍ਰਿਕ-ਮੇਹ, ਚਕਵੀ-ਸੂਰ, ਪਤੰਗਾ-ਜੋਤੀ, ਭੌਰਾ-ਫੁੱਲ, ਹਿਰਨ-ਨਾਦ ਆਦਿ ਦੀ ਪ੍ਰੀਤ ਦੀਆਂ ਮਿਸਾਲਾਂ ਦੇ ਕੇ ਇਹ ਗਲ ਸਮਝਾਉਣ ਦਾ ਜਤਨ ਕੀਤਾ ਹੈ ਕਿ ਬਿਨਾ ਜੀਵਨ-ਦਾਨ ਦੇ ਪ੍ਰੇਮ ਸੰਪੂਰਨ ਨਹੀਂ ਹੋ ਸਕਦਾ। ਜਿੱਥੇ ਪ੍ਰੇਮ ਹੈ ਓਥੇ ਆਪਾ-ਭਾਵ ਜਾਂ ਮੈਂ-ਮੈਂ ਦੀ ਥਾਂ 'ਤੂੰ ਹੀ ਤੂੰ' ਹੋ ਜਾਂਦਾ ਹੈ।

ਸੰਤ-ਮਹਾਤਮਾਂ ਸਮਝਾਉਂਦੇ ਹਨ ਕਿ ਪਰਮੇਸ਼ਰ ਪ੍ਰੇਮ ਦਾ ਰੂਪ ਹੈ ਅਤੇ ਪ੍ਰੇਮ ਪਰਮੇਸ਼ਰ ਦਾ ਰੂਪ ਹੈ। ਪ੍ਰੇਮ ਵੀ ਪਰਮੇਸ਼ਰ ਵਾਂਗ ਹੀ ਅਗੰਮ, ਅਗਾਧ, ਅਕੱਥ ਹੈ। ਕੇਵਲ ਪ੍ਰੇਮੀਆਂ ਨੂੰ ਹੀ ਪ੍ਰੇਮ ਦੀ ਸਾਰ ਹੁੰਦੀ ਹੈ, ਕਿਸੇ ਦੂਸਰੇ ਨੂੰ ਨਹੀਂ।

ਪ੍ਰੇਮ ਦੁਨੀਆਂ ਦੇ ਸਭ ਜੀਵ ਕਰਦੇ ਹਨ ਕੋਈ ਪੁੱਤਰਾਂ-ਧੀਆਂ ਨੂੰ ਪ੍ਰੇਮ ਕਰਦਾ ਹੈ, ਕੋਈ ਧਨ-ਦੌਲਤ ਦੀ ਪੂਜਾ ਕਰਦਾ ਹੈ, ਕੋਈ ਕੌਮਾਂ, ਮਜ਼੍ਹਬਾਂ, ਮੁਲਕਾਂ, ਧਰਮਾਂ ਦੀ ਮਾਨ-ਵਡਿਆਈ ਨੂੰ ਪਿਆਰ ਕਰਦਾ ਹੈ—ਪਰੰਤੂ ਇਹ ਨਾਸ਼ਵਾਨ ਪਦਾਰਥ ਅਤੇ ਰਿਸ਼ਤੇ-ਨਾਤੇ ਸਾਡੇ ਪਿਆਰ ਦੇ ਕਾਬਿਲ ਨਹੀਂ ਹਨ। ਇਨ੍ਹਾਂ ਦਾ ਮੋਹ-ਪਿਆਰ ਸਾਨੂੰ ਰਚਨਾ ਨਾਲ ਬੰਨ੍ਹਦਾ ਹੈ, ਪਰ ਪਰਮੇਸ਼ਰ ਦਾ ਪ੍ਰੇਮ ਸਾਨੂੰ ਪਰਮੇਸ਼ਰ ਨਾਲ ਮਿਲਾ ਸਕਦਾ ਹੈ : 'ਮਨ ਰੇ ਕਿਉ ਛੂਟਹਿ ਬਿਨ ਪਿਆਰ।' (ਮ: 1, ਪੰਨਾ 60)

---

31\. ਨਿਰਦੁੱਖ, ਨਿਰਲੇਪ ਹਰੀ 32. ਡੰਡ ਪਾਣ ਵਾਲੇ, ਸ਼ੋਰ ਕਰਨ ਵਾਲੇ 33. ਡਰਾਉਣੇ 34. ਝਗੜਾ 35. ਬੇਸੁਰੇ ਭੂਤਨੇ ਵਾਂਗ।

ਪਰਮਾਰਥ ਦੇ ਹਰ ਪ੍ਰਕਾਰ ਦੇ ਸਾਧਨ ਜਪ-ਤਪ, ਪੂਜਾ-ਪਾਠ, ਤੀਰਥ-ਵਰਤ, ਸੁੱਚ-ਸੰਜਮ, ਕਰਮ-ਧਰਮ ਆਦਿ ਬਾਹਰਮੁੱਖੀ ਹਨ। ਪ੍ਰੇਮ ਐਸੀ ਅੰਤਰਮੁੱਖੀ ਲਗਨ ਹੈ, ਜਿਸ ਵਿੱਚ ਮਨ ਸਹਿਜੇ ਹੀ ਵੱਸ ਵਿੱਚ ਆ ਜਾਂਦਾ ਹੈ। ਪ੍ਰੇਮੀ ਖ਼ਿਆਲ ਨੂੰ ਹਰ ਤਰਫ਼ੋਂ ਹਟਾ ਕੇ ਪ੍ਰੀਤਮ ਵਿੱਚ ਲੀਨ ਕਰ ਲੈਂਦਾ ਹੈ। ਉਹ ਪ੍ਰੇਮ ਵਿੱਚ ਮਸਤ ਹੋ ਕੇ ਸੁਭਾਵਿਕ ਹੀ ਇੱਕ ਮਨ, ਇੱਕ-ਚਿੱਤ ਹੋ ਜਾਂਦਾ ਹੈ, ਦਵੈਤ ਤੋਂ ਏਕਤਾ ਵਿੱਚ ਆ ਜਾਂਦਾ ਹੈ।

ਆਤਮਾ-ਪਰਮਾਤਮਾ ਦੇ ਦਰਮਿਆਨ ਸਭ ਤੋਂ ਵੱਡੀ ਰੁਕਾਵਟ ਹਉਮੈ ਦੀ ਹੈ। ਪ੍ਰੇਮ ਹਉਮੈ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਪ੍ਰੇਮ ਦਾ ਆਧਾਰ ਹੀ ਆਪੇ ਦੇ ਪਿਆਰ ਦੀ ਥਾਂ ਪ੍ਰੀਤਮ ਦਾ ਪਿਆਰ ਹੈ। ਜਪ-ਤਪ, ਪੂਜਾ-ਪਾਠ, ਗਿਆਨ ਆਦਿ ਹਰ ਤਰ੍ਹਾਂ ਦੇ ਕਰਮ ਹਉਮੈ ਵਿੱਚ ਵਾਧਾ ਕਰਦੇ ਹਨ, ਪਰੰਤੂ ਪ੍ਰੇਮੀ ਆਪਣਾ ਸਭ ਕੁਝ—ਸਗੋਂ ਆਪਣੇ ਆਪ ਨੂੰ ਹੀ—ਪ੍ਰੀਤਮ ਤੋਂ ਨਿਛਾਵਰ ਕਰ ਦਿੰਦਾ ਹੈ ਅਤੇ ਪ੍ਰੀਤਮ ਵਿੱਚ ਲੀਨ ਹੋ ਕੇ ਪ੍ਰੀਤਮ ਦਾ ਹੀ ਰੂਪ ਹੋ ਜਾਂਦਾ ਹੈ।

ਪ੍ਰੇਮ ਵਿੱਚ ਸਮਰਪਣ ਦਾ ਸੁਭਾਵਿਕ ਗੁਣ ਹੈ। ਪ੍ਰੇਮੀ ਆਪਣੀ ਇੱਛਾ ਦੀ ਥਾਂ ਪ੍ਰੀਤਮ ਦੀ ਇੱਛਾ ਨੂੰ ਮੁੱਖ ਰੱਖਦਾ ਹੈ। ਉਹ ਆਪਣੇ ਮਨ ਦੀ ਮਰਜ਼ੀ ਪਿੱਛੇ ਲੱਗਣ ਦੀ ਥਾਂ ਆਪਣੇ ਆਪ ਨੂੰ ਪ੍ਰੀਤਮ ਦੇ ਹੁਕਮ ਜਾਂ ਭਾਣੇ ਵਿੱਚ ਰੱਖਦਾ ਹੈ। ਪ੍ਰੀਤਮ ਦਾ ਹੁਕਮ ਮੰਨਣ, ਉਸ ਦੀ ਰਜ਼ਾ ਵਿੱਚ ਰਹਿਣ ਵਿੱਚ ਪ੍ਰੇਮੀ ਨੂੰ ਸੱਚੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ।

ਪਰਮੇਸ਼ਰ ਦਾ ਇਹ ਉੱਚਾ-ਸੁੱਚਾ ਪਿਆਰ ਜੋ ਮਨ ਦੀਆਂ ਸਾਰੀਆਂ ਮੈਲਾਂ ਧੋ ਕੇ ਇਸ ਨੂੰ ਨਿਰਮਲ ਬਣਾ ਦਿੰਦਾ ਹੈ, ਪ੍ਰਾਪਤ ਕਿਸ ਤਰ੍ਹਾਂ ਹੋਵੇ? ਸਤਿਗੁਰੂ ਜਗਤ ਵਿੱਚ ਪਰਮੇਸ਼ਰ ਦਾ ਪ੍ਰਤੱਖ ਰੂਪ ਹੈ ਅਤੇ ਉਹੀ ਸਾਡੇ ਪ੍ਰੇਮ ਦਾ ਸੱਚਾ ਆਧਾਰ ਹੈ। 'ਬਿਨੁ ਗੁਰ ਪ੍ਰੀਤਿ ਨ ਉਪਜੈ ਹਉਮੈ ਮੈਲੁ ਨ ਜਾਇ' (ਮ: 1, ਪੰ. 60)। ਪਰਮੇਸ਼ਰ ਦੇ ਪ੍ਰੇਮ ਦਾ ਸੋਮਾ ਸ਼ਬਦ ਜਾਂ ਨਾਮ ਦੇ ਰੂਪ ਵਿੱਚ ਹਰ ਜੀਵ ਦੇ ਅੰਦਰ ਮੌਜੂਦ ਹੈ। ਸੱਚਾ ਸਤਿਗੁਰੂ ਜੀਵ ਨੂੰ ਇਸ ਨਾਲ ਜੋੜ ਦਿੰਦਾ ਹੈ। ਜਿਉਂ-ਜਿਉਂ ਜੀਵ ਨਾਮ ਦੀ ਕਮਾਈ ਨਾਲ ਮਨ ਨੂੰ ਨਿਰਮਲ ਕਰ ਕੇ ਰੂਹਾਨੀ ਚੜ੍ਹਾਈ ਕਰਦਾ ਹੈ, ਉਸ ਨੂੰ ਪਰਮੇਸ਼ਰ-ਪ੍ਰੇਮ ਦਾ ਰਸ ਪ੍ਰਾਪਤ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦ ਇਕ ਵਾਰ ਅੰਦਰ ਸ਼ਬਦ ਦਾ ਰਸ ਆ ਜਾਂਦਾ ਹੈ, ਸਤਿਗੁਰੂ ਦੇ ਨੂਰੀ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ ਤਾਂ ਹਿਰਦੇ ਵਿੱਚ ਪ੍ਰੇਮ ਦੀ ਐਸੀ ਜੁਆਲਾ ਪ੍ਰਚੰਡ ਹੋ ਜਾਂਦੀ ਹੈ, ਜੋ ਬਿਨਾ ਪ੍ਰੀਤਮ ਦੀ ਪ੍ਰਾਪਤੀ ਦੇ ਕਿਸੇ ਦੂਸਰੀ ਵਸਤੂ ਨਾਲ ਸ਼ਾਂਤ ਨਹੀਂ ਹੋ ਸਕਦੀ। ਐਸੀ ਅਵਸਥਾ ਵਿੱਚ ਪ੍ਰੇਮੀ ਪ੍ਰੀਤਮ ਦਾ ਇਕ ਪਲ ਦਾ ਵਿਛੋੜਾ ਵੀ ਨਹੀਂ ਸਹਾਰ ਸਕਦਾ। ਇਸ ਸੱਚੇ ਪ੍ਰੇਮ ਦੀ ਸ਼ਕਤੀ ਨਾਲ ਉਹ ਰਾਹ ਦੀਆਂ ਸਭ ਰੁਕਾਵਟਾਂ ਪਾਰ ਕਰਕੇ ਪ੍ਰੀਤਮ ਵਿੱਚ ਲਿਵਲੀਨ ਹੋ ਜਾਂਦਾ ਹੈ।

[26]ਇਤੀ ਮੰਞਿ ਨ ਸਮਾਵਈ ਜੇ ਗਲਿ ਪਹਿਰਾ ਹਾਰ ॥ (ਮ: 5—1095)

7. ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ[27] ਤੋਹਿ ॥ (ਮ: 5—1094)

8. ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ ॥ (ਮ: 5—1100)

9. ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ (ਮ: 1—1111)

10. ਖੰਭ ਵਿਕਾਂਦੜੇ ਜੇ ਲਹਾਂ ਘਿੰਨਾ[28] ਸਾਵੀ ਤੋਲਿ ॥
ਤੰਨਿ ਜੜਾਂਈ ਆਪਣੇ ਲਹਾਂ [29]ਸੁ ਸਜਣੁ ਟੋਲਿ ॥ (ਮ: 5—1423)

11. ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥
ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥ (ਮ: 5—322)

12. ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ ॥
ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ ॥ (ਮ: 4—302)

13. ਅਖੀ ਪ੍ਰੇਮਿ ਕਸਾਈਆ[30] ਹਰਿ ਹਰਿ ਨਾਮੁ ਪਿਖੰਨਿ[31] ॥
ਜੇਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ[32] ॥ (ਮ: 4—1318)

14. [33]ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥
ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧਾਰ ॥ (ਮ: 5—1425)

15. ਕਬੀਰ ਜੋ ਤਹਿ ਸਾਧ[34] ਪਿਰੰਮ ਕੀ ਸੀਸੁ ਕਾਟਿ ਕਰਿ ਗੋਇ ॥
ਖੇਲਤ ਖੇਲਤ ਹਾਲ[35] ਕਰਿ ਜੋ ਕਿਛੁ ਹੋਇ ਤ ਹੋਇ ॥
[36]ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸਤੀ ਖੇਲੁ ॥
ਕਾਚੀ ਸਰਸਉ ਪੇਲਿ ਕੈ ਨਾ ਖਲਿ ਭਈ ਨ ਤੇਲੁ ॥ (ਕਬੀਰ, 1377)

17. ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ[37] ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ (ਫਰੀਦ, 1379)

---

26. ਮੰਞ (ਮੈਥੋਂ) ਇਹ ਗੱਲ ਨਹੀਂ ਸਹਾਰੀ ਜਾਂਦੀ, ਭਾਵ ਮੈਨੂੰ ਇਹ ਵੀ ਨਹੀਂ ਸੁਖਾਂਦਾ, ਕਿ ਮੈਂ ਗੱਲ ਵਿਚ ਹਾਰ ਪਾਵਾਂ ਕਿਉਂਕਿ ਹਾਰ ਮੇਰੇ ਅਤੇ ਮੇਰੇ ਪਤੀ ਵਿਚਕਾਰ ਵਿੱਥ ਦਾ ਕਾਰਨ ਬਣਦਾ ਹੈ 27. ਪਿਆਰੇ 28. ਲਵਾਂ 29. ਲੱਭਾਂ, ਲਵਾਂ 30. ਖਿੱਚੀਆਂ 31. ਵੇਖਦੀਆਂ ਹਨ 32. ਦੇਈਏ 33. ਪ੍ਰੇਮ ਮਾਰਗ 34. ਜੇ ਤੈਨੂੰ ਪ੍ਰੇਮ ਦੀ ਸਾਰ ਹੈ ਤਾਂ ਸੀਸ ਕੱਟਕੇ ਦੇ ਦੇ 35. ਪ੍ਰੇਮ ਦੀ ਮਸਤੀ ਵਿੱਚ, ਜਿਸ ਵਿੱਚ ਸਰੀਰ ਦੀ ਸੁੱਧ-ਬੁੱਧ ਨਾ ਰਹੇ। ਸੂਫ਼ੀ ਫ਼ਕੀਰਾਂ ਨੂੰ ਹਾਲ ਪੈਂਦਾ ਹੈ 36. ਜੇ ਤੈਨੂੰ ਪਿਆਰ ਦੀ ਸਾਰ ਹੈ ਤਾਂ ਪੱਕੇ ਗੁਰੂ ਨਾਲ ਪਿਆਰ ਦੀ ਖੇਡ ਖੇਡ, ਕੱਚੀ ਸਰੋਂ ਨੂੰ ਪੀੜਿਆਂ ਨਾ ਖਲ ਮਿਲਦੀ ਹੈ ਨਾ ਤੇਲ 37. ਕੰਬਲੀ ਪਈ ਭਿੱਜੇ, ਪਈ ਸਿੱਜੇ, ਭਾਵੇਂ ਮੀਂਹ ਵੱਸੇ।

18. ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ ॥
ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ ॥ (ਮ: 4—301)

19. ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ ॥
ਘੜੀ ਮੁਹਤੁ ਨਹ ਵੀਸਰੈ ਨਾਨਕ ਰਵੀਐ ਨਿਤ ॥ (ਮ: 5—522)

20. [38]ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ॥ (520)

21. ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥
ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥ (ਮ: 5—520)

## *ਬਿਰਹਾ*

ਪ੍ਰੇਮ ਪਰਮੇਸ਼ਰ ਪ੍ਰਾਪਤੀ ਦਾ ਸਾਧਨ ਹੈ। ਜਿਉਂ-ਜਿਉਂ ਪ੍ਰੇਮੀ ਦਾ ਪ੍ਰੇਮ ਪੱਕਦਾ ਹੈ ਉਹ ਪ੍ਰੀਤਮ ਦੇ ਵੱਧ ਤੋਂ ਵੱਧ ਕਰੀਬ ਹੋਣਾ ਚਾਹੁੰਦਾ ਹੈ ਅਤੇ ਪ੍ਰੀਤਮ ਦੇ ਪਲ-ਭਰ ਦੇ ਵਿਛੋੜੇ ਨੂੰ ਵੀ ਸਹਿਣ ਨਹੀਂ ਕਰ ਸਕਦਾ। 'ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ' (ਮ: 5, ਪੰ. 96)। ਬਿਰਹਾ, ਪ੍ਰਫੁੱਲਤ ਹੋ ਰਹੇ ਪ੍ਰੇਮ ਦੀ ਅਨੂਠੀ ਅਵੱਸਥਾ ਹੈ, ਜਿਸ ਵਿੱਚ ਪ੍ਰੇਮੀ ਪ੍ਰੇਮ-ਰਸ ਦਾ ਰਸੀਆ ਬਣ ਰਿਹਾ ਹੁੰਦਾ ਹੈ। ਉਸ ਤੋਂ ਰਸ ਦਾ ਇਹ ਸੋਮਾ ਪਰੇ ਹਟਾ ਲੈਣਾ ਮਛਲੀ ਤੋਂ ਸਾਗਰ, ਪਪੀਹੇ ਤੋਂ ਸੁਆਂਤ ਬੂੰਦ, ਚਕਵੀ ਤੋਂ ਸੂਰਜ, ਚਕੋਰ ਤੋਂ ਚੰਦ ਖੋਹ ਲੈਣ ਸਮਾਨ ਹੈ।

ਬਿਰਹਾ ਉਹ ਭੱਠੀ ਜਾਂ ਕੁਠਾਲੀ ਹੈ ਜਿਸ ਵਿੱਚ ਸੱਚੇ ਪ੍ਰੇਮ ਦੀ ਘਾੜਤ ਘੜੀ ਜਾਂਦੀ ਹੈ। ਪ੍ਰੇਮੀ ਨੂੰ ਪ੍ਰੀਤਮ ਦੀ ਕੀਮਤ, ਅਵੱਸ਼ਕਤਾ, ਮਹਾਨਤਾ ਬਿਰਹਾ ਵਿੱਚ ਹੀ ਮਾਲੂਮ ਹੁੰਦੀ ਹੈ। ਪ੍ਰੀਤਮ ਦੇ ਵਿਛੋੜੇ ਦੀ ਅਕਹਿ ਵੇਦਨਾ, ਅਪਾਰ ਪੀੜਾ, ਹਿਰਦੇ ਦੀ ਹੂਕ, ਮਨ ਦੀ ਕਸਕ ਉਹ ਤਪਸ਼ ਪੈਦਾ ਕਰਦੀ ਹੈ ਜੋ ਵਿਸ਼ੇ-ਵਾਸਨਾ, ਆਸਾ-ਤ੍ਰਿਸ਼ਨਾ ਅਤੇ ਹਉਮੈ ਦੀਆਂ ਸਭ ਮੈਲਾਂ ਜਲਾ ਕੇ ਹਿਰਦੇ ਨੂੰ ਪ੍ਰੀਤਮ ਦੇ ਨਿਵਾਸ ਦੇ ਯੋਗ ਬਣਾ ਦਿੰਦੀ ਹੈ।

ਬਿਰਹਾ ਸੱਚੇ ਵੈਰਾਗ, ਸੱਚੇ ਤਿਆਗ ਨੂੰ ਜਨਮ ਦਿੰਦੀ ਹੈ। ਇਸ ਵੇਦਨਾ ਵਿੱਚ ਭਾਰੀ ਰਮਜ਼ ਹੈ। ਫ਼ਰੀਦ ਸਾਹਿਬ ਕਹਿੰਦੇ ਹਨ ਕਿ ਜਿਸ ਹਿਰਦੇ ਵਿੱਚ ਬਿਰਹਾ ਦਾ ਸੁਲਤਾਨੀ ਜਜ਼ਬਾ ਨਹੀਂ ਉਪਜਿਆ, ਉਹ ਤਨ ਸ਼ਮਸ਼ਾਨ ਭੂਮੀ ਸਮਾਨ ਹੈ। ਗੁਰੂ ਸਾਹਿਬ ਕਹਿੰਦੇ ਹਨ, ਸਤੀਆਂ ਉਹ ਨਹੀਂ ਹਨ ਜੋ ਚਿਤਾ ਉੱਤੇ ਸੜਦੀਆਂ ਹਨ,

38. ਸੰਸਾਰ ਰੂਪੀ ਨਦੀ ਵਿੱਚੋਂ ਤਰਦਿਆਂ ਮੇਰਾ ਪੈਰ (ਵਿਸ਼ਿਆਂ ਦੇ ਚਿੱਕੜ) ਵਿੱਚ ਨਹੀਂ ਖੁੱਭਦਾ, ਕਿਉਂਕਿ ਮੈਨੂੰ ਤੇਰੇ ਨਾਲ ਪ੍ਰੇਮ ਹੈ ਅਤੇ ਮੇਰਾ ਮਨ ਤੇਰੇ ਚਰਨਾਂ ਨਾਲ ਸੀਤਾ (ਜੁੜਿਆ) ਹੋਇਆ ਹੈ। ਤੇਰਾ ਨਾਮ ਮੇਰੀ ਬੇੜੀ ਅਤੇ ਤਰਨ ਵਾਲਾ ਤੁਲ੍ਹਾ ਹੈ। ਤੁਲਹਾ : ਨਦੀ ਵਿੱਚ ਤੋਲ ਜਾਂ ਭਾਰ ਸਾਵਾਂ ਰੱਖਣ ਲਈ ਜੋ ਲੱਕੜਾਂ ਦਾ ਬੰਨ੍ਹਿਆ ਆਸਰਾ ਹੁੰਦਾ ਹੈ।

ਸਗੋਂ ਅਸਲ ਸਤੀਆਂ ਉਹ ਹਨ ਜੋ ਪ੍ਰੀਤਮ ਦਾ ਪਲ-ਭਰ ਦਾ ਵਿਛੋੜਾ ਵੀ ਨਹੀਂ ਸਹਿ ਸਕਦੀਆਂ। ਉਹ ਵਿਛੋੜੇ ਦੀ ਪੀੜ ਨਾਲ ਹੀ ਪ੍ਰਾਣ ਤਿਆਗ ਦਿੰਦੀਆਂ ਹਨ, ਉਨ੍ਹਾਂ ਕੋਲ ਚਿਤਾ ਤੱਕ ਪਹੁੰਚਣ ਦਾ ਸਮਾਂ ਹੀ ਨਹੀਂ ਹੁੰਦਾ।

ਬਿਰਹਾ ਸੱਚੇ ਪ੍ਰੇਮ ਦੀ ਨਿਸ਼ਾਨੀ ਵੀ ਹੈ ਅਤੇ ਸੱਚੇ ਪ੍ਰੇਮ ਦੀ ਟਕਸਾਲ ਵੀ ਹੈ। ਇਹ ਪ੍ਰੀਤ ਨੂੰ ਪ੍ਰਗਟਾਉਂਦੀ ਵੀ ਹੈ ਅਤੇ ਪਕਾਉਂਦੀ ਵੀ ਹੈ। ਇਹ ਪ੍ਰੀਤਮ ਦੀ ਖਿੱਚ ਨੂੰ ਇਸ ਤਰ੍ਹਾਂ ਵਧਾ ਦਿੰਦੀ ਹੈ ਕਿ ਪ੍ਰੀਤਮ ਹੀ ਪ੍ਰਾਣਾਂ ਦਾ ਆਧਾਰ ਬਣ ਜਾਂਦਾ ਹੈ ਅਤੇ ਪ੍ਰੇਮੀ ਨੂੰ ਆਪੇ ਦੀ ਕੋਈ ਸੁੱਧ-ਬੁੱਧ ਨਹੀਂ ਰਹਿੰਦੀ। ਇਹ ਵੇਦਨਾ ਵੀ ਅਨੂਠੇ ਰਸ ਨਾਲ ਭਰੀ ਹੁੰਦੀ ਹੈ।

1. ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ [1]ਦੀਜੈ ਡਾਰਿ ॥
ਨਾਨਕ ਜਿਸੁ ਪਿੰਜਰ[2] ਮਹਿ ਬਿਰਹਾ[3] ਨਹੀ ਸੋ ਪਿੰਜਰੁ ਲੈ ਜਾਰਿ[4] ॥ (ਮ: 2,89)

2. ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ[5] ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥
ਫਰੀਦਾ [6]ਚਿੰਤ ਖਟੋਲਾ ਵਾਣੁ ਦੁਖੁ ਬਿਰਹ[7] ਵਿਛਾਵਣ ਲੇਫੁ ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥
ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥ (ਮ: 2,1379)

3. ਹੋਰ ਬਿਰਹਾ ਸਭ ਧਾਤੁ[8] ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥
ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥ (ਮ: 3—83)

4. ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥
ਕਾਗਾ ਕਰੰਗ[9] ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥
ਕਾਗਾ ਚੂੰਡਿ ਨ ਪਿੰਜਰਾ [10]ਬਸੈ ਤ ਉਡਰਿ ਜਾਹਿ ॥
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ[11] ਖਾਹਿ ॥ (ਫਰੀਦ, 1382)

5. ਕਬੀਰ [12]ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ[13] ਨਾ ਜੀਐ ਜੀਐ ਤ ਬਉਰਾ[14] ਹੋਇ ॥ (ਕਬੀਰ, 1368)

---

1. ਕੱਟ ਕੇ ਸੁੱਟ ਦਈਏ 2 ਸਰੀਰ ਰੂਪੀ ਪਿੰਜਰਾ 3. ਪ੍ਰੇਮ ਦੀ ਖਿੱਚ 4. ਜਲਾ ਦਿਓ 5. ਕਿਤਨਿਆਂ ਦੇ 6. ਚਿੰਤਾ ਮੰਜੀ ਹੈ 7. ਵਿਛੋੜੇ ਦੇ ਦੁੱਖ ਦਾ ਵਿਛਾਉਣਾ ਹੈ 8. ਨਾਸ਼ਵਾਨ, ਝੂਠੀ 9. ਪਿੰਜਰ 10. ਜੇ ਬੈਠਾ ਹੈਂ ਤਾਂ ਵੀ ਉੱਡ ਜਾ 11. ਉਥੋਂ 12. ਵਿਛੋੜਾ, ਹਰੀ ਦਾ ਵਿਛੋੜਾ ਸੱਪ ਦੀ ਨਿਆਈਂ ਹੈ 13. ਬਿਰਹੀ, 14. ਜਗਤ ਵਲੋਂ ਬਉਰਾ, ਸੁਦਾਈ।

6. ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ[15] [16]ਤੁਮ ਕਿਉ ਰੈਣਿ ਵਿਹਾਇ ॥ (ਫਰੀਦ, 1379)

7. ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥
[17]ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥ (ਫਰੀਦ, 1384)

8. [18]ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ[19] ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ (ਮ: 2—83)

9. ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥
[20]ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ ॥ (ਮ: 5—1100)

10. ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ[21] ਝੂਰੇਇ ॥
ਜਿਉ ਜਲਿ ਥੋੜੈ ਮਛੁਲੀ [22]ਕਰਣ ਪਲਾਵ ਕਰੇਇ ॥
ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥ (ਮ: 1—56)

11. ਮਿਤ੍ਰ [23]ਪਿਆਰੇ ਨੂੰ ਹਾਲ ਮੁਰੀਦਾ[24] ਦਾ ਕਹਣਾ ॥
ਤੁਝ ਬਿਨ ਰੋਗ ਰਜਾਈਆ[25] ਦੇ ਓਢਣ[26] ਨਾਗ ਨਿਵਾਸਾ ਦੇ ਰਹਿਣਾ ॥
ਸੂਲ ਸੁਰਾਹੀ[27] ਖੰਜਰ [28]ਪਿਆਲਾ ਬਿੰਗ[29] ਕਸਾਈਆ ਦਾ ਸਹਣਾ ॥
ਯਾਰੜੇ ਦਾ ਸਾਨੂੰ ਸੱਥਰ[30] ਚੰਗਾ ਭਠ ਖੇੜਿਆਂ[31] ਦਾ ਰਹਣਾ ॥ (ਪਾਤਿਸ਼ਾਹੀ 10)

12. [32]ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
[33]ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ (558)

13. ਧਨ[34] ਨਾਹ ਬਾਝਹੁ ਰਹਿ ਨ ਸਾਕੈ ਬਿਖਮ[35] ਰੈਣਿ ਘਣੇਰੀਆ ॥
ਨਹ ਨੀਦ ਆਵੈ ਪ੍ਰੇਮੁ[36] ਭਾਵੈ ਸੁਣਿ ਬੇਨੰਤੀ ਮੇਰੀਆ ॥
ਬਾਝਹੁ ਪਿਆਰੇ ਕੋਇ ਨ ਸਾਰੇ[37] ਏਕਲੜੀ ਕੁਰਲਾਏ[38] ॥

---

15. ਛੁੱਟੜਾਂ ਕੋਲੋਂ 16. ਤੁਹਾਡੀ ਰਾਤ ਕਿਵੇਂ ਲੰਘਦੀ ਹੈ 17. ਜੇ ਪੈਰਾਂ ਨਾਲ ਥੱਕ ਜਾਵਾਂ ਤਾਂ ਸਿਰ ਨਾਲ ਤੁਰਾਂ, ਜੇ ਕਰ ਮੇਰਾ ਪ੍ਰੀਤਮ ਮਿਲ ਜਵੇ 18. ਕਹਿੰਦੇ ਹਨ ਗੁਰੂ ਨਾਨਕ ਦੇਵ ਜੀ ਦੇ ਪੰਜ-ਭੂਤਕ ਸਰੀਰ ਤਿਆਗਣ ਉੱਤੇ ਗੁਰੂ ਅੰਗਦ ਦੇਵ ਜੀ ਨੇ ਵੈਰਾਗ ਦੀ ਦਸ਼ਾ ਵਿੱਚ ਇਸ ਸ਼ਲੋਕ ਦਾ ਉਚਾਰਣ ਕੀਤਾ ਸੀ 19. ਪਹਿਲਾਂ ਹੀ 20. ਬਿਰਹੀ ਨੂੰ ਬਿਨਾਂ ਪਿਆਰੇ ਦੇ ਮਿਲੇ, ਧੀਰਜ ਨਹੀਂ ਆਉਂਦਾ 21. ਪਰਵਾਸਣ, ਵਿਜੋਗ-ਮਈ ਅਵਸਥਾ 22. ਕਰੁਣਾ-ਜਨਕ ਵਿਰਲਾਪ 23. ਪਿਆਰੇ ਪ੍ਰੀਤਮ ਨੂੰ 24. ਸਿੱਖ ਦੀ ਪੁਕਾਰ 25. ਰਜਾਈ, ਤਲਾਈ ਆਦਿ 26. ਤਨ ਨੂੰ ਓੜਨਾ, ਢੱਕਣਾ 27. ਸੁਰਾਹੀ ਵੀ ਸੂਲ ਹੋ ਜਾਂਦੀ ਹੈ 28. ਪਿਆਲਾ ਖੰਜਰ ਰੂਪ ਹੋ ਜਾਂਦਾ ਹੈ, ਭਾਵ ਪ੍ਰੀਤਮ ਦੇ ਮਿਲਾਪ ਤੋਂ ਬਿਨਾਂ ਦੁਨੀਆਂ ਦੀ ਐਸ਼ੋ-ਇਸ਼ਰਤ ਕੰਡਿਆਂ ਦੀ ਸੇਜ ਸਮਾਨ ਹੋ ਜਾਂਦੀ ਹੈ 29. ਉਹ ਛਿੱਕਾ ਜੋ ਕਸਾਈ ਲੋਕ ਪਸ਼ੂਆਂ ਨੂੰ ਮਾਰਨ ਤੋਂ ਪਹਿਲਾਂ ਪਸ਼ੂਆ ਦੇ ਮੂੰਹ ਉੱਤੇ ਚਾੜ੍ਹ ਦੇਂਦੇ ਹਨ ਜਿਸ ਨਾਲ ਉਨ੍ਹਾਂ ਦਾ ਸਾਹ ਅੰਦਰੋ-ਅੰਦਰ ਹੀ ਘੁੱਟਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਪਸ਼ੂਆਂ ਦੀ ਖੱਲ ਲਾਹੁਣੀ ਅਸਾਨ ਹੋ ਜਾਂਦੀ ਹੈ 30. ਦੁੱਖ ਭਰਿਆ ਜੀਵਨ 31. ਮਨਮੁੱਖਾਂ ਦੀ ਸੰਗਤ 32. ਮੈਨੂੰ ਰੋਂਦੀ ਨੂੰ ਵੇਖ ਕੇ ਸਭ ਜੱਗ ਰੋਣ ਲੱਗ ਪਿਆ ਅਤੇ ਬਣ ਦੇ ਪੰਛੀ ਆਦਿਕ ਵੀ ਰੋਣ ਲੱਗ ਪਏ 33. ਪਰ ਜਿਸ ਮੇਰੀ ਜਿੰਦ ਦੇ ਵਿਛੋੜੇ ਨੇ ਪਤੀ ਤੋਂ ਵਿਛੋੜਿਆ ਸੀ ਉਹ ਨਾ ਰੋਇਆ, ਦੂਰ ਨਾ ਹੋਇਆ 34. ਇਸਤਰੀ 35. ਪਤੀ ਤੋਂ ਬਿਨਾਂ ਰਾਤ ਕੱਟਣੀ ਮੁਸ਼ਕਲ ਹੈ 36. ਪ੍ਰੀਤਮ 37. ਦੇਖ-ਭਾਲ ਨਹੀਂ ਕਰਦਾ 38. ਰੋਂਦੀ ਹੈ

ਨਾਨਕ ਸਾਧਨ[39] ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥ (ਮ: 1—243)
14. ਰਤੇ[40] ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ[41] ਸਾਈ ॥
ਝੜਿ ਝੜਿ ਪਵਦੇ [42]ਕਚੇ ਬਿਰਹੀ ਜਿਨਾ [43]ਕਾਰਿ ਨ ਆਈ ॥
[44]ਧਣੀ ਵਿਹੂਣਾ ਪਾਟ ਪਟੰਬਰ[45] [46]ਭਾਹੀ ਸੇਤੀ ਜਾਲੇ ॥
ਧੂੜੀ ਵਿਚ ਲੁਡੰਦੜੀ ਸੋਹਾਂ[47] ਨਾਨਕ ਤੈ ਸਹ ਨਾਲੇ ॥ (ਮ: 5—1424)

## ਬੈਰਾਗੀ

ਬੈਰਾਗ ਦਾ ਅਰਥ ਹੈ ਰਾਗ ਤੋਂ ਬਿਨਾ। ਮਾਇਕ ਪਦਾਰਥਾਂ ਦੀ ਲਾਲਸਾ ਜਾਂ ਇੱਛਾ ਨੂੰ 'ਰਾਗ' ਆਖਦੇ ਹਨ। ਇਸ ਲਈ ਬੈਰਾਗੀ ਉਹ ਹੈ ਜਿਹੜਾ ਸੰਸਾਰਿਕ ਪਦਾਰਥਾਂ ਦੀ ਚਾਹ ਤੋਂ ਉਪਰਾਮ ਹੋ ਕੇ ਕੇਵਲ ਇੱਕੋ ਪਰਮਾਤਮਾ ਦੇ ਦਰਸ਼ਨਾਂ ਦੀ ਤਾਂਘ ਵਿੱਚ ਤੜਪਦਾ ਹੈ। ਇਸ ਅਵਸਥਾ ਵਿੱਚ ਦੁਨਿਆਵੀ ਵਿਸ਼ੇ-ਵਿਕਾਰ, ਰਸ-ਕਸ ਅਤੇ ਕਾਮਨਾਵਾਂ ਆਦਿ ਦਾ ਖ਼ਾਤਮਾ ਹੋ ਜਾਂਦਾ ਹੈ। ਇਨ੍ਹਾਂ ਦੀ ਥਾਂ ਉਸ ਸਿਰਜਨਹਾਰ ਜਾਂ ਸਤਿਗੁਰੂ ਦੇ ਮਿਲਾਪ ਲਈ ਤੜਪ ਅਤੇ ਪ੍ਰੇਮ ਦੀ ਇੱਛਾ ਤੀਬਰ ਅਤੇ ਪ੍ਰਬਲ ਹੋ ਜਾਂਦੀ ਹੈ। ਹਿਰਦੇ ਵਿੱਚ ਪੈ ਰਹੀਆਂ ਪ੍ਰੇਮ ਦੀਆਂ ਕਸਕਾਂ, ਬੈਰਾਗੀ ਨੂੰ ਸਦਾ ਵਿਆਕੁਲ ਕਰਦੀਆਂ ਰਹਿੰਦੀਆਂ ਹਨ। ਐਸੇ ਬੈਰਾਗੀ ਲਈ ਘਰ-ਬਾਰ ਦੇ ਤਿਆਗ ਜਾਂ ਖ਼ਾਸ ਪ੍ਰਕਾਰ ਦੇ ਪਹਿਰਾਵੇ ਦੀ ਲੋੜ ਨਹੀਂ ਹੁੰਦੀ। ਪਰਮੇਸ਼ਰ ਦੇ ਪ੍ਰੇਮ ਅਤੇ ਮਿਲਾਪ ਦੀ ਚਾਹ ਤੋਂ ਹਿਰਦੇ ਵਿੱਚ ਉਤਪੰਨ ਹੋਈ ਸੁਭਾਵਿਕ ਉਪਰਾਮਤਾ ਹੀ ਉਸ ਨੂੰ ਸੱਚਾ ਬੈਰਾਗੀ ਬਣਾ ਦਿੰਦੀ ਹੈ।

ਗੁਰਸਿੱਖ ਸੱਚਾ ਬੈਰਾਗੀ ਹੁੰਦਾ ਹੈ। ਉਹ ਘਰ-ਬਾਰ ਛੱਡ ਕੇ ਬੈਰਾਗੀ ਦੇ ਰੂਪ ਵਿੱਚ ਨਹੀਂ ਭਟਕਦਾ ਫਿਰਦਾ। ਸੁਰਤ-ਸ਼ਬਦ-ਯੋਗ ਦੀ ਸਾਧਨਾ ਨਾਲ ਉਹਦੇ ਹਿਰਦੇ ਵਿੱਚ ਸੱਚਾ ਵੈਰਾਗ ਪੈਦਾ ਹੋ ਜਾਂਦਾ ਹੈ। ਐਸਾ ਬੈਰਾਗੀ ਸਤਿਗੁਰੂ ਦੀ ਸ਼ਰਨ ਵਿੱਚ ਆ ਕੇ, ਪਰਮਾਤਮਾ ਦੇ ਪ੍ਰੇਮ ਦਾ ਵਿਸਮਾਦੀ ਰਸ ਮਾਣਦਾ ਹੈ। ਸਤਿਗੁਰੂ ਦੀ ਸੋ ਸੁਣ ਕੇ ਬੈਰਾਗੀ ਦਾ ਤਨ-ਮਨ ਮੌਲ਼ ਉੱਠਦਾ ਹੈ। ਨਾਮ ਦੀ ਕਮਾਈ ਉਸ ਦੇ ਵੈਰਾਗ ਨੂੰ ਗੂੜ੍ਹਾ ਕਰਦੀ ਹੈ। ਅਧਿਆਤਮਿਕ ਉੱਨਤੀ ਕਰਦਾ ਹੋਇਆ, ਉਹ ਐਸੀ ਉੱਤਮ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਜਿਸ ਵਿੱਚ ਜਤਨ ਦਾ ਨਹੀਂ, ਸਹਿਜ ਦਾ ਵੈਰਾਗ ਉਤਪੰਨ ਹੁੰਦਾ ਹੈ।

---

39. ਇਸਤਰੀ 40. ਪ੍ਰੇਮ ਹੋਵੇ ਤਾਂ ਪੱਕਾ ਹੋਵੇ, 41. ਪਛਾਤਾ 42. ਕੱਚੇ ਪਿਆਰ ਵਾਲੇ 43. ਪ੍ਰੇਮ ਦੀ ਜਾਚ ਨਹੀਂ ਆਈ 44. ਮਾਲਕ (ਹਰੀ) ਤੋਂ ਬਿਨਾਂ 45. ਪੱਟ (ਰੇਸ਼ਮ) ਦੇ ਕਪੜੇ 46. ਅੱਗ ਨਾਲ 47. ਪ੍ਰੀਤਮ ਦੇ ਚਰਨਾਂ ਦੀ ਧੂੜ ਵਿੱਚ ਲੇਟ ਕੇ ਸੋਭਾ ਪਾਵਾਂ।

1. ਮਨੁ ਅਰਪਉ[1] ਧਨੁ ਰਾਖਉ ਆਗੈ [2]ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਪ੍ਰਭ ਕੀ ਹਰਿ ਕਥਾ ਸੁਨਾਵੈ [3]ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥ (204)

2. ਹਮਰਾ ਮਨੁ ਬੈਰਾਗ ਬਿਰਕਤੁ[4] ਭਇਓ ਹਰਿ ਦਰਸਨ ਮੀਤ ਕੈ ਤਾਈ ॥
ਜੈਸੇ ਅਲਿ[5] ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥
(ਮ: 4—369)

3. ਕੋਈ ਆਣਿ ਸਦੇਸਾ[6] ਦੇਇ ਪ੍ਰਭ ਕੇਰਾ
[7]ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥
[8]ਮਸਤਕੁ ਕਾਟਿ ਦੇਉ ਚਰਣਾ ਤਲਿ
ਜੋ ਹਰਿਪ੍ਰਭੁ ਮੇਲੇ ਮੇਲਿ ਮਿਲਈਆ ॥ (ਮ: 4—836)

4. ਮੈ ਮਨਿ ਤਨਿ ਪ੍ਰੇਮੁ ਅਗਮ[9] ਠਾਕੁਰ ਕਾ
ਖਿਨੁ ਖਿਨੁ ਸਰਧਾ[10] ਮਨਿ ਬਹੁਤੁ ਉਠਈਆ ॥
ਗੁਰ ਦੇਖੇ ਸਰਧਾ ਮਨ ਪੂਰੀ
[11]ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥ (ਮ: 4—836)

5. ਰੋਮਿ ਰੋਮਿ ਮਨਿ ਤਨਿ ਇਕ ਬੇਦਨ[12] ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥
ਬੈਦਕ[13] ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥
ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ
[14]ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥
ਜਿਨ ਕਉ ਪਿਆਸ ਹੋਇ ਪ੍ਰਭ ਕੇਰੀ[15]
ਤਿਨ ਅਵਰੁ ਨ ਭਾਵੈ ਬਿਨੁ ਹਰਿ ਕੋ ਦੂਈਆ[16] ॥ (ਮ: 4—836)

6. [17]ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥
ਜਿਨੀ ਮੇਰਾ ਪਿਆਰਾ ਰਾਵਿਆ[18] ਤਿਨ ਪੀਛੈ ਲਾਗਿ ਫਿਰਾਉ ॥ (ਮ: 4—41)

7. ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ[19] ॥
[20]ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥ (204)

---

1. ਅਰਪਣ ਕਰਾਂ 2. ਮਨ ਦੀ ਮੱਤ ਤਿਆਗ ਦਿੱਤੀ ਹੈ 3. ਹਰ ਰੋਜ਼ 4. ਤਿਆਗੀ (ਸੰਸਾਰਕ ਪਦਾਰਥਾਂ ਵੱਲੋਂ) 5. ਭੌਰਾ 6. ਸੁਨੇਹਾ ਦਵੇ, ਪ੍ਰਭੂ ਬਾਬਤ ਗੱਲਾਂ ਦੱਸੇ 7. ਹਿਰਦੇ ਵਿੱਚ, ਮਨ ਵਿੱਚ, ਤਨ ਵਿੱਚ 8. ਮੱਥਾ, ਭਾਵ ਸਿਰ ਕੱਟ ਕੇ ਉਸ ਦੇ ਪੈਰਾਂ ਹੇਠਾਂ ਰੱਖ ਦੇਵਾਂ 9. ਜਿਸ ਤੱਕ ਪਹੁੰਚ ਨਾ ਹੋ ਸਕੇ 10. ਪ੍ਰੀਤ 11. ਜਿਵੇਂ ਪਪੀਹਾ ਪੀਉ-ਪੀਉ ਕਰਦਾ ਹੈ ਤੇ ਮੀਂਹ ਦੀ ਬੂੰਦ ਮੂੰਹ ਵਿੱਚ ਪੈਣ ਨਾਲ ਸ਼ਾਂਤ ਹੁੰਦਾ ਹੈ 12. ਪੀੜ, ਬੀਮਾਰੀ 13. ਵੈਦਕ (ਹਕੀਮ) ਅਤੇ ਨਾਟਕ (ਨਾੜੀਆਂ ਦੇਖਣ ਵਾਲੇ) ਮੈਨੂੰ ਦੇਖ ਕੇ ਭੁੱਲ ਗਏ, ਹੈਰਾਨ ਹੋ ਗਏ. ਮੇਰੀ ਬੀਮਾਰੀ ਦਾ ਕੁਝ ਪਤਾ ਨਾ ਲੱਗਾ 14. ਜਿਸ ਤਰ੍ਹਾਂ ਨਸ਼ੇ ਤੋਂ ਬਿਨਾਂ ਨਸ਼ਈ ਮਰ ਜਾਂਦਾ ਹੈ 15. ਦੀ 16 ਦੂਸਰਾ 17. ਮੈਂ ਜਗਿਆਸੂ ਰੂਪੀ ਇਸਤ੍ਰੀ ਹਰ ਰੋਜ਼ ਸਾਵਧਾਨੀ ਨਾਲ ਪਰਮੇਸ਼ਰ ਪ੍ਰਾਪਤੀ ਦੇ ਮਾਰਗ ਬਾਰੇ ਪੁੱਛਦੀ ਰਹਿੰਦੀ ਹਾਂ; ਜੇ ਕੋਈ ਪ੍ਰਭੂ ਮਿਲਾਪ ਦਾ ਰਸਤਾ ਦੱਸੇ ਤਾਂ ਮੈਂ ਉਸ ਕੋਲ ਜਾਵਾਂ 18. ਜਿਨ੍ਹਾਂ ਨੂੰ ਪ੍ਰਭੂ ਮਿਲ ਚੁੱਕਾ ਹੈ 19. ਅਜਿਹੇ ਸ਼ਬਦ ਬੋਲਦੇ ਜਿਨ੍ਹਾਂ ਨਾਲ ਸੁਣਨ ਵਾਲੇ ਦਾ ਮਨ ਕੋਮਲ ਜਾਂ ਨਰਮ ਹੋ ਜਾਵੇ 20. ਤਰਾਜੂ (ਤੱਕੜੀ) 'ਤੇ ਰੱਖ ਕੇ।

8. ਕਦੇ ਨ ਵਿਸਾਰੀ ਅਨਦਿਨੁ ਸਮ੍ਾਰੀ ਜਾ ਨਾਮੁ ਲਈ ਤਾ ਜੀਵਾ ॥
ਸ੍ਰਵਣੀ[21] ਸੁਣੀ ਤਾ ਇਹੁ ਮਨੁ ਤ੍ਰਿਪਤੈ[22] ਗੁਰਮੁਖਿ[23] ਅੰਮ੍ਰਿਤੁ ਪੀਵਾ ॥ (690)
9. ਸੁਣਿ ਸਜਣ[24] ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ ॥
ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ ॥ (ਮ: 5—957)
10. ਮੇਰੈ ਅੰਤਰਿ ਲੋਚਾ[25] ਮਿਲਣ ਕੀ ਕਿਉ ਪਾਵਾ ਪ੍ਰਭ ਤੋਹਿ ॥
ਕੋਈ ਐਸਾ ਸਜਣੁ ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ ॥ (ਮ: 5—957)
11. ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥ (ਮ: 4—758)
12. ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ[26] ਕਸੁੰਭੈ ਭੁਲੀ ॥
ਤਉ ਸਜਣ ਕੀ ਮੈ ਕੀਮ[27] ਨ ਪਉਦੀ ਹਉ ਤੁਧੁ ਬਿਨੁ ਅਢੁ ਨ[28] ਲਹਦੀ ॥(963)
13. ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ[29] ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ[30] ਲਾਗੀ ॥
ਫਿਰਦੀ ਫਿਰਦੀ ਨਾਨਕ ਜੀਉ ਹਉ [31]ਫਾਵੀ ਥੀਈ ਬਹੁਤੁ [32]ਦਿਸਾਵਰ ਪੰਧਾ ॥
ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ ॥ (ਮ: 5,964)
14. ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ ॥
ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ ॥(ਮ: 5,964)
15. [33]ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ [34]ਨਾਮੁ ਜਪੰਦੜੀ ਲਾਲੀ ॥
ਪੰਧਿ ਜੁਲੰਦੜੀ[35] ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ[36] ॥(964)
16. ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥
ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥ (ਮ: 4—1421)
17. ਗੁਰਮੁਖਿ ਨਾਮਿ ਮਿਲੈ ਵਡਿਆਈ ॥
ਮਨਮੁਖਿ ਨਿੰਦਕਿ ਪਤਿ ਗਵਾਈ ॥
ਨਾਮਿ ਰਤੇ ਪਰਮਹੰਸ[37] ਬੈਰਾਗੀ ਨਿਜਘਰਿ[38] ਤਾੜੀ ਲਾਈ ਹੇ ॥ (1046)
18. ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪ੍ਰਿਰੀ ਦਿਖਾਵਏ ॥
ਨਾਨਕ ਹਰਿ ਹੋਇ ਦਇਆਲ ਤਾ ਗੁਰੁ ਪੂਰਾ ਮੇਲਾਵਾਏ ॥ (ਮ: 4—1421)

---

21. ਕੰਨਾਂ ਨਾਲ 22. ਰੱਜ ਜਾਏ 23. ਗੁਰੂ ਦੇ ਰਾਹੀਂ 24. ਵਾਹਿਗੁਰੂ 25. ਖ਼ਾਹਿਸ਼, ਚਾਹ 26. ਮਾਇਆ ਦੇ ਰੰਗ ਵਿੱਚ ਜੋ ਕਸੁੰਭੇ ਦੇ ਫੁੱਲ ਦੀ ਤਰ੍ਹਾਂ ਨਾਸ਼ਵੰਤ ਹੈ 27. ਕੀਮਤ 28. ਅੱਧੀ ਦਮੜੀ ਦਾ ਮੁੱਲ ਨਹੀਂ ਪਾਉਂਦੀ 29. ਸਭ ਛੱਡ ਦਿੱਤੀ ਹੈ 30. ਤੇਰੇ 31. ਵਿਆਕੁਲ ਹੋ ਗਈ 32. ਪ੍ਰਦੇਸ ਦੇ ਪੰਧ 33. ਸੋਭਾ, ਵਡਿਆਈ ਸੁਣਦਿਆਂ ਹੀ ਮੇਰਾ ਮਨ ਤਨ ਮੁੜ ਹਰਿਆ ਹੋ ਗਿਆ 34. ਨਾਮ ਜਪਦਿਆਂ ਖੁਸ਼ੀ ਦੀ ਲਾਲੀ ਚੜ੍ਹੀ ਹੈ 35. ਤੇਰੇ ਰਸਤੇ ਤੁਰਨ ਨਾਲ 36. ਨਿਹਾਲ ਹੋਈ ਹਾਂ 37. ਪੂਰਨ-ਪੁਰਖ, ਬ੍ਰਹਮ-ਗਿਆਨੀ 38. ਆਪਣੇ ਅਸਲੀ ਘਰ, ਭਾਵ ਹਰੀ ਵਿੱਚ ।

## ਸੱਜਣ

ਸਾਡਾ ਅਸਲ ਸੱਜਣ ਉਹ ਹੁੰਦਾ ਹੈ ਜੋ ਸਾਡਾ ਸੱਚਾ ਹਮਦਰਦ ਅਤੇ ਹਿਤੈਸ਼ੀ ਹੋਵੇ। ਸੱਚਾ ਸੱਜਣ ਸਾਡਾ ਭਲਾ ਸੋਚਦਾ ਹੈ, ਵਕਤ ਪੈਣ ਉੱਤੇ ਸਾਡੇ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਦਾ ਹੈ ਅਤੇ ਸਦਾ ਸਾਥ ਨਿਭਾਉਂਦਾ ਜਾਂ ਲੱਗੀ ਨੂੰ ਪਾਲਦਾ ਹੈ। ਦੁਨੀਆਂ ਦੇ ਮਿੱਤਰ, ਸੰਬੰਧੀ ਅਗਿਆਨੀ, ਸੁਆਰਥੀ, ਨਿਰਬਲ ਅਤੇ ਨਾਸ਼ਵਾਨ ਹੁੰਦੇ ਹਨ। ਜੋ ਮਨ, ਮਾਇਆ, ਕਾਲ, ਵਿਸ਼ੇ-ਵਿਕਾਰਾਂ ਤੋਂ ਆਪਣੀ ਸਹਾਇਤਾ ਨਹੀਂ ਕਰ ਸਕਦੇ, ਸਾਡੀ ਕੀ ਸਹਾਇਤਾ ਕਰਨ ਯੋਗ ਹਨ ? ਜੋ ਖ਼ੁਦ ਚੱਲਣ-ਹਾਰ ਹਨ, ਸਾਡੇ ਸਦਾ ਦੇ ਸਾਥੀ ਕਿਵੇਂ ਬਣ ਸਕਦੇ ਹਨ ? ਇੱਕ ਪਰਮੇਸ਼ਰ ਸਾਡਾ ਸੱਚਾ ਸੱਜਣ ਹੈ ਅਤੇ ਦੂਸਰੇ ਉਸ ਦੇ ਭਗਤ ਸੱਚੇ ਸੱਜਣ ਹਨ ਜੋ ਸਾਡਾ ਉਸ ਨਾਲ ਮਿਲਾਪ ਕਰਾਉਂਦੇ ਹਨ। ਇਸ ਲਈ ਗੁਰੂ ਨਾਨਕ ਸਾਹਿਬ ਸੰਸਾਰ ਦੇ ਝੂਠੇ ਤੇ ਕੱਚੇ ਸੱਜਣਾਂ ਦੀ ਥਾਂ ਪਰਮੇਸ਼ਰ ਅਤੇ ਸੰਤ-ਸਤਿਗੁਰੂ ਰੂਪੀ ਸੱਚੇ ਅਤੇ ਪੱਕੇ ਸੱਜਣਾਂ ਨਾਲ ਰਿਸ਼ਤਾ ਜੋੜਨ ਅਤੇ ਮਨਮੁੱਖਾਂ ਦੀ ਥਾਂ ਗੁਰਮੁੱਖਾਂ ਨਾਲ ਪ੍ਰੀਤ ਕਰਨ ਦਾ ਉਪਦੇਸ਼ ਦਿੰਦੇ ਹਨ।

ਦੁਨੀਆਂ ਦੇ ਸੱਜਣ ਜੀਂਦੇ-ਜੀਅ ਸਾਥ ਛੱਡ ਜਾਂਦੇ ਹਨ, ਪਰ ਸੰਤ-ਸਤਿਗੁਰੂ ਮੌਤ ਤੋਂ ਬਾਅਦ ਵੀ ਸਾਥ ਨਹੀਂ ਛੱਡਦੇ। ਉਹ ਐਸੇ ਪਰਮ-ਹਿਤੈਸ਼ੀ ਹਨ ਜੋ ਲੋਕ-ਪਰਲੋਕ ਦੋਹਾਂ ਵਿੱਚ ਸੱਜਣਤਾਈ ਨਿਭਾਉਂਦੇ ਹਨ। ਉਹ ਹਉਮੈ-ਮਮਤਾ, ਆਸਾ-ਤ੍ਰਿਸ਼ਨਾ ਦੀਆਂ ਮੈਲਾਂ ਧੋ ਕੇ ਹਿਰਦਾ ਨਿਰਮਲ ਕਰਦੇ ਹਨ, ਨਿੱਜ-ਘਰ ਦਾ ਰਾਹ ਦੱਸਦੇ ਹਨ, ਕਰਮਾਂ ਦੇ ਭਾਰੀ ਕਰਜ਼ੇ ਦੇ ਭੁਗਤਾਣ ਵਿੱਚ ਅਪਾਰ ਸਹਾਇਤਾ ਦਿੰਦੇ ਹਨ ਅਤੇ ਕਦੇ ਕਿਸੇ ਹਾਲਤ ਵਿੱਚ ਸਿੱਖ ਦਾ ਸਾਥ ਨਹੀਂ ਛੱਡਦੇ। ਉਹ ਅੰਦਰ, ਬਾਹਰ ਪੂਰੀ ਸੰਭਾਲ ਕਰਦੇ ਹਨ ਅਤੇ ਅੰਗ-ਸੰਗ ਹੋ ਕੇ ਆਤਮਾ ਨੂੰ ਪਰਮਾਤਮਾ ਨਾਲ ਮਿਲਾ ਕੇ ਪਰਮੇਸ਼ਰ ਦਾ ਰੂਪ ਬਣਾ ਦਿੰਦੇ ਹਨ। ਅਨੰਤ ਕਾਲ ਤੋਂ ਭਵ-ਸਾਗਰ ਸੰਸਾਰ ਵਿੱਚ ਭਟਕ ਰਹੀ ਆਤਮਾ ਨੂੰ ਪਰਮੇਸ਼ਰ ਨਾਲ ਮਿਲਾਉਣ ਦਾ ਮਹਾਨ ਕਾਰਜ ਕਰਨ ਵਾਲੇ ਨਿਸ-ਸੁਆਰਥ ਸਤਿਗੁਰੂ ਤੋਂ ਵੱਡਾ ਮਿੱਤਰ ਜਾਂ ਸੱਜਣ ਉਸ ਦਾ ਹੋਰ ਕਿਹੜਾ ਹੋ ਸਕਦਾ ਹੈ ?

1. **ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੇ ਸਾਹੁ ॥**
   **ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ[1] ॥** (ਮ: 5—1426)
2. **[2]ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥**
   **ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥** (ਮ: 5—520)

---

1. ਸਿਦਕ ਜਾਂ ਆਸਰਾ 2. ਜਿਨ੍ਹਾਂ ਦੇ ਆਇਆਂ ਸਾਡੀ ਭੈੜੀ ਮਤ ਦਰ ਹੋ ਜਾਂਦੀ ਹੈ, ਉਹੀ ਸਾਡੇ ਮਿੱਤਰ ਹਨ; ਹਰੀ ਦੇ ਇਹੋ ਜੇਹੇ ਦਾਸ ਵਿਰਲੇ ਹੀ ਹਨ।

3. ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥ (ਮ: 5—1102)
4. ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ੍ ॥ (ਮ: 1—729)
5. ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ॥
ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ ॥ (ਮ: 5—298)
6. ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿਨਾਮੁ ਹਿਰਦੈ ਦੇਇ ॥
ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥ (ਮ: 5—218)
7. ਸੇ ਸੈਣ[3] ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥
ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ ॥ (ਮ: 3—643)
8. ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥ (ਮ: 3—517)
9. ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥
ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ[4] ॥ (ਮ: 3—756)
10. ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥
ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥ (ਮ: 3—37)
11. ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥
ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥ (ਮ: 4—1423)
12. ਹਉ ਢੂੰਢੇਂਦੀ ਸਜਣਾ ਸਜਣੁ ਮੈਡੈ[5] ਨਾਲਿ ॥
ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥ (ਮ: 4—1318)
13. ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥
ਕੁਮਿਤ੍ਰਾ ਸੇਈ ਕਾਂਢੀਅਹਿ[6] ਇਕ ਵਿਖ ਨ ਚਲਹਿ ਸਾਥਿ ॥ (ਮ: 5—318)
14. ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥
ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥
ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ ॥
ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥ (ਮ: 3—587)
15. ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ ॥
ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥ (ਮ: 3—643)
16. ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥
ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ[7] ॥ (ਮ: 2—474)

3. ਰਿਸ਼ਤੇਦਾਰ 4. ਲੱਭਦੇ ਹਨ 5. ਮੇਰੇ ਨਾਲ 6. ਗਿਣੇ ਜਾਂਦੇ ਹਨ 7. ਨਿਰਣਾ ਕਰ ਕੇ ।

17. ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ[8] ॥ (ਮ: 2–474)

18. ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ ॥
ਮਨਮੁਖ ਸਉ ਕਰਿ ਦੋਸਤੀ ਸੁਖੁ ਕਿ ਪੁਛਹਿ ਮਿਤ ॥
ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥
ਜਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥ (ਮ: 3–1421)

19. ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥
ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥
(ਮ: 3–587)

20. ਮਨਮੁਖ ਸੇਤੀ[9] ਦੋਸਤੀ ਥੋੜੜਿਆ ਦਿਨ ਚਾਰਿ ॥
ਇਸੁ ਪਰੀਤੀ ਤੁਟਦੀ ਵਿਲਮੁ[10] ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥
(ਮ: 3–587)

21. ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ [11]ਗੰਧੁ ॥ (ਮ: 5—959)

22. ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ[12] ॥
ਜਮਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ । (ਮ: 3–755)

23. ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥ (ਮ: 3–755)

24. ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੇ ਮੀਤ ॥
ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ ॥ (ਕਬੀਰ, 1365)

---

8. ਨਾਂ-ਨਿਸ਼ਾਨ 9. ਆਪ-ਹੁਦਰਿਆਂ ਨਾਲ 10. ਦੇਰ 11. ਮੰਦਾ ਬੋਲਦੇ ਹਨ ਗਾਲ੍ਹਾਂ ਦਿੰਦੇ ਹਨ 12. ਮਨਮੁੱਖ ਸੜ ਮਰਦੇ ਹਨ (ਦੁਨੀਆਂ ਦੇ ਪਿਆਰ ਵਿੱਚ)।

## ਗੁਰਮੁੱਖ

ਜੋ ਸਾਧਕ ਸਦਾ ਗੁਰੂ ਦੇ ਉਪਦੇਸ਼ ਉੱਤੇ ਚੱਲਦਾ ਹੈ ਅਤੇ ਮਨ ਦੀ ਮੱਤ ਦੀ ਥਾਂ ਗੁਰੂ ਨੂੰ ਮੁੱਖ ਰੱਖਦਾ ਹੈ, ਉਹੀ ਗੁਰਮੁੱਖ ਦੀ ਪਦਵੀ ਪ੍ਰਾਪਤ ਕਰਨ ਦੇ ਯੋਗ ਬਣਦਾ ਹੈ। ਗੁਰਮੁੱਖ ਸਦਾ ਸਤਿਗੁਰੂ ਦਾ ਸ਼ਬਦ ਕਮਾਉਂਦਾ ਹੈ ਅਤੇ 'ਹਰਿ ਦੇ ਨਾਮ' ਵਿੱਚ ਲਿਵਲੀਨ ਰਹਿੰਦਾ ਹੈ। ਗੁਰਮੁੱਖ ਨੇ ਆਪਣਾ ਮਨ ਸ਼ਬਦ ਦੁਆਰਾ ਵੱਸ ਵਿੱਚ ਕਰ ਲਿਆ ਹੁੰਦਾ ਹੈ। ਉਸ ਦਾ ਆਧਾਰ ਕੇਵਲ 'ਸੱਚਾ ਨਾਮ' ਹੁੰਦਾ ਹੈ, ਜਿਸ ਦੁਆਰਾ ਉਸ ਦੀਆਂ ਸਭ ਭੁੱਖਾਂ ਦੂਰ ਹੋ ਜਾਂਦੀਆਂ ਹਨ। ਉਹ ਸਮਦਰਸ਼ੀ ਹੁੰਦਾ ਹੈ, ਭਾਵ ਸਭ ਨੂੰ ਇੱਕ ਨਜ਼ਰ ਨਾਲ ਵੇਖਦਾ ਹੈ। ਇਸ ਲਈ ਉਸ ਦੀ 'ਦੂਈ ਦੀ ਭਾਵਨਾ' ਅਤੇ ਹਉਮੈ ਮਿਟ ਜਾਂਦੀ ਹੈ। ਉਹ ਸਦਾ ਸ਼ਾਂਤੀ, ਖੇੜੇ ਤੇ ਆਨੰਦ ਵਿੱਚ ਰਹਿੰਦਾ ਹੈ। ਉਸ ਦਾ ਟਿਕਾਣਾ ਤਿੰਨਾਂ ਗੁਣਾਂ ਤੋਂ ਉੱਪਰ ਚੌਥੇ ਪਦ ਦੀ ਸਹਿਜ ਅਵਸਥਾ ਵਿੱਚ ਹੁੰਦਾ ਹੈ, ਜਿੱਥੇ ਨਾ ਕੋਈ ਊਂਘ ਤੇ ਨਾ ਕੋਈ ਭੁੱਖ ਸਤਾਉਂਦੀ ਹੈ। ਐਸੇ ਗੁਰਮੁਖ ਦੇ ਬਚਨ ਅਤੇ ਦ੍ਰਿਸ਼ਟੀ ਅੰਮ੍ਰਿਤ ਭਰੇ ਹੁੰਦੇ ਹਨ।

ਗੁਰਮੁੱਖ ਦੀ ਗਤੀ ਅਗਾਧ ਹੈ। ਗੁਰਮੁੱਖ ਅੰਦਰ ਇਤਨੀ ਸ਼ਕਤੀ ਪੈਦਾ ਹੋ ਜਾਂਦੀ ਹੈ ਕਿ ਉਹ ਆਪਣੇ ਕਮਾਏ ਹੋਏ ਨਾਮ ਦੀ ਇਕ ਕਣੀ ਨਾਲ ਕਰੋੜਾਂ ਜੀਵਾਂ ਦਾ ਉੱਧਾਰ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਅਸਲ ਉਦੇਸ਼ ਹੀ ਮਨਮੁੱਖ ਜੀਵ ਨੂੰ ਗੁਰਮੁੱਖ ਬਣਨ ਦੀ ਪ੍ਰੇਰਨਾ ਦੇਣਾ ਅਤੇ ਉਹ ਮਾਰਗ ਉਲੀਕਣਾ ਹੈ, ਜਿਸ ਉੱਤੇ ਚੱਲ ਕੇ, ਉਹ ਇਸ ਮੰਤਵ ਦੀ ਪ੍ਰਾਪਤੀ ਕਰ ਸਕੇ।

1. ਗੁਰਮੁਖਿ ਸਦਾ ਦਰਿ ਸੋਹਣੇ ਗੁਰ ਕਾ ਸਬਦੁ ਕਮਾਹਿ ॥
   ਅੰਤਰਿ ਸਾਂਤਿ ਸਦਾ ਸੁਖੁ ਦਰਿ ਸਚੈ ਸੋਭਾ ਪਾਹਿ ॥ (ਮ: 3–591)
2. ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥
   ਮਨਹੀ ਨਾਲ ਝਗੜਾ ਮਨਹੀ ਨਾਲ ਸਥ ਮਨਹੀ ਮੰਝ ਸਮਾਇ ॥ (ਮ: 3, 87)
3. ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ [1]ਦਸਵੈ ਆਕਾਸਿ ॥
   ਤਿਥੈ ਊਂਘ[2] ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥ (ਮ: 3–1414)
4. ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ ॥
   ਸਦਾ ਸਦਾ ਹਰਿ ਗੁਣ ਰਵਹਿ[3] ਅੰਤਰਿ ਸਹਜ ਧਿਆਨੁ ॥
   ਓਇ ਸਦਾ ਅਨਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥

---

1. ਦਸਵੇਂ ਦੁਆਰ ਜਾਂ ਸਹਿਜ ਦੀ ਪੂਰਨ ਅਡੋਲਤਾ ਵਿੱਚ 2. ਨੀਂਦ 3. ਸਿਮਰਦੇ ਹਨ।

ਤਿਨਾ ਨਦਰੀ ਇਕੋ ਆਇਆ ਸਭੁ ਆਤਮਰਾਮੁ ਪਛਾਨੁ ॥ (ਮ: 3, 1418)

5. ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ ॥
ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥ (ਮ: 3–853)

6. ਆਵਣ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ[4] ॥
ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥ (ਮ: 5—608)

7. ਤ੍ਰੈਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ[5] ਪਦੁ ਚੀਨੈ[6] ਰਾਮ ਨਾਮਿ ਸੁਖੁ ਹੋਈ ॥ (ਮ: 4—604)

8. ਮਨ ਤਨ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥
ਧਨ ਗੁਰਮੁਖ ਸੁ ਪਰਵਾਣ ਹੈ ਕਦੇ ਨ ਆਵੈ ਹਾਰ ॥ (ਮ: 1–28)

9. ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ (ਮ: 4–313)

10. ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮਰਾਮੁ ਪਛਾਣੀ ॥
ਏਕੋ ਸੇਵਨਿ ਏਕੁ ਅਰਾਧਹਿ[7] ਗੁਰਮੁਖਿ [8]ਅਕਥ ਕਹਾਣੀ ॥ (ਮ: 3–69)

11. [9]ਚਾਰੇ ਅਗਨਿ ਨਿਵਾਰਿ[10] ਮਰੁ ਗੁਰਮੁਖਿ ਹਰਿ ਜਲੁ ਪਾਇ ॥
[11]ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ (ਮ: 1–21)

12. ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥
ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥ (ਮ: 4—1317)

13. [12]ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਈ ॥
ਹਰਿਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥
ਅਨਹਦ ਧੁਨਿ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥ (ਮ: 4—42)

14. ਤ੍ਰੈਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥
ਕਰਿ ਕਿਰਪਾ ਮੇਲਾਇਅਨੁ ਹਰਿਨਾਮੁ ਵਸਿਆ ਮਨਿ ਆਇ ॥ (ਮ: 3—30)

15. ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ॥
ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ[13] ਆਇਆ ਸੋਇ ॥ (1244)

16. ਗੁਰਮੁਖਿ ਅੰਮ੍ਰਿਤ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥
ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥ (ਮ: 3—1250)

17. ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰ ॥

---

4. ਜਨਮ ਮਰਨ ਨਹੀਂ ਮਿਟਦਾ; ਦੁਨੀਆਂ ਦਾ ਹੰਕਾਰ ਝੂਠਾ ਹੈ 5. ਪੂਰਨ ਅਡੋਲਤਾ ਦੀ ਅਵਸਥਾ 6. ਪ੍ਰਾਪਤ ਕਰੇ 7. ਸਿਮਰਦੇ ਹਨ 8. ਗੁਰਮੁਖਾਂ ਦੀ ਕਥਾ (ਸਾਰ) ਅਕੱਥ ਹੈ 9. "ਹੰਸ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ" (ਮਾਂਝ ਮਹਲਾ 1) 10. ਦੂਰ ਕਰਕੇ 11. ਅੰਦਰ ਹਿਰਦੇ ਕੰਵਲ ਖਿੜ ਜਾਂਦਾ ਹੈ ਅਤੇ ਰੱਜ ਕੇ ਅੰਮ੍ਰਿਤ ਪੀ ਲੈਂਦਾ ਹੈ 12. ਗੁਰੂ ਦੀ ਰਜ਼ਾ ਵਿੱਚ ਚੱਲਣ ਵਾਲੇ ਸਿੱਖਾਂ ਨੂੰ ਰਸਤਾ ਸਾਫ਼ ਦਿਸਦਾ ਹੈ 13. ਸੌਖਾ, ਸਫਲਾ ।

ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥ (ਮ: 3—1414)

18. [14]ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥
[15]ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ (ਮ: 3—66)

19. ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥
[16]ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥ (ਮ: 3—39)

20. ਸਾਚਾ ਸਬਦ ਸਿਫਤ ਹੈ ਸਾਚੀ ਸਾਚਾ ਮੰਨ ਵਸਾਇ ॥
ਸਚੀ ਬਾਣੀ ਗੁਰਮੁਖ ਆਖੈ ਹਉਮੈ ਵਿਚਹੁ ਜਾਇ ॥ (ਮ: 3—753)

21. ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥
[17]ਗੁਰਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ ॥ (ਮ: 3—647)

22. [18]ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥
ਗੁਰਮੁਖਿ ਜਾਇ ਮਿਲੈ [19]ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥ (1310)

23. ਜਿਨੀ ਇਕੁ ਪਛਾਣਿਆ ਦੂਜਾ ਭਉ ਚੁਕਾਇ ॥
ਗੁਰਮੁਖਿ ਨਾਮੁ ਪਛਾਣੀਐ ਨਾਨਕ ਸਚਿ ਸਮਾਇ ॥ (ਮ: 3—38)

24. [20]ਤ੍ਰੈਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ[21] ਸਭ ਸਮ[22] ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਾਈਆ ॥
(ਮ: 4—833)

25. ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
[23]ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ[24] ॥ (309)

26. ਅਨਦਿਨੁ[25] ਸਹਜਿ ਰਹੈ ਰੰਗਿ ਰਾਤਾ ਰਾਮਨਾਮੁ ਰਿਦ ਪੂਜਾ ॥
ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥ (ਮ: 4—775)

---

14. ਗੁਰਮੁੱਖ ਬ੍ਰਹਮ-ਰੂਪ ਹਰਿਆ ਭਰਿਆ ਦ੍ਰਖ਼ਤ ਹੈ, ਜੋ ਸੁਭਾਵਿਕ ਹੀ ਸੱਚੇ ਹਰੀ ਵਿੱਚ ਹੈ 15. ਤਿੰਨ ਗੁਣ ਰੂਪ ਸ਼ਾਖਾਂ ਨੂੰ ਦੂਰ ਕੀਤਾ ਹੈ 16. ਬ੍ਰਹਮ ਵੀ ਗੁਰੂ ਰਾਹੀਂ ਹੀ ਬੋਲਦਾ ਹੈ 17. ਗੁਰੂ ਦੇ ਨਾਮ ਦਾਨ ਰੂਪੀ ਪ੍ਰਸ਼ਾਦ ਨਾਲ ਹੀ ਜਿਉਂਦਿਆਂ ਮਰਨ ਦੀ ਜਾਚ ਸਿੱਖੀ ਜਾਂਦੀ ਹੈ 18. ਗੁਰਮੁਖ ਨੇ ਹੀ ਹਰੀ ਨੂੰ ਜਾਣਿਆਂ ਹੈ ਅਤੇ ਗੁਰਮੁਖ ਹੀ ਉਸ ਨੂੰ ਲਭਾਉਂਦਾ ਹੈ 19. ਸੱਚ ਖੰਡ 20. ਤਿੰਨਾਂ ਗੁਣਾਂ ਵਾਲੀ ਹਾਲਤ ਨੂੰ ਤਾਂ ਮਾਇਆ ਦਾ ਮੋਹਰਾ ਜਾਂ ਜ਼ਹਿਰ ਚੰਬੜਦਾ ਹੈ, ਚੌਥੀ ਅਵਸਥਾ (ਸਹਿਜ ਦੀ) ਗੁਰੂ ਰਾਹੀਂ ਹੀ ਪ੍ਰਾਪਤ ਹੁੰਦੀ ਹੈ 21. ਨਜ਼ਰ 22. ਤੁੱਲ, ਬਰਾਬਰ, ਸਮਾਨ 23. ਗੁੱਝੇ ਰਤਨ ਅਮੋਲਕ ਗੁਣ 24. ਖੋਦ ਕੇ 25. ਹਮੇਸ਼ਾ ।

## ਮਨਮੁੱਖ

ਗੁਰਮਤਿ-ਚਿੰਤਨ ਵਿੱਚ ਸੰਸਾਰ ਦੇ ਜੀਵਾਂ ਨੂੰ ਮਜ਼ਬਾਂ, ਮੁਲਕਾਂ, ਕੌਮਾਂ, ਵਰਣਾਂ, ਜਾਤਾਂ-ਪਾਤਾਂ, ਰੰਗਾਂ, ਰੂਪਾਂ, ਜਿਨਸਾਂ ਜਾਂ ਸੰਸਾਰਿਕ ਪ੍ਰਾਪਤੀਆਂ ਦੇ ਆਧਾਰ ਉੱਤੇ ਨਹੀਂ ਵੰਡਿਆ ਗਿਆ। ਇਸ ਵਿੱਚ ਜੀਵਾਂ ਨੂੰ ਮਨ-ਮੁੱਖ ਅਤੇ ਗੁਰਮੁੱਖ ਦੀ ਸਰਵ-ਵਿਆਪਕ ਵੰਡ ਵਿੱਚ ਵੰਡਿਆ ਗਿਆ ਹੈ। ਜਿਹੜਾ ਮਨ ਨੂੰ ਮੁੱਖ ਰੱਖਦਾ ਹੈ, ਜਿਸ ਦੇ ਕਾਰਜਾਂ ਦੀ ਸੰਚਾਲਕ ਸ਼ਕਤੀ ਮਨ ਹੈ, ਉਹ ਮਨਮੁੱਖ ਹੈ ਅਤੇ ਜੋ ਮਨ ਦੀ ਮੱਤ ਤਿਆਗ ਕੇ, ਗੁਰੂ ਦੀ ਮੱਤ ਉੱਤੇ ਚੱਲਦਾ ਹੈ, ਉਹ ਗੁਰਮੁੱਖ ਹੈ।

ਮਨ ਦੀ ਪਰਵਿਰਤੀ ਹੇਠਾਂ ਇੰਦਰੀਆਂ ਵਲ ਅਤੇ ਬਾਹਰ ਸੰਸਾਰ ਦੇ ਭੋਗਾਂ ਵਲ ਦੀ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਮਨ ਦੇ ਹਥਿਆਰ ਹਨ। ਮਨ ਸਦਾ ਆਪਣੀ ਆਸਾ-ਮਨਸਾ ਦੀ ਪੂਰਤੀ ਚਾਹੁੰਦਾ ਹੈ। ਇਸ ਲਈ ਮਨਮੁੱਖ ਵਿਸ਼ਿਆਂ-ਵਿਕਾਰਾਂ, ਇੰਦਰੀਆਂ ਦੇ ਭੋਗਾਂ, ਹਉਮੈ, ਮਮਤਾ, ਮਨਸਾ-ਕਾਮਨਾ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਉਹ ਮਨ ਨੂੰ ਭੋਗਾਂ, ਵਿਕਾਰਾਂ ਆਦਿ ਤੋਂ ਰੋਕਣ ਦੀ ਥਾਂ ਅਤੇ ਮਨ ਦਾ ਸੁਆਮੀ ਬਣ ਕੇ ਵਿਚਰਨ ਦੀ ਥਾਂ ਮਨ ਦਾ ਦਾਸ ਬਣਿਆ ਰਹਿੰਦਾ ਹੈ।

ਮਨਮੁੱਖ ਜਾਂ ਸਾਕਤ ਪੁਰਸ਼ ਮਾਇਆਵੀ ਪਦਾਰਥਾਂ ਦੀ ਮ੍ਰਿਗ-ਤ੍ਰਿਸ਼ਨਾ ਪਿੱਛੇ ਦੌੜਦਾ ਸੁੱਖ ਦੀ ਪ੍ਰਾਪਤੀ ਲਈ ਹੈ, ਪਰ ਮਿਲਦਾ ਉਸ ਨੂੰ ਦੁੱਖ ਹੈ। ਉਹ ਦੁੱਖ ਵਿੱਚ ਹੀ ਜੰਮਦਾ ਹੈ ਅਤੇ ਦੁੱਖ ਵਿੱਚ ਹੀ ਮਰ ਜਾਂਦਾ ਹੈ। ਉਸ ਨੂੰ ਸੁਪਨੇ ਵਿੱਚ ਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਉਹ ਸੱਚੇ ਸੁੱਖ-ਸਾਗਰ ਦਾਤਾਰ ਨੂੰ ਵਿਸਾਰ ਕੇ ਦਿਨ-ਰਾਤ ਦਾਤਾਂ ਪਿੱਛੇ ਦੌੜਿਆ ਫਿਰਦਾ ਹੈ। ਉਸ ਨੂੰ ਨਾ ਦਿਨੇ ਆਰਾਮ ਹੈ ਨਾ ਰਾਤ ਨੂੰ ਚੈਨ ਹੈ। ਮਾਲਕ ਉਸ ਨੂੰ ਦੁਨੀਆਂ ਵਿੱਚ ਜੋ ਮਰਜ਼ੀ ਦੇ ਦੇਵੇ, ਉਹ ਕਦੇ ਮਾਲਕ ਤੋਂ ਮਾਲਕ ਨਹੀਂ ਮੰਗਦਾ। ਉਹ ਹਰ ਸਮੇਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਪਰਵਿਰਤ ਰਹਿੰਦਾ ਹੈ। ਜੋ ਮਿੱਤਰ-ਸੰਬੰਧੀ ਉਸ ਨੂੰ ਕਰਮਾਂ ਦੇ ਸੰਜੋਗ ਨਾਲ ਮਿਲਦੇ ਹਨ, ਇਹ ਉਨ੍ਹਾਂ ਦੇ ਮੋਹ-ਜਾਲ ਵਿੱਚ ਫਸਿਆ ਰਹਿੰਦਾ ਹੈ, ਪਰ ਨਾਮ ਅਤੇ ਸਤਿਗੁਰੂ ਰੂਪੀ ਸੱਚੇ ਮਿੱਤਰਾਂ ਵਲ ਕਦੇ ਧਿਆਨ ਨਹੀਂ ਦਿੰਦਾ—ਕਰਮ-ਧਰਮ ਦੇ ਹੰਕਾਰ ਵਿੱਚ ਰਹਿੰਦਾ ਹੈ, ਅੰਤਰ-ਮੁੱਖ ਭਗਤੀ ਨਹੀਂ ਕਰਦਾ।

ਮਨਮੁੱਖ ਦਾ ਮਨ ਆਪ-ਹੁਦਰਾ, ਚੰਚਲ, ਅਮੋੜ ਤੇ ਅਭਿੱਜ ਰਹਿੰਦਾ ਹੈ। ਸ਼ਬਦ ਦੀ ਪਿਆਰੀ ਧੁਨੀ ਅਤੇ ਪਵਿੱਤਰ ਪ੍ਰਕਾਸ਼ ਤੋਂ ਵਾਕਫ਼ ਨਾ ਹੋਣ ਕਾਰਨ ਉਹ ਪਰਮਾਰਥਕ ਦ੍ਰਿਸ਼ਟੀ ਤੋਂ ਅੰਨ੍ਹਾ-ਬੋਲਾ ਹੁੰਦਾ ਹੈ। ਮਨਮੁੱਖ ਅਥਵਾ ਸਾਕਤ ਪੁਰਖ ਐਸੇ ਉਧੇ ਕੰਵਲ ਦੀ ਤਰ੍ਹਾਂ ਹੁੰਦਾ ਹੈ, ਜਿਸ ਉੱਤੇ 'ਪ੍ਰਭੂ-ਭਗਤੀ' ਜਾਂ 'ਨਾਮ' ਦਾ ਕੋਈ ਅਸਰ ਨਹੀਂ ਹੁੰਦਾ।

ਮਨਮੁੱਖ ਦੁਸ਼ਟਾਂ ਨਾਲ ਪਿਆਰ ਅਤੇ ਪਰਮੇਸ਼ਰ ਦੇ ਭਗਤਾਂ-ਪਿਆਰਿਆਂ ਨਾਲ ਵੈਰ ਰੱਖਦਾ ਹੈ। ਸੰਤਾਂ ਦੀ ਪ੍ਰੀਤ ਪ੍ਰਤੀਤ ਦੀ ਥਾਂ ਉਹ ਉਨ੍ਹਾਂ ਦੀ ਨਿੰਦਿਆ ਕਰਨ ਵਿੱਚ ਲੱਗਾ ਰਹਿੰਦਾ ਹੈ ਤੇ ਆਪਣੇ ਮਨ ਦੀ ਹੋਛੀ ਮਤਿ ਨੂੰ ਹੀ ਉੱਚੀ ਸਮਝਦਾ ਹੈ। ਇਸ ਲਈ ਉਹ ਬਾਰ-ਬਾਰ ਜਮਾਂ ਦੀਆਂ ਚੋਟਾਂ ਸਹਿੰਦਾ ਹੈ।

1. ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥
ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ[1] ॥
ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ ॥
ਜੋ ਦੇਵੈ ਤਿਸੈ ਨ ਜਾਣਈ [2]ਦਿਤੇ ਕਉ ਲਪਟਾਇ ॥ (ਮ: 3—947)
2. ਮਨਮੁਖ ਮੰਨੁ [3]ਅਜਿਤੁ ਹੈ ਦੂਜੈ ਲਗੈ ਜਾਇ ॥
ਤਿਸ ਨੋ ਸੁਖੁ [4]ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥ (ਮ: 3—644)
3. ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥ (ਮ: 4,316)
4. [5]ਧੰਧਾ ਧਾਵਤ ਦਿਨੁ ਗਇਆ ਰੈਣਿ[6] ਗਵਾਈ ਸੋਇ ॥
ਕੂੜੁ ਬੋਲਿ ਬਿਖੁ[7] ਖਾਇਆ ਮਨਮੁਖਿ ਚਲਿਆ ਰੋਇ ॥ (ਮ: 3—948)
5. ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥
ਬਹੁ ਜੋਨੀ ਭਉਦਾ ਫਿਰੈ [8]ਜਿਉ ਸੁੰਞੈ ਘਰਿ ਕਾਉ ॥ (ਮ: 3—30)
6. ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ[9] ॥
ਨਾਰੀ ਦੇਖਿ ਵਿਗਾਸੀਅਹਿ[10] ਨਾਲੇ ਹਰਖੁ[11] ਸੁ ਸੋਗੁ ॥ (ਮ: 1—63)
7. ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ ॥
ਸੰਤਜਨਾ ਕੀ ਕਥਾ ਨ ਭਾਵੈ ਓਇ ਡੂਬੇ [12]ਸਣੁ ਪਰਵਾਰੀ ॥ (ਮ: 4—507)
8. ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ (ਮ: 3—1248)
9. ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ ॥ (ਮ: 5—601)

---

1. ਉਹਦੀ ਉਮਰ ਹਉਮੈ ਵਿੱਚ ਗੁਜ਼ਰਦੀ ਹੈ 2. ਪ੍ਰਭੂ ਦੀ ਦਿੱਤੀ ਹੋਈ ਦਾਤ ਵਿੱਚ ਹੀ ਫਸਿਆ ਰਹਿੰਦਾ ਹੈ 3. ਆਪ ਹੁਦਰੇ ਆਦਮੀ ਦਾ ਮਨ ਕਾਬੂ ਵਿੱਚ ਨਹੀਂ ਆਉਂਦਾ ਅਤੇ ਮਾਇਆ ਦੇ ਮੋਹ ਵਿੱਚ ਜਾ ਲੱਗਦਾ ਹੈ 4. (ਐਸੇ ਜੀਵ ਨੂੰ) ਸੁਪਨੇ ਵਿੱਚ ਵੀ ਸੁੱਖ ਨਹੀਂ ਮਿਲਦਾ, ਨਿਰੇ ਦੁੱਖ ਵਿੱਚ ਹੀ ਉਮਰ ਲੰਘਦੀ ਹੈ 5. ਧੰਧਿਆਂ ਵਿੱਚ ਦੌੜਦਿਆਂ 6. ਰਾਤ 7. ਜ਼ਹਿਰ 8. ਸੱਖਣੇ ਘਰ ਵਿੱਚ ਕਾਂ 9. ਜੋ ਸੰਜੋਗਾਂ ਕਰਕੇ ਇਕੱਠੇ ਹੋਏ ਹਨ 10. ਖਿੜ ਜਾਂਦੇ ਹਨ 11. ਖ਼ੁਸ਼ੀ 12. ਸਮੇਤ ਟੱਬਰ ਦੇ।

10. [13]ਮਨਮੁਖੁ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ ॥ (ਮ: 3–511)

11. [14]ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨਾ ਅੰਤਰਿ ਹਰਿ ਸੁਰਤਿ ਨਾਹੀ ॥
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮਰਾਇ ਕੈ ਜਾਂਹੀ ॥ (ਮ: 3—1418)

12. ਦੁਸਟਾ ਸੇਤੀ [15]ਪਿਰਹੜੀ ਜਨ[16] ਸਿਉ ਵਾਦ[17] ਕਰੰਨ ॥
ਨਾਨਕ ਸਾਕਤ ਨਰਕ ਮਹਿ ਜਮ ਬਾਧੇ ਦੁਖ ਸਹੰਨ ॥ (ਮ: 3—854)

13. ਤਿਲੁ ਤਿਲੁ ਪਲੁ ਪਲੁ ਅਉਧ[18] ਫੁਨਿ ਘਾਟੈ[19] ਬੂਝਿ ਨ ਸਕੈ ਗਵਾਰੁ ॥
ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ[20] ॥ (1200)

14. ਮਨਮੁਖ ਬੋਲੇ ਅੰਧੁਲੇ [21]ਤਿਸੁ ਮਹਿ ਅਗਨੀ ਕਾ ਵਾਸੁ ॥
[22]ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥ (ਮ: 3—1415)

15. ਕਬੀਰ ਸਾਕਤ ਐਸਾ ਹੈ ਜੈਸੀ ਲਸਨ[23] ਕੀ ਖਾਨ ॥
ਕੋਨੇ ਬੈਠੇ ਖਾਈਐ ਪਰਗਟਿ ਹੋਇ ਨਿਦਾਨ[24] ॥ (ਕਬੀਰ—1365)

16. ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥
ਅਨਦਿਨੁ ਧੰਧੇ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥ (ਮ: 1—59)

17. ਮਨਮੁਖ ਉਭੇ ਸੁਕ ਗਏ ਨ ਫਲ ਤਿਨਾ ਛਾਉ ॥
ਤਿਨਾ ਪਾਸ ਨ ਬੈਸੀਐ[25] ਓਨਾ ਘਰ ਨ ਗਰਾਉ ॥

18. ਮਨਮੁਖ ਨਾਮੁ ਨ ਚੇਤਨੀ ਬਿਨੁ ਨਾਵੈ ਦੁਖ ਰੋਇ ॥
ਆਤਮਾਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ ॥ (ਮ: 3—1414)

19. ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ॥
ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ ॥ (ਮ: 3—98)

20. ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ[26] ਮਰਿ ਬਿਨਸਿ ਜਾਇ ਖਿਨ[27] ਵਾਰ ॥ (1417)

21. ਮਨਮੁਖੁ ਜਗਤੁ ਨਿਰਧਨੁ ਹੈ [28]ਮਾਇਆ ਨੋ ਬਿਲਲਾਇ ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ ॥
ਸਦਾ ਚਿੰਤ ਚਿਤਵਦਾ ਰਹੈ ਸਹਸਾ[29] ਕਦੇ ਨ ਜਾਇ ॥ (ਮ: 3—1092)

---

13. ਆਪ-ਹੁਦਰਾ ਆਦਮੀ ਪੁੱਠਾ ਕਉਲ ਫੁਲ ਹੈ (ਮਨਮੁਖ ਦਾ ਹਿਰਦੇ ਕਮਲ ਨਾ ਸਿੱਧਾ ਹੁੰਦਾ ਹੈ ਅਤੇ ਨਾ ਹੀ ਖਿੜਦਾ ਹੈ ਪਰ ਗੁਰਮੁੱਖ ਦਾ ਹਿਰਦਾ ਕਮਲ ਗੁਰੂ ਦੀ ਮੱਤ 'ਤੇ ਚੱਲਣ ਕਰਕੇ ਸਿੱਧਾ ਹੋ ਕੇ ਖਿੜ ਉਠਦਾ ਹੈ 14. ਮਨਮੁੱਖ ਬਾਲਕ ਵੀ ਬੁੱਢਿਆਂ ਵਾਂਗ ਨਿਰਬਲ ਹੁੰਦਾ ਹੈ 15. ਪਿਆਰ 16. ਸੰਤ ਜਨ 17. ਝਗੜਾ 18 ਉਮਰ 19. ਘਟਦੀ ਹੈ 20. ਕਿਰਿਆ, ਇਹ ਮਾਦਾ-ਪ੍ਰਸਤ ਦੀ ਰਹਿਣ ਹੈ 21. ਉਨ੍ਹਾਂ ਦੀ ਸੁਰਤਿ ਅੰਦਰ ਤ੍ਰਿਸ਼ਨਾ ਦੀ ਅੱਗ ਰਹਿੰਦੀ ਹੈ 22. ਸੁਰਤ ਧੁਨਿ ਵਿੱਚ ਨਹੀਂ ਲਾਉਂਦੇ 23. ਥੋਮ 24. ਆਖ਼ਰ 25. ਬੈਠੀਏ 26. ਹੁੰਦਾ 27. ਥੋੜ੍ਹੇ ਚਿਰ ਵਿੱਚ 28. ਦੁਨਿਆਵੀ ਸੁੱਖਾਂ ਲਈ ਤੜਫਦੇ ਹਨ 29. ਭਰਮ, ਸ਼ੱਕ ।

22. ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥
ਮਨਮੁਖੁ ਰਲਾਇਆ ਨਾ ਰਲੈ [30]ਪਇਐ ਕਿਰਤਿ ਫਿਰਾਇ ॥ (ਮ: 3—87)
23. ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ ॥ (ਮ: 4, 652)
24. ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ ॥
ਕਪਟਿ ਕੀਤੈ ਹਰਿਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥ (ਮ: 3, 512)
25. ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥
ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ[31] ॥ (ਮ: 3—755)

## ਸੁਹਾਗਣ

ਗੁਰਮਤਿ ਅਨੁਸਾਰ ਸਾਡੀ ਆਤਮਾ ਇਸਤਰੀ ਹੈ ਅਤੇ ਪਰਮਾਤਮਾ ਇਸ ਦਾ ਪਤੀ ਹੈ । ਜਿਸ ਤਰ੍ਹਾਂ ਪਤਨੀ ਆਪਣੇ ਪਤੀ ਦੇ ਚਰਨਾਂ ਵਿੱਚ ਪੁੱਜ ਕੇ ਹੀ ਸੁਹਾਗਣ ਹੁੰਦੀ ਹੈ, ਇਸੇ ਤਰ੍ਹਾਂ ਆਤਮਾ, ਪਰਮਾਤਮਾ ਨੂੰ ਪਾ ਕੇ ਹੀ ਹਮੇਸ਼ਾ ਲਈ ਸੁਹਾਗਣ ਹੋ ਸਕਦੀ ਹੈ ।

ਇਸਤਰੀ ਅਨੇਕ ਪ੍ਰਕਾਰ ਦੇ ਸ਼ਿੰਗਾਰ ਕਰ ਕੇ ਪਤੀ ਨੂੰ ਰਿਝਾਉਣ ਦੀ ਕੋਸ਼ਿਸ਼ ਕਰਦੀ ਹੈ, ਪਰ ਪਤੀ ਨੂੰ ਪ੍ਰਸੰਨ ਕਰਨ ਵਿੱਚ ਸਫਲ ਉਹ ਸੁਹਾਗਣ ਹੁੰਦੀ ਹੈ, ਜਿਹੜੀ ਪਤੀ ਦੇ ਭਾਣੇ ਵਿੱਚ ਆ ਜਾਂਦੀ ਹੈ ਅਤੇ ਪਤੀ ਦੇ ਭਾਣੇ ਵਿੱਚ ਹੀ ਪ੍ਰਸੰਨ ਰਹਿੰਦੀ ਹੈ—ਕਿਉਂਕਿ ਜਿਸ ਦੇ ਹਿਰਦੇ ਵਿੱਚ ਪਤੀ ਦੀ ਸੱਚੀ ਪ੍ਰੀਤ ਹੁੰਦੀ ਹੈ, ਉਹ ਪਤੀ ਦੇ ਹੁਕਮ ਨਾਲ ਵੀ ਪਿਆਰ ਕਰਦੀ ਹੈ । ਇਸ ਲਈ ਜਿਹੜੀ ਜੀਵਾਤਮਾ ਮਨ-ਮਤ ਤਿਆਗ ਕੇ, ਹਉਮੈ ਦੀ ਕਰੂਪਤਾ ਦੂਰ ਕਰ ਲੈਂਦੀ ਹੈ ਅਤੇ 'ਭਉ-ਭਾਉ' ਦਾ ਸੱਚਾ-ਸੁੱਚਾ ਸ਼ਿੰਗਾਰ ਕਰ ਲੈਂਦੀ ਹੈ, ਉਹ ਹੀ ਸੱਚੀ ਸੁਹਾਗਣ ਕਹਾ ਸਕਦੀ ਹੈ ਅਜਿਹੀ ਸੁਲੱਖਣੀ, ਸੁਚੱਜੀ, ਸੋਭਾਵੰਤ ਤੇ ਆਚਾਰਵੰਤ ਨਾਰੀ ਆਪਣੇ ਪ੍ਰੀਤਮ ਨੂੰ ਰਿਝਾ ਲੈਂਦੀ ਹੈ । ਅਜਿਹੀ ਸੁਹਾਗਣ ਕਦੇ ਇਕ ਪਲ ਲਈ ਵੀ ਪ੍ਰੀਤਮ ਤੋਂ ਦੂਰ ਨਹੀਂ ਹੁੰਦੀ, ਸਦਾ ਉਸਦੇ ਪ੍ਰੇਮ ਅਤੇ ਸੇਵਾ ਵਿੱਚ ਮਗਨ ਰਹਿੰਦੀ ਹੈ ।

---

30. ਆਪਣੇ ਕੀਤੇ ਕੰਮਾਂ ਅਨੁਸਾਰ ਭਟਕਦਾ ਫਿਰਦਾ ਹੈ 31. ਨਿਰੋਲ, ਨਿਰੀ ਜ਼ਹਿਰ ।

## ਸੁਹਾਗਣ

1. [1]ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹੁ ॥ (ਮ: 3–1379)

2. ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥
ਨਾਨਕ [2]ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰਧਾਰਿ ॥ (ਮ: 3—787)

3. ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥
[3]ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥ (ਮ: 3—89)

4. ਸਬਦਿ ਸਚੈ ਰੰਗੁ ਲਾਲ ਕਰਿ[4] ਭੈ ਭਾਇ ਸੀਗਾਰੁ ਬਣਾਇ ॥
ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥ (ਮ: 3—780)

5. ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ ॥
ਨਾਨਕ ਸੇ ਸੋਹਾਗਣੀ ਜਿ ਸਤਿਗੁਰ ਮਾਹਿ ਸਮਾਹਿ ॥ (ਮ: 3—1088)

6. ਜਿਸੁ [5]ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ[6] ॥
ਸੂਹਾ ਵੇਸੁ ਸਭੁ ਉਤਾਰ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥
[7]ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥
ਓਹ ਰਲਾਈ ਕਿਸੈਦੀ ਨਾ ਰਲੈ ਜਿਸੁ ਰਾਵੈ[8] ਸਿਰਜਨਹਾਰੁ ॥ (ਮ: 3—786)

7. (ੳ) ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ (ਮ: 3—89)
(ਅ) ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥

8. ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ[9] ਕਰੇਇ ॥
ਖਸਮੁ ਪਛਾਣਹਿ ਆਪਣਾ [10]ਤਨੁ ਮਨੁ ਆਗੈ ਦੇਇ ॥
[11]ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥
ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ ॥ (ਮ: 3—38)

9. ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ[12] ਅਪਾਰੁ ॥ (ਮ: 3—31)

10. ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ ॥
ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ ॥ (ਮ: 5—400)

---

1. ਸਹੁਰੇ ਘਰ ਭਾਵ ਅਗਲੇ ਜਹਾਨ ਵਿੱਚ ਅਤੇ ਪੇਕੇ ਅਰਥਾਤ ਜਗਤ ਵਿੱਚ 2. ਬਖ਼ਸ਼ਿਸ਼ ਦੁਆਰਾ ਪਤੀ ਦਾ ਟਿਕਾਣਾ ਮਿਲ ਗਿਆ, ਜਦ ਪਤੀ ਨੂੰ ਦਿਲ ਵਿੱਚ ਵਸਾ ਲਿਆ 3. ਸਦਾ ਹਾਰਦਿਕ ਪ੍ਰੇਮ ਨਾਲ ਆਪਣੇ ਪਤੀ ਦਾ ਸੰਗ ਮਾਣਦੀ ਹੈ 4. ਹਰੀ ਦੇ ਭੈ ਅਤੇ ਪਿਆਰ ਦਾ ਸ਼ਿੰਗਾਰ ਕਰਦੀ ਹੈ 5. ਹਰੀ ਵੱਲੋਂ ਭਾਵ ਧੁਰੋਂ ਹੁਕਮ ਲਿਖਿਆ ਹੋਵੇ 6. ਪਤੀ 7. ਇਸ ਜਗਤ ਵਿੱਚ 8. ਪਿਆਰ ਕਰਦਾ ਹੈ 9. ਕਿਰਪਾ ਦ੍ਰਿਸ਼ਟੀ 10. ਆਪਣੇ ਪ੍ਰੀਤਮ ਅੱਗੇ ਤਨ, ਮਨ ਅਰਪਣ ਕਰ ਦੇਂਦੀ ਹੈ 11. ਹੰਕਾਰ ਨੂੰ ਦੂਰ ਕਰਕੇ ਆਪਣੇ ਅੰਦਰੋਂ ਪਤੀ ਨੂੰ ਪ੍ਰਾਪਤ ਕਰ ਲਿਆ 12. ਬੇਹੱਦ ਪਿਆਰ ।

11. [13]ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥
ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥ (ਮ: 3—90)

12. ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥
[14]ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ ॥
ਸੇਜ[15] ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ ॥
ਨਾ ਹਰਿ ਮਰੈ ਨ ਕਦੇ ਦੁਖੁ ਲਾਗੈ ਸਦਾ ਸੁਹਾਗਣਿ ਨਾਰਿ ॥ (ਮ: 3—651)

13. ਵਡਭਾਗੀਆ ਸੋਹਾਗਣੀ ਜਿਨ੍ਾ ਗੁਰਮੁਖਿ ਮਿਲਿਆ ਹਰਿ ਰਾਇ ॥
ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥ (ਮ: 4—1421)

14. ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥ (ਮ: 3,516)

15. ਸੋਹਾਗਣੀ ਸਦਾ ਮੁਖੁ ਉਜਲਾ ਗੁਰ ਕੈ ਸਹਜਿ ਸੁਭਾਇ ॥
ਸਦਾ ਪਿਰੁ ਰਾਵਹਿ ਆਪਣਾ ਵਿਚਹੁ ਆਪੁ ਗਵਾਇ ॥ (ਮ: 3—559)

16. ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥
ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥ (ਮ: 3—38)

17. ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥
ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥ (ਮ: 1—642)

18. ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ ॥
[16]ਹਰਿਵਰੁ ਪਾਇਨਿ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ ॥ (ਮ: 3—38)

19. ਕਾਮਣਿ ਤਉ ਸੀਗਾਰ ਕਰਿ ਜਾ ਪਹਿਲਾਂ ਕੰਤੁ ਮਨਾਇ ॥
ਮਤੁ[17] ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ ॥ (ਮ: 3—788)

20. ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ॥
ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ ॥
ਸਦਾ ਰਾਵਹਿ ਪਿਰੁ ਆਪਣਾ ਸਚੀ ਸੇਜ ਸੁਭਾਇ[18] ॥
ਪਿਰ ਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ ॥ (ਮ: 3—426)

---

13. ਅੰਤਰਜਾਮੀ ਪਰਮੇਸ਼ਰ ਦੀ ਬੰਦਗੀ ਵਿੱਚ ਲੱਗੀ ਹੋਣ ਕਰਕੇ ਜੀਵਾਤਮਾ ਰੂਪੀ ਇਸਤਰੀ ਭਾਗਾਂ ਵਾਲੀ ਹੈ ਕਿਉਂਕਿ ਮਿਲਾਉਣ ਵਾਲੇ ਪਰਮੇਸਰ ਨੇ ਉਸਨੂੰ ਆਪਣੇ ਨਾਲ ਮਿਲਾ ਲਿਆ ਹੈ 14. ਪਤੀ ਦੀ ਆਗਿਆ ਅਨੁਸਾਰ (ਹੁਕਮ ਵਿੱਚ) 15. ਜਿਸ ਜੀਵ ਰੂਪੀ ਇਸਤਰੀ ਨੂੰ ਵਾਹਿਗੁਰੂ ਰੂਪੀ ਪਤੀ ਮਿਲਿਆ ਹੈ. ਉਸ ਦੀ ਹਿਰਦੈ ਰੂਪੀ ਸੇਜ ਸੋਹਣੀ ਹੈ, ਜਿਸ ਉੱਤੇ ਉਹ ਸਦਾ ਪਤੀ ਦੇ ਮਿਲਾਪ ਦਾ ਆਨੰਦ ਮਾਣਦੀ ਹੈ 16. ਗੁਰੂ ਦੇ ਪ੍ਰੇਮ ਨਾਲ ਵਾਹਿਗੁਰੂ (ਪਤੀ) ਨੂੰ ਆਪਣੇ ਅੰਦਰੋਂ ਹੀ ਪਾ ਲੈਂਦੀ ਹੈ 17. ਮਤੇ, ਸ਼ਾਇਦ 18. ਸੁਭਾਵਿਕ ਹੀ, ਸਹਿਜੇ ਹੀ ।

## ਦੁਹਾਗਣ

ਦੁਹਾਗਣ ਉਹ ਇਸਤ੍ਰੀ ਹੈ ਜਿਹੜੀ ਆਪਣੇ ਪਤੀ ਨੂੰ ਤਿਆਗ ਕੇ ਪਰ-ਪੁਰਖ ਨਾਲ ਪਿਆਰ ਕਰਦੀ ਹੈ। ਗੁਰਮਤਿ ਅਨੁਸਾਰ ਕੇਵਲ ਇੱਕ ਅਕਾਲਪੁਰਖ ਹੀ ਸਾਰੇ ਜੀਵਾਂ ਦਾ ਭਤਾਰ ਜਾਂ ਪਤੀ ਹੈ। ਜਿਹੜੀ ਜੀਵ-ਆਤਮਾ ਆਪਣੇ ਪਿਆਰੇ ਪ੍ਰੀਤਮ ਅਕਾਲਪੁਰਖ ਨੂੰ ਵਿਸਾਰ ਕੇ ਮਨ ਨੂੰ ਅਪਣਾ ਖਸਮ-ਗੁਸਾਈਂ ਬਣਾ ਲੈਂਦੀ ਹੈ, ਉਹ ਦੁਹਾਗਣ ਹੈ। ਉਹ ਸੰਸਾਰ ਦੇ ਨਾਸ਼ਵਾਨ ਰਿਸ਼ਤਿਆਂ ਵਿੱਚ ਖੱਚਿਤ ਰਹਿੰਦੀ ਹੈ। ਉਸ ਦਾ ਹਿਰਦਾ ਪਖੰਡ, ਭਰਮ, ਹੰਕਾਰ ਨਾਲ ਭਰਿਆ ਹੁੰਦਾ ਹੈ ਅਤੇ ਨਿਮਰਤਾ, ਸੰਤੋਖ, ਪ੍ਰਤਿ-ਪ੍ਰਤੀਤ ਅਤੇ ਪ੍ਰੀਤਮ ਦੇ ਭਾਣੇ ਦੇ ਪਿਆਰ ਤੋਂ ਖਾਲੀ ਹੁੰਦਾ ਹੈ।

ਪਰਮੇਸ਼ਰ ਰੂਪੀ ਪ੍ਰੀਤਮ ਸਦਾ ਦੇਹੀ ਅੰਦਰ ਹੈ ਪਰ ਅਜਿਹੀ ਅਭਾਗੀ, ਕੁਲੱਖਣੀ ਦੁਹਾਗਣ ਜੀਵਾਤਮਾ ਕਦੇ ਵੀ ਆਪਣੇ ਪਿਰ ਦੀ ਸੁਹਾਵੀ ਸੇਜ ਦਾ ਆਨੰਦ ਨਹੀਂ ਮਾਣ ਸਕਦੀ। ਜਦ ਤਕ ਹਿਰਦੇ ਵਿੱਚ ਪ੍ਰਭੂ ਦੀ ਸੱਚੀ ਪ੍ਰੀਤ ਪੈਦਾ ਨਹੀਂ ਹੁੰਦੀ, ਦੁਹਾਗਣ ਕਦੇ ਸੁਹਾਗਣ ਨਹੀਂ ਹੋ ਸਕਦੀ।

1. ਸੂਹੈ[1] ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥
   ਪਿਰੁ ਛੋਡਿਆ ਘਰਿ ਆਪਣੈ ਮੋਹੀ [2]ਦੂਜੈ ਭਾਇ ॥ (ਮ: 3—785)
2. ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥
   ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥ (ਮ: 3—89)
3. ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥
   ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥ (ਮ: 3—31)
4. ਧ੍ਰਿਗੁ ਜੀਵਣੁ ਦੋਹਾਗਣੀ[3] ਮੁਠੀ [4]ਦੂਜੈ ਭਾਇ ॥
   ਕਲਰ ਕੇਰੀ ਕੰਧ ਜਿਉ ਅਹਿਨਿਸਿ[5] ਕਿਰਿ ਢਹਿ ਪਾਇ ॥ (ਮ: 3—18)
5. ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ ॥
   ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥ (ਮ: 3—426)
6. ਦੋਹਾਗਣੀ ਭਰਮਿ ਭੁੁਲਾਈਆ ਕੂੜੁ ਬੋਲਿ ਬਿਖੁ[6] ਖਾਹਿ ॥
   ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ ॥ (ਮ: 3—428)
7. ਲੇਫੁ ਨਿਹਾਲੀ[7] ਪਟ ਕੀ ਕਾਪੜੁ ਅੰਗਿ ਬਣਾਇ ॥

---

1. ਭੜਕੀਲੇ ਵੇਸ ਭਾਵ ਦੁਨਿਆਵੀ ਰੰਗ 2. ਇੱਕ ਹਰੀ ਨੂੰ ਛੱਡ ਕੇ ਮਾਇਆ ਵਿੱਚ ਉਲਝ ਗਈ 3. ਅਭਾਗਣ, ਬਦ-ਕਿਸਮਤ; ਪਤੀ ਤੋਂ ਵਿੱਛੜੀ ਹੋਈ 4. ਦਵੈਤ; ਭਾਵ ਇੱਕ ਨੂੰ ਛੱਡ ਕੇ ਦੂਸਰੇ ਨਾਲ ਪ੍ਰੇਮ ਕਰਨ ਕਰਕੇ 5. ਦਿਨ-ਰਾਤ 6. ਵਿਸ਼ ਜ਼ਹਿਰ 7. ਰਜਾਈ, ਤੁਲਾਈ ।

ਪਿਰੁ ਮੁਤੀ[8] ਡੋਹਾਗਣੀ ਤਿਨ ਡੁਖੀ[9] ਰੈਣ ਵਿਹਾਇ ॥ (ਮ: 1—1014)

8. ਇਹੁ ਮਨੁ ਸਬਦਿ ਨ ਭੇਦਿਓ [10]ਕਿਉ ਹੋਵੈ ਘਰ ਵਾਸੁ ॥
ਮਨਮੁਖੀਆ ਦੋਹਾਗਣੀ ਆਵਣ ਜਾਣਿ ਮੁਈਆਸੁ[11] ॥ (ਮ: 3—1416)

9. ਮਨਮੁਖਿ ਹੁਕਮੁ ਨ ਬੁਝੈ ਬਪੁੜੀ[12] ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥ (ਮ: 4—1423)

10. ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥
ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ[13] ਸੁਣੀ ॥ (ਮ: 3, 786)

11. [14]ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ ॥
ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ॥ (ਮ: 3—788)

12. ਮਨਮੁਖਿ ਕੰਤੁ ਨ ਪਛਾਣਈ ਤਿਨ [15]ਕਿਉ ਰੈਣਿ ਵਿਹਾਇ ॥
[16]ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥(ਮ: 3—38)

13. ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥
ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥ (ਮ: 1—689)

14. ਸੂਹੈ ਵੇਸਿ [17]ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ[18] ਨ ਸੰਜਮੁ[19] ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥ (3,786)

15. ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ[20] ਬਾਦਿ[21] ॥
ਦਰਿ ਘਰਿ ਢੋਈ ਨਾ ਲਹੈ ਛੂਟੀ[22] ਦੂਜੈ ਸਾਦਿ ॥ (ਮ: 1—56)

16. ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ[23] ॥
ਪਿਰੁ ਛੋਡਿਆ ਘਰਿ ਆਪਣਾ [24]ਪਰ ਪੁਰਖੈ ਨਾਲਿ ਪਿਆਰੁ ॥
ਤ੍ਰਿਸਨਾ ਕਦੇ ਨ ਚੁਕਈ[25] ਜਲਦੀ ਕਰੇ ਪੂਕਾਰ ॥
ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ [26]ਪਰਹਰਿ ਛੋਡੀ ਭਤਾਰਿ ॥ (3—89)

17. ਤਤੀ ਤੋਇ[27] ਨ ਪਲਵੈ ਜੇ ਜਲਿ ਟੁਬੀ ਦੇਇ ॥
ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥ (ਫਰੀਦ, 1381)

---

8. ਛੱਡੀਆਂ ਹੋਈਆਂ 8. ਦੁੱਖ ਵਿੱਚ 9. ਦੁਖੀ 10. ਵਿੰਨ੍ਹਿਆਂ ਗਿਆ 11. ਮਰਦੀਆਂ 12. ਵਿਚਾਰੀ 13. ਸਿਖਿਆ 14. ਸੁਰਮਾ 15. ਰਾਤ ਕਿਵੇਂ ਲੰਘੇ, ਜਿੰਦਗੀ ਵਿਜੋਗ ਵਿੱਚ ਕਿਸ ਤਰ੍ਹਾਂ ਬਤੀਤ ਹੋਵੇ 16. ਹੰਕਾਰ ਨਾਲ ਭਰੀ ਹੋਈ 17. ਕਾਮਣੀ, ਇਸਤ੍ਰੀ 18. ਪਤੀ ਬ੍ਰਤ ਧਰਮ 19. ਸੰਕੋਚ. ਜੁਗਤ ਤੇ ਜ਼ਬਤ ਵਿੱਚ ਚੱਲਣਾ 20. ਵਿਅਰਥ 21. ਵਾਦ-ਵਿਵਾਦ 22. ਤਿਆਗ ਦਿੱਤੀ ਹੈ 23. ਬੁਰੀ ਇਸਤਰੀ 24. ਪਰਾਏ ਨਾਲ ਪਿਆਰ ਹੈ; ਆਪਣੇ ਪਤੀ ਤੇ ਅਰ ਨੂੰ ਛੱਡ ਆਈ ਹੈ 25. ਦੂਰ ਹੁੰਦੀ 26. ਪਤੀ ਨੇ ਤਿਆਗ ਦਿੱਤੀ ਹੈ 27. ਪਾਣੀ ਵਿੱਚ; ਜੋ ਖੇਤੀ ਪਾਣੀ ਵਿੱਚ ਸੜ ਗਈ ਹੈ ਉਹ ਪਾਣੀ ਵਿੱਚ ਡੁੱਬਕੇ ਵੀ ਨਹੀਂ ਪਲ੍ਹਰ ਸਕਦੀ; ਤਿਵੇਂ ਹੀ ਨਿਰੇ ਦਿਮਾਗੀ ਗਿਆਨੀ ਹੋਰ ਵਧੇਰੇ ਗਿਆਨ ਨਾਲ ਸੁਖੀ ਨਹੀਂ ਹੋ ਸਕਦੇ।

# ਮਨ

ਮਨ ਨੂੰ ਛੋਟਾ ਕਾਲ ਕਿਹਾ ਗਿਆ ਹੈ । ਮਨ ਕਾਲ ਦਾ ਏਜੰਟ ਬਣ ਕੇ ਹਰ ਜੀਵ ਦੇ ਅੰਦਰ ਬੈਠਾ ਹੋਇਆ ਹੈ । ਸਾਡੇ ਮਨ-ਆਤਮਾ ਦੀ ਗੱਠ ਬੱਝੀ ਹੋਈ ਹੈ । ਚਾਹੀਦਾ ਤਾਂ ਇਹ ਸੀ ਕਿ ਮਨ ਆਤਮਾ ਦੇ ਵੱਸ ਹੋਵੇ ਅਤੇ ਇੰਦਰੀਆਂ ਮਨ ਦੇ ਵੱਸ, ਪਰ ਸਾਡੀ ਵਰਤਮਾਨ ਦਸ਼ਾ ਵਿੱਚ ਮਨ ਇੰਦਰੀਆਂ ਦੇ ਵੱਸੇ ਹੈ ਤੇ ਆਤਮਾ ਮਨ ਦੇ ਵੱਸ ਹੈ । ਮਨ ਅਮਰ-ਵੇਲ ਦੀ ਤਰ੍ਹਾਂ ਆਤਮਾ ਤੋਂ ਸ਼ਕਤੀ ਲੈ ਕੇ ਇਸੇ ਨੂੰ ਹੀ ਨੁਕਸਾਨ ਪਹੁੰਚਾਂਦਾ ਹੈ । ਇਹ ਆਤਮਾ ਨੂੰ ਖਿੱਚ ਕੇ ਜ਼ਬਰਦਸਤੀ ਇਸ ਤੋਂ ਮਨ-ਚਾਹੇ ਕਰਮ ਕਰਵਾਉਂਦਾ ਹੈ । ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਸ ਦੇ ਖ਼ਤਰਨਾਕ ਹਥਿਆਰ ਹਨ । ਜੀਵ ਨੂੰ ਇੰਦਰੀਆਂ ਦੇ ਭੋਗਾਂ, ਮਾਇਆ ਅਤੇ ਆਵਾ-ਗਵਣ ਦੇ ਬੰਧਨਾਂ ਵਿੱਚ ਕੈਦ ਕਰਕੇ ਪਰਮੇਸ਼ਰ ਤੋਂ ਦੂਰ ਰੱਖਣਾ ਇਸ ਦਾ ਮੁਖ ਕਾਰਜ ਹੈ । ਜੇ ਜੀਵ ਦੇ ਹਿਰਦੇ ਵਿੱਚ ਪਰਮੇਸ਼ਰ ਪ੍ਰਾਪਤੀ ਦੀ ਚਾਹ ਪੈਦਾ ਹੁੰਦੀ ਹੈ ਤਾਂ ਮਨ ਉਸ ਨੂੰ ਕਰਮ-ਕਾਂਡ ਆਦਿ ਵਿੱਚ ਫਸਾ ਕੇ ਕੁਰਾਹੇ ਪਾ ਦਿੰਦਾ ਹੈ ਅਤੇ ਉਸ ਨੂੰ ਪਰਮੇਸ਼ਰ ਦੀ ਸੱਚੀ ਭਗਤੀ ਵਲ ਨਹੀਂ ਜਾਣ ਦਿੰਦਾ । ਮਨ ਹੀ ਜੀਵ ਦਾ ਸੱਭ ਤੋਂ ਵੱਡਾ ਦੁਸ਼ਮਣ ਹੈ ਅਤੇ ਮਨ ਨੂੰ ਜਿੱਤਣਾ ਜਗਤ ਅਤੇ ਇਸ ਦੇ ਬਣਾਉਣ ਵਾਲੇ ਨੂੰ ਜਿੱਤ ਲੈਣਾ ਹੈ । 'ਨਾਨਕ ਮਨ ਜੀਤੇ ਜਗ ਜੀਤ' । ਇਹੋ ਕਾਰਨ ਹੈ ਕਿ ਗੁਰੂ ਸਾਹਿਬਾਨ ਨੇ ਜੀਵ ਨੂੰ ਬਾਰ-ਬਾਰ ਮਨ ਦੇ ਖ਼ਤਰਿਆਂ ਅਤੇ ਚਲਿਤਰਾਂ ਤੋਂ ਸਾਵਧਾਨ ਕੀਤਾ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਮਨ ਰੂਪੀ ਦੁੱਸ਼ਟ ਨੂੰ ਵੱਸ ਕਰਨ ਦੀ ਜੁਗਤੀ ਸਿਰਫ਼ ਪੂਰੇ ਸਤਿਗੁਰੂ ਤੋਂ ਜਾਂ ਸਾਧ-ਸੰਗ ਵਿੱਚ ਹੀ ਮਿਲ ਸਕਦੀ ਹੈ ।

ਮਨ ਨੂੰ ਵੱਸ ਕਰਨ ਲਈ ਇਸਦੇ ਸੁਭਾਅ ਨੂੰ ਸਮਝਣਾ ਜ਼ਰੂਰੀ ਹੈ । ਇਹ ਲੱਜ਼ਤ ਅਤੇ ਵੰਨ-ਸਵੰਨਤਾ ਦਾ ਆਸ਼ਕ ਹੈ । ਇਹ ਪੰਜਾਂ ਵਿਕਾਰਾਂ ਦਾ ਦੀਵਾਨਾ ਹੈ; ਮੂੰਹ ਜ਼ੋਰ ਅਤੇ ਚੰਚਲ ਹੈ ਅਤੇ ਇਸ ਦੀ ਬਿਰਤੀ ਹੇਠਾਂ ਅਤੇ ਬਾਹਰ ਵਲ ਹੋ ਚੁਕੀ ਹੈ । ਹਠ-ਕਰਮਾਂ ਆਦਿ ਨਾਲ ਇਹ ਆਰਜ਼ੀ ਤੌਰ ਤੇ ਦੱਬ ਜਾਂਦਾ ਹੈ ਪਰ ਮੌਕਾ ਮਿਲਣ 'ਤੇ ਹੋਰ ਵੱਧ ਤਾਕੱਤ ਨਾਲ ਉਛਾਲਾ ਮਾਰਦਾ ਹੈ ਅਤੇ ਜੀਵ ਦੀ ਮਿੱਟੀ ਪਲੀਤ ਕਰ ਦਿੰਦਾ ਹੈ । ਗੁਰੂ ਸਾਹਿਬ ਫਰਮਾਉਂਦੇ ਹਨ ਮਨ ਰੂਪੀ ਹਾਥੀ ਨੂੰ ਕਾਬੂ ਕਰਨ ਦਾ ਦਾਰੂ ਜਾਂ ਅੰਕਸ ਗੁਰ-ਸ਼ਬਦ ਹੈ, ਜੋ ਪਰਮੇਸ਼ਰ ਨੇ ਹਰ ਜੀਵ ਦੇ ਅੰਦਰ ਰੱਖਿਆ ਹੋਇਆ ਹੈ । ਸ਼ਬਦ ਜਾਂ ਨਾਮ ਨੌਂ ਦੁਆਰਿਆ ਤੋਂ ਉੱਪਰ ਦਸਵੀਂ ਗਲੀ ਵਿੱਚ ਬਰਸ ਰਿਹਾ ਹੈ । ਇਹ ਉਹ ਮਹਾਂ-ਰਸ ਜਾਂ ਅੰਮ੍ਰਿਤ ਹੈ ਜਿਸ ਨੂੰ ਪੀ ਕੇ ਮਨ ਤ੍ਰਿਪਤ ਹੋ ਜਾਂਦਾ ਹੈ ਅਤੇ ਬਾਹਰ ਮੁਖੀ ਦੀ ਥਾਂ ਅੰਤਰ-ਮੁਖੀ ਹੋ ਜਾਂਦਾ ਹੈ।

ਸ਼ਬਦ ਜਾਂ ਨਾਮ ਦੇ ਆਸਰੇ ਇਹ ਆਪਣੇ ਟਿਕਾਣੇ ਬ੍ਰਹਮ ਜਾਂ ਤ੍ਰਿਕੁਟੀ ਵਿੱਚ ਵਾਪਸ ਪਹੁੰਚ ਜਾਂਦਾ ਹੈ। ਮਨ-ਆਤਮਾ ਦੀ ਗਠ ਖੁਲ੍ਹ ਜਾਂਦੀ ਹੈ, ਜੀਵ ਮਨ ਮਾਇਆ ਦੀਆਂ ਹਰ ਪ੍ਰਕਾਰ ਦੀਆਂ ਮੈਲਾਂ ਤੋਂ ਸਾਫ਼ ਹੋ ਕੇ ਨਿਜ-ਘਰ (ਸੱਚ-ਖੰਡ) ਵਾਪਸ ਜਾਣ ਦੇ ਸਮਰੱਥ ਹੋ ਜਾਂਦਾ ਹੈ।

1. ਕਾਂਇਆ ਨਗਰਿ ਇਕੁ ਬਾਲਕੁ[1] ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥
   ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰਬਾਰ ਭਰਮਾਈ ॥ (ਮ: 4—1191)
2. ਨਗਰੀ ਨਾਇਕੁ ਨਵਤਨੋ[2] ਬਾਲਕੁ ਲੀਲ ਅਨੂਪੁ ॥
   [3]ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ (ਮ: 1—1010)
3. ਇਹੁ ਮਨੂਆ ਅਤਿ ਸਬਲ[4] ਹੈ ਛਡੇ ਨ ਕਿਤੈ ਉਪਾਇ ॥
   ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥ (ਮ: 3—33)
4. ਗ੍ਰਿਹੁ ਤਜਿ ਬਨਖੰਡ ਜਾਈਐ ਚੁਨਿ ਖਾਈਐ ਕੰਦਾ[5] ॥
   ਅਜਹੁ[6] ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥ (ਮ: 2—855)
5. ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥
   ਖੰਨਲੀ[7] ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ (ਮ: 3—651)
6. ਜਿਚਰੁ ਇਹੁ ਮਨੁ [8]ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥
   ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥ (ਮ: 3—1247)
7. ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥
   ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥ (ਮ: 3—1093)
8. ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ[9] ਹੋਇ ॥
   ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥ (ਮ: 1—1410)
9. ਮਨੁ ਮਾਇਆ ਮਨੁ ਧਾਇਆ[10] ਮਨੁ ਪੰਖੀ ਆਕਾਸਿ ॥
   [11]ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ ॥ (ਮ: 1—1330)
10. ਮਨੁ ਜੋਗੀ ਮਨੁ ਭੋਗੀਆ, ਮਨੁ ਮੂਰਖੁ ਗਾਵਾਰੁ ॥

---

1. ਮਨ ਰੂਪੀ ਬਾਲਕ 2. ਨਵਾਂ 3. ਨਾਰ ਪੁਰਖ (ਇਸਤਰੀ ਮਰਦ) ਅਤੇ ਪੰਖੀ ਆਦਿ ਦੀਆਂ ਹੱਦਾਂ-ਬੰਦੀਆਂ ਤੋਂ ਪਰੇ ਹੈ 4. ਤਾਕਤਵਰ 5. ਜੜ੍ਹੀ ਬੂਟੀ, ਧਰਤੀ ਵਿੱਚ ਪੈਦਾ ਹੋਣ ਵਾਲੀ ਸਬਜ਼ੀ 6. ਅਜੇ ਵੀ 7. ਤੇਲੀ ਦੀ ਕੋਹਲੂ ਵਿੱਚ ਫੇਰਨ ਵਾਲੀ ਲੀਰ ਧੋਤਿਆਂ ਸਾਫ਼ ਨਹੀਂ ਹੋ ਸਕਦੀ ਭਾਵੇਂ ਉਸ ਨੂੰ ਸੌ ਵਾਰ ਧੋਈਏ 8. ਜਗਤ ਦੀਆਂ ਲਹਿਰਾਂ ਵਿੱਚ, ਭਾਵ ਇਕਾਗਰਤਾ ਹੀਨ 9. ਉਪਦੇਸ਼ 10. ਦੌੜਨ ਵਾਲਾ (ਮਨ ਦੀਆਂ ਬਦਲੀਆਂ ਹਾਲਤਾ ਦਾ ਵਰਨਣ ਹੈ) 11. ਚੋਰਾਂ (ਕਾਮ ਕ੍ਰੋਧ ਆਦਿ) ਨੂੰ ਸ਼ਬਦ ਦੁਆਰਾ ਦੂਰ ਕੀਤਾ ਹੈ; ਚੋਰਾਂ ਤੋਂ ਦੂਰ ਹੋਣ ਨਾਲ ਹੁਣ ਸਰੀਰ ਰੂਪੀ ਨਗਰ ਵੱਸ ਗਿਆ ਹੈ, ਤੇ ਸ਼ਾਬਾਸ਼ ਮਿਲੀ ਹੈ।

ਮਨੁ ਦਾਤਾ ਮਨੁ ਮੰਗਤਾ ਮਨ[12] ਸਿਰਿ ਗੁਰੂ ਕਰਤਾਰੁ ॥ (ਮ: 1—1330)

11. ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥
ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ[13] ਸਮਝੈ ਗੁਣ ਗਾਈ ॥ (ਮ: 1,1125)

12. ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥
ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ (ਮ: 1—21)

13. ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

14. ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਗੁਰਿ ਮਿਲਿਐ ਉਲਟੀ[14] ਭਈ ਕਹਣਾ ਕਿਛੂ ਨ ਜਾਇ ॥ (ਮ: 3—558)

15. ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ[15] ਜਾਸੀ ਜਨਮੁ ਗਵਾਇ ॥
ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥ (ਮ: 3—87)

16. ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥
ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥ (650)

17. ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ (ਕਬੀਰ, 1369)

18. ਕਬੀਰ [16]ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥ (ਓਹੀ)
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥

19. ਏਹੁ ਮਨੁ ਮਾਰਿਆ ਨ ਮਰੈ ਜੇ ਲੋਚੈ ਸਭੁ ਕੋਇ ॥
ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥ (ਮ: 3, 1089)

20. ਦਸ ਦਿਸ ਖੋਜਤ ਮੈ ਫਿਰਿਓ [17]ਜਤ ਦੇਖਉ ਤਤ ਸੋਇ ॥
ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥ (ਮ: 5—298)

21. ਮਨ ਤੂੰ [18]ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥
ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥ (ਮ: 3—441)

22. ਮਨੁ ਝੂਠਾ [19]ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥

---

12. ਮਨ ਹੀ ਸਾਡਾ ਗੁਰੂ-ਪੀਰ, ਖਸਮ-ਗੋਸਾਈਂ ਬਣਿਆ ਬੈਠਾ ਹੈ 13. ਤੇ ਸਮਝ ਵਾਲਾ ਮਨ ਹਰੀ ਦੇ ਗੁਣ ਗਾਂਵਦਾ ਹੈ 14. ਬਿਰਤੀ ਉਲਟ ਗਈ, ਮਨ ਦਾ ਸੁਭਾਅ ਬਦਲ ਗਿਆ 15. ਝਗੜਾ 16. ਸੰਨਿਆਸੀਆਂ ਨੂੰ ਕਹਿੰਦੇ ਹਨ ਕਿ ਜੇ ਮਨ ਨੂੰ ਨਹੀਂ ਮੁੰਨਿਆ ਤਾਂ ਸਿਰ ਮੁੰਨ ਲੈਣ ਦਾ ਕੀ ਲਾਭ ਹੈ 17. ਜਤ=ਜਿੱਧਰ, ਤਤ=ਤਿੱਧਰ ਜਾਂ ਓਧਰ 18. ਹੰਕਾਰ ਨਾਲ ਭਰਿਆ ਹੈ 19. ਜਮ ਨੇ ਦੁਖੀ ਕੀਤਾ।

ਮਨ ਮਹਿ ਮਨੁ ਉਲਟੋ[20] ਮਰੈ ਜੇ ਗੁਣ ਹੋਵਹਿ ਨਾਲਿ ॥ (ਮ: 1—935)

23. ਇਹੁ ਮਨੁ ਲਾਲਚ ਕਰਦਾ ਫਿਰੈ ਲਾਲਚਿ ਲਾਗਾ ਜਾਇ ॥
ਧੰਧੇ ਕੂੜਿ ਵਿਆਪਿਆ ਜਮਪੁਰਿ ਚੋਟਾ ਖਾਇ ॥ (ਮ: 3—994)

24. ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ ॥
ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ ॥ (ਮ: 3—513)

25. ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ[21] ॥ (ਮ: 3,565)

26. ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ (ਮ: 3—558)

27. ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ[22] ਮਿਲਿਆ ਨ ਕੋਇ ॥(ਕਬੀਰ,342)

28. ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ ਦਹ ਦਿਸ ਫਿਰਿ ਆਵੈ ॥
ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ
ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ ॥ (ਮ: 3—1260)

29. ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ[23] ਮਨ ਹੀ ਮੰਝਿ ਸਮਾਇ ॥
ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥ (ਮ: 3—87)

30. ਮਨੁ [24]ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥
ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥ (ਮ: 3—88)

31. ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ ॥
ਜਿਸੁ ਵਖਰ ਕਉ ਚਾਹਤਾ ਸੋ ਪਾਇਓ ਨਾਮਹਿ ਰੰਗਿ ॥ (ਮ: 5—431)

32. ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥
ਜਨ ਨਾਨਕ ਕਰਮੀ ਪਾਈਅਨਿ ਹਰਿਨਾਮਾ ਭਗਤਿ ਭੰਡਾਰ ॥ (ਮ: 3—162)

---

20. ਸੰਸਾਰ ਵੱਲੋਂ ਉਲਟ ਕੇ 21. ਸਤਾਉਂਦਾ ਹੈ, ਦੁੱਖ ਦੇਂਦਾ ਹੈ 22. ਜੈਸਾ, ਵਰਗਾ 23. ਦੋਸਤੀ 24. ਵਿਕਾਰਾਂ ਨਾਲ ਘਿਰਿਆ ਹੋਇਆ ।

# ਮਾਇਆ

ਗ੍ਰੰਥ-ਸ਼ਾਸਤਰ ਮਾਇਆ ਦੀ ਵਿਆਖਿਆ ਨਾਲ ਭਰੇ ਪਏ ਹਨ। ਸੰਤਾਂ-ਮਹਾਤਮਾਂ ਨੇ ਮਾਇਆ ਨੂੰ ਐਸੀ ਜ਼ਬਰਦਸਤ ਸ਼ਕਤੀ ਮੰਨਿਆ ਹੈ, ਜੋ ਅਸਲੀਅਤ ਨੂੰ ਢੱਕ ਲੈਂਦੀ ਹੈ। ਜੀਵ ਨੂੰ ਰਚਨਹਾਰ ਦੀ ਥਾਂ ਰਚਨਾ ਦੇ ਮੋਹ ਵਿੱਚ ਫਸਾਈ ਰੱਖਣਾ, ਪਦਾਰਥਾਂ ਦੀ ਸੁੰਦਰਤਾ ਦੇ ਜਾਲ ਵਿੱਚ ਬੰਨ੍ਹ ਕੇ ਜੀਵ ਨੂੰ ਉਸ ਦੇ ਸੋਮੇ ਪਰਮੇਸ਼ਰ ਅਤੇ ਨਿਜ-ਘਰ (ਸੱਚਖੰਡ) ਤੋਂ ਦੂਰ ਰੱਖਣਾ ਮਾਇਆ ਦਾ ਚਲਿੱਤਰ-ਭਰਿਆ ਕਾਰਜ ਹੈ। ਇਸ ਦਾ ਬਾਹਰਲਾ ਵਰਤਾਰਾ ਮਿੱਠਾ, ਸੁਆਦਲਾ ਹੈ, ਪਰ ਅੰਦਰਲਾ ਅਸਰ ਜ਼ਹਿਰ-ਭਰਿਆ ਹੈ। ਇਸੇ ਕਾਰਨ ਗੁਰਮਤਿ ਵਿੱਚ ਇਸ ਨੂੰ ਠੱਗਣੀ, ਸਰਪਣੀ, ਨਾਗਣ, ਖੰਡ ਵਿੱਚ ਲਪੇਟੀ ਹੋਈ ਜ਼ਹਿਰ ਆਦਿ ਕਿਹਾ ਗਿਆ ਹੈ। ਇਹ ਐਸੀ ਮ੍ਰਿਗ-ਤ੍ਰਿਸ਼ਨਾ ਹੈ ਜੋ ਜੀਵ ਨੂੰ ਹਫਾ-ਹਫ਼ਾ ਕੇ ਮਾਰਦੀ ਹੈ ਅਤੇ ਐਸਾ ਧੂਏਂ ਦਾ ਮਹੱਲ ਹੈ ਜੋ ਦੇਖਣ ਨੂੰ ਸੋਹਣਾ ਹੈ, ਪਰ ਜਿਸ ਦੀ ਅਸਲੀਅਤ ਕੋਈ ਨਹੀਂ ਹੈ। ਇਸ ਵਿੱਚ ਐਸਾ ਜਾਦੂ-ਭਰਿਆ ਅਸਰ ਹੈ ਕਿ ਇਹ ਝੂਠੇ, ਨਾਸ਼ਵਾਨ ਦੁੱਖ-ਮਈ ਜਗਤ ਦੇ ਅਸਲੀ, ਸਦੀਵੀ ਅਤੇ ਸੁੱਖ-ਭਰਿਆ ਹੋਣ ਦਾ ਭਰਮ ਪੈਦਾ ਕਰਦੀ ਹੈ, ਅਤੇ ਸੱਚੇ, ਅਮਰ ਸੁੱਖਾ ਦੇ ਸਾਗਰ ਪਰਮੇਸ਼ਰ ਵਲ ਧਿਆਨ ਨਹੀਂ ਜਾਣ ਦਿੰਦੀ। ਗੁਰੂ ਸਾਹਿਬਾਨ ਬਾਰ-ਬਾਰ ਜੀਵ ਨੂੰ ਇਸ ਦੇ ਖ਼ਤਰਨਾਕ ਚਲਿੱਤਰਾਂ ਤੋਂ ਸਾਵਧਾਨ ਕਰਦੇ ਹਨ। ਪਰੰਤੂ ਜਿੱਥੇ ਮਨਮੁੱਖ, ਅਗਿਆਨੀ ਲੋਕ ਮਾਇਆ ਦੇ ਪੁਜਾਰੀ ਜਾਂ ਦਾਸ ਹਨ, ਗੁਰਮੁਖ ਲੋਕ ਮਾਇਆ ਨੂੰ ਦਾਸੀ ਬਣਾ ਕੇ ਵਰਤਦੇ ਹਨ। ਉਹ ਮਾਇਆਵੀ ਪਦਾਰਥਾਂ ਦੇ ਮੋਹ ਵਿੱਚ ਨਹੀਂ ਫਸਦੇ, ਸਗੋਂ ਪਰਮੇਸ਼ਰ ਪ੍ਰਾਪਤੀ ਲਈ ਇਨ੍ਹਾਂ ਦੀ ਵਰਤੋਂ ਕਰਦੇ ਹਨ। ਉਹ ਤਿੰਨਾਂ ਗੁਣਾਂ ਨੂੰ ਪਾਰ ਕਰਕੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਚੁਕੇ ਹੁੰਦੇ ਹਨ ਅਤੇ ਆਪਣੇ ਸਿੱਖਾਂ-ਸੇਵਕਾਂ ਨੂੰ ਵੀ ਐਸੀ ਜੁਗਤੀ ਸਿਖਾਉਂਦੇ ਹਨ ਜਿਸ ਨਾਲ ਉਹ ਵੀ ਅੰਜਣ (ਮਾਇਆ) ਵਿੱਚ ਰਹਿੰਦੇ ਹੋਏ ਨਿਰਅੰਜਣ ਹੋ ਜਾਂਦੇ ਹਨ—ਭਾਵ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਜਾਂਦੇ ਹਨ।

**1. [1]ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥**
**ਗੁਰਮੁਖਿ ਕੋਈ ਗਾਰੜੂ[2] ਤਿਨਿ [3]ਮਲਿ ਦਲਿ ਲਾਈ ਪਾਇ ॥**

---

1. ਮਾਇਆ ਸੱਪਣੀ ਵਾਂਗ ਸੰਸਾਰ ਵਿੱਚ ਸਭ ਨੂੰ ਚੰਬੜੀ ਹੋਈ ਹੈ; ਜੋ ਇਸ ਦੇ ਦਾਸ ਹਨ ਇਹ ਉਨ੍ਹਾਂ ਨੂੰ ਖਾ ਜਾਂਦੀ ਹੈ 2. ਸੱਪ ਦੀ ਜ਼ਹਿਰ ਦੂਰ ਕਰਨ ਵਾਲੀ ਦਵਾਈ ਜਾਂ ਮੰਤਰ ਜਾਣਨ ਵਾਲਾ (ਮਾਂਦਰੀ) 3. ਲਤਾੜ ਕੇ ਪੈਰਾਂ ਹੇਠ ਦੇ ਲਈ ਹੈ ਭਾਵ ਚਰਨੀਂ ਲਾ ਲਈ ਹੈ।

. ਨਾਨਕ ਸੇਈ ਉਬਰੇ[4] ਜਿ ਸਚਿ ਰਹੇ ਲਿਵ ਲਾਇ ॥ (ਮ: 3—510)

2. ਮਾਇਆ ਭੁਇਅੰਗਮੁ[5] ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿਨਾਮੁ ਹੈ ਗੁਰ ਗਰੁੜ[6] ਸਬਦੁ ਮੁਖਿ ਪਾਇ ॥(ਮ: 3,1415)

3. ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥ (ਮ: 1—61)

4. ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥ (ਮ: 3—67)

5. ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥
ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿਨਾਮੁ ਵਿਸਾਰਿ ॥ (3—89)

6. ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ ॥ (3—513)

7. ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ[7] ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ (3—643)

8. ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥
ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥
ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥
ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ[8] ਦਿਖਾਇਆ ॥
ਗੂਝੀ ਭਾਹਿ[9] ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ (ਮ: 5—673)

9. ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ ਹੀ ਪਰਮ ਪਦੁ ਪਾਇਆ ॥(ਕਬੀਰ,1123)

10. ਬ੍ਰਹਮਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰਲੋਕ ਤੇ ਧਾਇ ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥
ਅਬ ਮੋਹਿ ਆਇ ਪਰਿਓ ਸਰਨਾਇ ॥
ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ ॥
[10]ਸਿਧ ਸਾਧਿਕ ਅਰ ਜਖ ਕਿੰਨਰ ਨਰ ਰਹੀ ਕੰਠਿ ਉਰਝਾਇ ॥
ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ ॥ (500)

---

4. ਮਾਇਆ ਤੋਂ ਕੇਵਲ ਉਹ ਬਚੇ ਹਨ ਜੋ ਸ਼ਬਦ ਜਾਂ ਪਰਮੇਸ਼ਰ ਰੂਪੀ ਸੱਚ ਵਿੱਚ ਲਿਵਲੀਨ ਹਨ 5. ਅਜਗਰ ਨਾਗ, ਸੱਪ 6. ਸੱਪ ਦੀ ਜ਼ਹਿਰ ਲਾਹੁਣ ਵਾਲਾ ਮੰਤਰ 7. ਇਹ ਦੰਦਾਂ ਤੋਂ ਬਿਨਾਂ ਹੀ ਜੱਗ ਨੂੰ ਖਾ ਜਾਂਦੀ ਹੈ ਜਾਂ ਖਾ ਗਈ ਹੈ 8. ਖੇਲ੍ਹ-ਤਮਾਸ਼ਾ 9. ਗੁੱਝੀ ਅੱਗ 10. ਕਮਾਈ ਵਾਲੇ ਸਿੱਧਾਂ, ਕਰਾਮਾਤੀਆਂ, ਦੇਵਤਿਆਂ ਅਤੇ ਮਨੁੱਖਾਂ ਨੂੰ (ਭਾਵ ਸਭ ਨੂੰ) ਮਾਇਆ ਦੀ ਮੈਲ ਚੜ੍ਹੀ ਹੋਈ ਹੈ ।

11. ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥
ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥ (ਮ: 5—499)

12. ਜਹ ਦੇਖਾ ਤਹ ਜੇਵਰੀ[11] ਮਾਇਆ ਕਾ ਸਨਬੰਧੁ ॥
ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥ (ਮ: 3—551)

13. ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥ (ਮ: 3,513)

14. ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ[12] ਖਬਰਿ ਨ ਹੋਇ ॥
ਕਾਮ ਕ੍ਰੋਧਿ ਮਨੁ ਹਿਰਿ[13] ਲਇਆ ਮਨਮੁਖ ਅੰਧਾ ਲੋਇ ॥ (ਮ: 3—1414)

15. ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥ (ਮ: 3, 593)

16. ਤ੍ਰੈਗੁਣ ਮਾਇਆ ਬ੍ਰਹਮ ਕੀ ਕੀਨੀ ਕਹਹੁ ਕਵਨ ਬਿਧਿ ਤਰੀਐ ਰੇ ॥
ਘੂਮਨ ਘੇਰ ਅਗਾਹ ਗਾਖਰੀ[14] ਗੁਰ ਸਬਦੀ ਪਾਰਿ ਉਤਰੀਐ ਰੇ ॥ (5, 404)

17. ਤ੍ਰੈਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥ (ਮ: 3—604)

18. ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ[14] ਤਰਿਆ ਨ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥ (ਮ: 3—1416)

19. ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ ॥
ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ ॥ (693)

20. ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ ॥
ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥
(ਮ: 5—1003)

21. ਮਾਇਆ ਕਿਸ ਨੋ ਆਖਿਅਹਿ ਕਿਆ ਮਾਇਆ ਕਰਮ ਕਮਾਇ ॥
ਦੁਖ ਸੁਖ ਇਹ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ (ਮ: 3—67)

22. ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥
[15]ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥ (793)

23. ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥

---

11. ਸੰਗਲੀ 12. ਲੁੱਟਿਆ ਜਾਂਦਾ ਹੈ 13. ਠੱਗ ਲਿਆ 14. ਜਿਸ ਨੂੰ ਤਰਨਾ ਔਖਾ ਹੋਵੇ 15. ਬੁਢਾਪੇ ਕਾਰਨ ਅੱਖਾਂ, ਕੰਨ, ਕਾਇਆਂ ਅਕਲ ਸੱਭ ਥੱਕ ਗਏ ਹਨ ਪਰ ਮਾਇਆ ਦਾ ਮੋਹ ਨਹੀਂ ਥੱਕਿਆ ।

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥ (ਮ: 3—921)

## ਚੇਤਾਵਨੀ

ਸਾਰਾ ਜਗਤ ਮੋਹ-ਮਾਇਆ ਦੇ ਨਸ਼ੇ ਵਿੱਚ ਗ਼ਲਤਾਨ ਹੋ ਕੇ ਆਪਣੇ ਆਪ ਤੋਂ ਬੇਖ਼ਬਰ ਹੈ ਤੇ ਰਸਾਂ-ਕਸਾਂ ਵਿੱਚ ਖੱਚਿਤ ਹੈ। ਇਹ ਕੋਈ ਨਹੀਂ ਸੋਚਦਾ ਕਿ ਅਸਾਂ ਸਭ ਕੁਝ ਇੱਥੇ ਹੀ ਛੱਡ ਜਾਣਾ ਹੈ। ਬਿਨਸ ਜਾਣ ਵਾਲੇ ਪਦਾਰਥ ਸਾਨੂੰ ਸਦੀਵੀ ਭਾਸਦੇ ਹਨ ਤੇ ਜੋ 'ਨਿੱਤ' ਅਤੇ 'ਸਦੀਵੀ' ਹੈ, ਉਸ ਵੱਲ ਸਾਡਾ ਧਿਆਨ ਹੀ ਨਹੀਂ ਜਾਂਦਾ।

ਦੇਹ, ਜੋ ਨਾਲ ਆਉਂਦੀ ਹੈ, ਉਹ ਵੀ ਨਾਲ ਨਹੀਂ ਜਾਂਦੀ। ਉਮਰ ਦਿਨੋਂ-ਦਿਨ ਘੱਟ ਰਹੀ ਹੈ। ਬੀਤ ਰਹੀ ਹਰ ਘੜੀ, ਹਰ ਪਲ ਸਾਨੂੰ ਮੌਤ ਦੇ ਨੇੜੇ ਲਈ ਜਾ ਰਿਹਾ ਹੈ। ਫਿਰ ਵੀ ਜੀਵ ਘਰ-ਬਾਰ ਅਤੇ ਪਰਿਵਾਰ ਦੇ ਮੋਹ-ਪਿਆਰ ਵਿੱਚ ਫੱਸ ਕੇ ਬੇਖ਼ਬਰ ਜਾਂ ਅਚੇਤ ਹੈ। ਇਹ ਸ੍ਰਿਸ਼ਟੀ ਵੀ ਸਦਾ ਰਹਿਣ ਵਾਲੀ ਨਹੀਂ। ਇਸ ਦਾ ਰੰਗ ਕਸੁੰਭੇ ਵਾਂਗ ਕੱਚਾ ਹੈ, ਇਸ ਨੂੰ ਵੇਖ ਕੇ ਅਸਲੀਅਤ ਨੂੰ ਨਹੀਂ ਭੁੱਲਣਾ ਚਾਹੀਦਾ।

ਮਨੁੱਖ-ਜਨਮ ਮਾਲਕ ਦੇ ਮਿਲਣ ਦਾ ਦੁਰਲੱਭ ਅਵੁਸਰ ਹੈ। ਇਸ ਨੂੰ ਪਾ ਕੇ ਜਿਸ ਨੇ ਇਸ ਉਦੇਸ਼ ਦੀ ਪ੍ਰਾਪਤੀ ਦਾ ਜਤਨ ਨਹੀਂ ਕੀਤਾ, ਸਮਝੋ ਉਸ ਨੇ ਆਯੂ ਵਿਅਰਥ ਗਵਾ ਲਈ ਹੈ।

ਗੁਰੂ ਸਾਹਿਬਾਨ ਜੀਵ ਨੂੰ ਚੇਤਾਵਨੀ ਦਿੰਦੇ ਹਨ ਕਿ ਮਾਇਆ ਅਤੇ ਇਸ ਦੇ ਪਦਾਰਥਾਂ ਵਿੱਚ ਫੱਸ ਕੇ ਅਪਣਾ ਜੀਵਨ ਬਰਬਾਦ ਨਾ ਕਰੇ। ਇਹ ਸਭ ਕੂੜ ਦਾ ਪਸਾਰਾ ਹੈ। ਜੱਗ ਵਿੱਚ 'ਨਾਮ' ਹੀ ਇੱਕੋ ਐਸੀ 'ਸਤਿ' ਜਾਂ 'ਸਾਰ' ਵਸਤੂ ਹੈ, ਜੋ ਕਦੇ ਨਾਸ਼ ਨਹੀਂ ਹੁੰਦੀ। ਇਹ ਸਾਡੇ ਸਭ ਦੇ ਅੰਦਰ ਹੈ, ਪਰੰਤੂ ਇਸ ਦਾ ਭੇਦ ਕੇਵਲ ਪੂਰੇ ਸਤਿਗੁਰੂ ਪਾਸੋਂ ਮਿਲਦਾ ਹੈ। ਨਾਮ ਤੋਂ ਬਿਨਾਂ ਜਮ ਦਾ ਭੈ ਅਤੇ ਚੁਰਾਸੀ ਦਾ ਚੱਕਰ ਨਹੀਂ ਟੁੱਟ ਸਕਦਾ। ਇਸ ਅਨਿੱਤ ਦੇਹ ਅੰਦਰ ਕੇਵਲ ਆਤਮਾ ਹੀ ਇੱਕ ਨਿੱਤ ਜਾਂ ਅਮਰ ਪਦਾਰਥ ਹੈ। ਉਸ ਦੇ ਕਲਿਆਣ ਦੀ ਚਿੰਤਾ ਕਰਨਾ ਹੀ ਹਰ ਜੀਵ ਦਾ ਪਰਮ-ਧਰਮ ਹੈ। ਜੀਵ ਨੂੰ ਸਦਾ ਆਪਣੇ ਅਸਲ ਮਨੋਰਥ ਦੀ ਸਿੱਧੀ ਲਈ ਤਤਪਰ ਅਤੇ ਜਤਨ-ਸ਼ੀਲ ਰਹਿਣਾ ਚਾਹੀਦਾ ਹੈ।

## ਚੇਤਾਵਨੀ

1. ਗਗਾ ਗੋਬਿਦ ਗੁਣ ਰਵਹੁ[1] ਸਾਸਿ ਸਾਸਿ ਜਪਿ ਨੀਤ ॥
ਕਹਾ ਬਿਸਾਸਾ[2] ਦੇਹ ਕਾ ਬਿਲਮ[3] ਨ ਕਰਿਹੋ ਮੀਤ ॥
ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ[4] ॥
ਓਹ ਬੇਰਾ[5] ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥
ਗਿਆਨੀ ਧਿਆਨੀ ਚਤੁਰ[6] ਪੇਖਿ ਰਹਨੁ ਨਹੀ ਇਹ ਠਾਇ ॥
[7]ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥ (ਮ: 5—254)

2. ਕਹਾ ਸੁ ਭਾਈ ਮੀਤ ਹੈ ਦੇਖੁ [8]ਨੈਨ ਪਸਾਰਿ ॥
[9]ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥ (ਮ: 5—808)

3. ਜਗ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥
ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥ (ਮ: 1—18)

4. ਮਰਣਿ[10] ਨ ਮੂਰਤੁ[11] ਪੁਛਿਆ ਪੁਛੀ ਥਿਤਿ ਨ ਵਾਰੁ ॥
ਇਕਨੀ ਲਦਿਆ ਇਕਿ ਲਦਿ ਚਲੇ ਇਕਨੀ ਬਧੇ[12] ਭਾਰ ॥

5. ਹਸਤੀ[13] ਘੋੜੇ ਪਾਖਰੇ[14] ਲਸਕਰ ਲਖ ਅਪਾਰ ॥
ਕਿਸਹੀ ਨਾਲਿ ਨ ਚਲਿਆ [15]ਖਪਿ ਖਪਿ ਮੁਏ ਅਸਾਰ ॥ (ਮ: 1—63)

6. ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥
ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥ (ਮ: 1—16)

7. ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥
ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ ॥
[16]ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥ (ਨਾਮਦੇਵ, 692)

8. ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ[17] ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ (ਮ: 1—417)

---

1. ਯਾਦ ਕਰੋ 2. ਵਿਸਵਾਸ ਭਰੋਸਾ 3. ਦੇਰੀ 4. ਰੋਕ; ਕਿਸੇ ਅਵੱਸਥਾ ਵਿੱਚ ਵੀ ਮੌਤ ਨੂੰ ਕੋਈ ਰੁਕਾਵਟ ਨਹੀਂ, ਇਹ ਜਦ ਚਾਹੇ ਆ ਸਕਦੀ ਹੈ 5. ਸਮਾਂ 6. ਸਿਆਣੇ 7. ਛੱਡ ਕੇ 8. ਅੱਖਾ ਖੋਲ੍ਹ ਕੇ ਦੇਖ 9. ਕਈ ਚਲੇ ਗਏ ਹਨ, ਕਈ ਚਲੇ ਜਾਣਗੇ 10. ਮੌਤ ਨੇ 11. ਮਹੂਰਤ 12. ਸਮਾਨ ਬੰਨ੍ਹੀਂ ਤਿਆਰ ਬੈਠੇ ਹਨ 13 ਹਾਥੀ 14. ਕਾਠੀਆਂ 15. ਝੂਠੀ ਵਸਤੂ ਵਿੱਚ ਫੱਸ ਕੇ ਮਾਰੇ ਗਏ 16. ਰਾਵਣ ਵਰਗੇ ਸੋਨੇ ਦੀ ਲੰਕਾ ਦੇ ਮਾਲਕ ਅਤੇ ਉਨ੍ਹਾਂ ਦੇ ਸਭ ਸਮਾਨ ਚਲੇ ਗਏ 17. ਜਦ ਮਾਲਕ (ਰੱਬ) ਦਾ ਭਾਣਾ ਵਰਤਿਆ ਤਾਂ ਜਮਦੂਤਾਂ ਭਾਵ ਜ਼ਾਲਮ ਸਿਪਾਹੀਆਂ ਨੂੰ ਹੁਕਮ ਹੋਇਆ ਅਤੇ ਉਹ ਬੇਇੱਜ਼ਤ ਕਰਕੇ ਪਕੜ ਕੇ ਲੈ ਗਏ ।

9. ਕਹਾਂ ਸੁ ਸੇਜ ਸੁਖਾਲੀ [18]ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥
ਕਹਾ ਸੁ ਪਾਨ ਤੰਬੋਲੀ[19] ਹਰਮਾ[20] ਹੋਈਆ [21]ਛਾਈ ਮਾਈ ॥ (ਮ: 1—417)

10. ਜਿਚਰੁ ਵਸਿਆ ਕੰਤੁ[22] ਘਰਿ ਜੀਉ ਜੀਉ ਸਭਿ ਕਹਾਤਿ ॥
ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥ (ਮ: 5—50)

11. ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ[23] ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥ (ਮ: 5—50)

12. ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥ (ਮ: 1—23)

13. ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥ (1366)

14. ਕਬੀਰ ਇਹੁ ਤਨੁ ਜਾਇਗਾ [24]ਕਵਨੈ ਮਾਰਗਿ ਲਾਇ ॥
ਕੈ[25] ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥ (ਕਬੀਰ, 1365)

15. ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ[26] ॥
ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ[27] ਭੁਯੰਗ[28] ॥ (ਕਬੀਰ, 1366)

16. [29]ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥
ਲਾਲਚ ਕਰੈ[30] ਜੀਵਨ ਪਦ ਕਾਰਨ ਲੋਚਨ[31] ਕਛੂ ਨ ਸੂਝੈ ॥ (ਕਬੀਰ,692)

17. ਮਿਰਤੁ[32] ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥
ਬਾਦ[33] ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥ (ਮ: 5—809)

18. ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮਹਿ ਮੀਤ ॥
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤੁ ॥ (ਮ: 9—1428)

19. ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ [34]ਭੈ ਦੁਖ ॥
ਜਾ ਕਾ ਬਾਸਾ ਗੋਰ[35] ਮਹਿ ਸੋ ਕਿਉ ਸੋਵੈ ਸੁਖ ॥ (ਕਬੀਰ, 1371)

20. ਕਬੀਰ ਇਹੁ ਤਨੁ ਜਾਇਗਾ [36]ਸਕਹੁ ਤ ਲੇਹੁ ਬਹੋਰਿ ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ (ਕਬੀਰ, 1365)

---

18. ਸੁੰਦਰ ਇਸਤਰੀ 19. ਪਾਨ ਵੇਚਣ ਵਾਲੀਆਂ 20. ਪਰਦਾ ਕਰਨ ਵਾਲੀਆਂ, ਹਰਮਾਂ ਵਿੱਚ ਰਹਿਣ ਵਾਲੀਆਂ ਇਸਤਰੀਆਂ 21. ਪਰਛਾਵੇਂ ਵਾਂਗ ਲੋਪ ਹੋ ਗਈਆਂ 22. ਸੁੰਦਰ ਜੀਵ ਰੂਪੀ ਪਤੀ 23. ਜ਼ਰੂਰ, ਅਵੱਸ਼ 24. ਇਸ ਨੂੰ ਕਿਸੇ ਚੰਗੇ ਰਸਤੇ ਉੱਤੇ ਪਾ 25. ਭਾਵੇਂ ਜਾਂ 26. ਸੁੰਦਰ 27. ਕੁੰਜ 28. ਸੱਪ, ਜਿਵੇਂ ਸੱਪ ਕੁੰਜ ਲਾਹ ਕੇ ਛੱਡ ਜਾਂਦਾ ਹੈ 29. ਜਦ ਤਕ ਆਤਮਾ ਸਰੀਰ ਵਿੱਚ ਹੁੰਦੀ ਹੈ ਜੀਵ ਆਪਣੇ ਆਪ ਨੂੰ, ਆਪਣੀ ਅਸਲੀਅਤ ਨੂੰ ਨਹੀਂ ਪਛਾਣਦਾ 30. ਜ਼ਿੰਦਗੀ ਲਈ ਲਾਲਚ ਕਰਦਾ ਹੈ 31. ਅੱਖਾਂ ਨਾਲ ਅਸਲੀਅਤ ਨਹੀਂ ਦੇਖਦਾ 32. ਮੌਤ 33. ਝਗੜਿਆਂ, ਸਵਾਦਾਂ ਅਤੇ ਹੰਕਾਰ ਵਿੱਚ 34. ਮੌਤ ਦੇ ਡਰ ਦੇ ਦੁਖ ਕਾਰਨ 35. ਕਬਰ 36. ਹੋ ਸਕੇ ਤਾਂ ਕੋਈ ਉਪਾ ਕਰ ਲੈ।

21. ਕਬੀਰ ਸਤੀ ਪੁਕਾਰੈ [37]ਚਿਹ ਚੜੀ ਸੁਨੁਹੋ ਬੀਰ[38] ਮਸਾਨ ॥
ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ[39] ॥ (ਕਬੀਰ,1369)

22. ਫਰੀਦਾ [40]ਦਹੁ ਦੀਵੀ ਬਲੰਦਿਆ ਮਲਕੁ[41] ਬਹਿਠਾ ਆਇ ॥
ਗੜੁ[42] ਲੀਤਾ ਘਟੁ[43] ਲੁਟਿਆ ਦੀਵੜੇ ਗਇਆ ਬੁਝਾਇ ॥ (ਫਰੀਦ, 1380)

23. ਫਰੀਦਾ ਗੋਰ[44] ਨਿਮਾਣੀ ਸਡੁ[45] ਕਰੇ ਨਿਘਰਿਆ[46] ਘਰਿ ਆਉ ॥
ਸਰਪਰ[47] ਮੈਥੈ[48] ਆਵਣਾ ਮਰਣਹੁ ਨਾ ਡਰਿਆਹੁ ॥

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥
ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥ (ਫਰੀਦ, 1382)

24. ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ[49] ॥ (ਫਰੀਦ, 1381)

25. ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ[50] ਆਇ ਪਏ ॥ (ਫਰੀਦ, 1380)

26. ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ[51] ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ[52] ਕੜਕਾਇ ॥
ਸਾਹੇ ਲਿਖੇ ਨ ਚਲਨੀ[53] ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ [54]ਮਰਣੁ ਵਰੁ ਲੈ ਜਾਸੀ ਪਰਣਾਇ[55] ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤ[56] ਕੰਨੀ[57] ਨ ਸੁਣੀਆਇ ॥
ਫਰੀਦਾ ਕਿੜੀ[58] ਪਵੰਦੀਈ ਖੜਾ ਨ ਆਪੁ ਮੁਹਾਇ ॥ (ਫਰੀਦ, 1377)

27. ਫਰੀਦਾ ਜਿਨਿ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥ (ਫਰੀਦ, 1378)

---

37. ਚਿਖਾ ਉੱਤੇ ਚੜ੍ਹੀ ਇਸਤਰੀ (ਸਤੀ) ਕਹਿੰਦੀ ਹੈ 38. ਹੇ ਭਰਾਵਾ ਸੁਣ ! 39. ਲੋਕਾਂ ਦੀ ਚਾਰ ਦਿਨਾਂ ਦੀ ਵਾਹ-ਵਾਹ ਦਾ ਕੀ ਲਾਭ ਹੈ ਸਾਥ ਤਾਂ ਆਪਣੀ ਕਰਣੀ ਜਾਂ ਕਮਾਈ ਹੀ ਦਿੰਦੀ ਹੈ 40. ਦੋ ਅੱਖਾਂ 41. ਮੌਤ ਦਾ ਫ਼ਰਿਸ਼ਤਾ 42. ਸਰੀਰ ਰੂਪੀ ਕਿਲ੍ਹਾ 43. ਅੰਦਰ 44. ਕਬਰ 45. ਆਵਾਜ਼ ਦਿੰਦੀ ਹੈ 46. ਹੇ ਬੇ-ਘਰੇ ਜੀਵ ! ਤੇਰਾ ਅਸਲ ਘਰ ਮੈਂ ਹਾਂ, ਮੇਰੇ ਕੋਲ ਆਉਣ ਤੋਂ ਨਾ ਡਰ 47. ਜ਼ਰੂਰ 48. ਮੇਰੇ ਕੋਲ ਆਉਣਾ ਹੈ। 49. ਤੂੰ ਨਹੀਂ ਪਤੀਜਿਆਂ, ਤੈਨੂੰ ਇਤਬਾਰ ਨਹੀਂ ਆਇਆ ਕਿ ਮੈਂ ਭੀ ਮਰ ਜਾਣਾ ਹੈ 50. ਕਬਰਾਂ ਵਿੱਚ 51 ਮਲਕ-ਉਲ-ਮੌਤ, ਜਮਰਾਜ 52. ਹੱਡਾਂ ਨੂੰ 53. ਲਿਖੇ ਹੋਏ ਸਾਹੇ ਨਹੀਂ ਬਦਲਣੇ 54. ਮੌਤ ਦਾ ਲਾੜਾ 55. ਵਿਆਹ ਕੇ ਲੈ ਜਾਵੇਗਾ 56. ਵਾਲ ਤੋਂ ਬਾਰੀਕ ਪੁਲ ਜਿਸ ਉੱਤੋਂ ਮੌਤ ਤੋਂ ਬਾਅਦ ਹਰ ਇੱਕ ਨੂੰ ਲੰਘਣਾ ਪੈਂਦਾ ਹੈ 57. ਕੀ ਤੈਨੂੰ ਉਸ ਬਾਰੇ ਨਹੀਂ ਪਤਾ 58. ਆਵਾਜ਼ ਪੈਂਦੀ ਹੈ।

28. ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥ (ਫਰੀਦ, 1380)
29. ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ [59]ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ[60] ਪਵੈ ਕਾਹਾਹਾ[61] ॥ (ਫਰੀਦ, 1383)
30. ਫਰੀਦਾ ਮੈ [62]ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ[63] ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥ (ਫਰੀਦ, 1379)
31. ਤਿਚਰੁ ਵਸਹਿ ਸੁਹੇਲੜੀ[64] ਜਿਚਰੁ ਸਾਥੀ ਨਾਲਿ ॥
ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ[65] ॥ (ਮ: 5—50)
32. ਡਡਾ ਡੇਰਾ[66] ਇਹੁ ਨਹੀ ਜਹ ਡੇਰਾ ਤਹ ਜਾਨੁ ॥
ਉਆ ਡੇਰਾ ਕਾ ਸੰਜਮੋ[67] ਗੁਰ ਕੈ ਸਬਦਿ ਪਛਾਨ ॥ (ਮ: 5—256)
33. ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ[68] ਜਾਹਿ ॥
ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥ (ਮ: 3—586)
34. ਲਸਕਰ ਸਣੇ ਦਮਾਮਿਆ[69] ਛੁਟੇ ਬੰਕ[70] ਦੁਆਰ ॥
ਨਾਨਕ ਢੇਰੀ[71] ਛਾਰੁ ਕੀ ਭੀ ਫਿਰਿ ਹੋਈ ਛਾਰ ॥
35. ਨਾਨਕ ਇਹੁ ਜੀਉ ਮਛੁਲੀ ਝੀਵਰੁ[72] ਤ੍ਰਿਸਨਾ ਕਾਲੁ ॥
ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ[73] ਜਾਲੁ ॥ (ਮ: 5—955)
36. ਲਖ ਟਕਿਆ ਕੇ ਮੁੰਦੜੇ[74] ਲਖ ਟਕਿਆ ਕੇ ਹਾਰ ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥ (ਮ: 1—464)
37. [75]ਇਸੁ ਜਰ ਕਾਰਣ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ (ਮ: 1—417)
38. ਜੇਤੀ ਸਮਗ੍ਰੀ[76] ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥
ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ [77]ਪਦੁ ਨਿਰਬਾਨੀ ॥(ਮ: 5—613)

---

59. ਜਿਵੇਂ ਦਰਿਆ ਦੇ ਕੰਢਿਆਂ ਨੂੰ ਢਾਹ ਲੱਗੀ ਹੁੰਦੀ ਹੈ 60 ਰੌਲਾ 61. ਹਾ ਹਾ ਕਾਰ 62. ਪੱਗ ਵਟਾਉਣ ਦੇ ਖਿਆਲ ਵਿੱਚ ਜਾਂ ਭੁਲੇਖੇ ਵਿੱਚ 63. ਰੂਹ ਰੂਪੀ ਇਸਤਰੀ 64. ਅਸਾਨੀ ਨਾਲ 65. ਮਿੱਟੀ ਵਿੱਚ ਮਿਲ ਗਈ 66. ਟਿਕਾਣਾ ਅਸਲੀ ਥਾਂ 67. ਢੰਗ; ਉਸ ਟਿਕਾਣੇ ਤੱਕ ਪਹੁੰਚਣ ਦੇ ਢੰਗ ਨੂੰ ਸਮਝ 68. ਫੇਰ 69. ਧੌਂਸੇ 70. ਸੁੰਦਰ 71. ਪਹਿਲੋਂ ਵੀ ਮਿੱਟੀ ਸੀ ਦੁਬਾਰਾ ਫਿਰ ਮਿਟੀ ਹੋ ਗਈ 72. ਮਾਛੀ; ਤ੍ਰਿਸ਼ਨਾਂ ਮਾਛੀ ਜਾਂ ਕਾਲ ਦਾ ਰੂਪ ਹੈ 73. ਅਗਿਆਤ ਹੀ, ਬੇਖ਼ਬਰੀ ਵਿੱਚ 74. ਬੁੰਦੇ, ਵਾਲੇ 75. ਇਸ ਦੌਲਤ ਕਾਰਨ ਅਨੇਕ ਲੋਕ ਖੁਆਰ ਹੋਏ ਹਨ ਇਸ ਨੇ ਬਹੁਤ ਦੁਨੀਆਂ ਕੁਰਾਹੇ ਪਾਈ ਹੈ 76. ਸਾਮਾਨ 77. ਦੋਸ਼ ਰਹਿਤ ਅਵਸਥਾ, ਮੁਕਤੀ ਵਾਲੀ ਅਵੱਸਥਾ ।

## ਜਗਤ ਦੀ ਅਸਤਿਤਾ ਜਾਂ ਨਾਸ਼ਵਾਨਤਾ

ਇਹ ਜਗਤ ਅਸਤਿ, ਨਾਸ਼ਵਾਨ ਅਤੇ ਪਰਿਵਰਤਣਸ਼ੀਲ ਹੈ। ਇਹ ਮ੍ਰਿਤ-ਮੰਡਲ ਹੈ। ਜੋ ਅੱਜ ਹੈ, ਕਲ ਨਹੀਂ ਹੋਵੇਗਾ। ਇੱਥੇ ਕੁਝ ਵੀ ਥਿਰ ਨਹੀਂ। ਇਹ ਸਾਰੀ ਖੇਡ ਪੰਜਾਂ ਤੱਤਾਂ ਦੀ ਹੈ। ਪੰਜੇ ਤੱਤ ਨਾਸ਼ਵਾਨ ਹਨ। ਇਨ੍ਹਾਂ ਦੀ ਬਣੀ ਰਚਨਾ ਵੀ ਬਿਨਸਨਹਾਰ ਹੈ। ਸੰਜੋਗ-ਵਿਜੋਗ ਦੇ ਨਿਯਮ ਅਨੁਸਾਰ ਜੀਵ ਇੱਥੇ ਇਕੱਠੇ ਹੁੰਦੇ ਹਨ ਤੇ ਵਿੱਛੜਦੇ ਰਹਿੰਦੇ ਹਨ। ਇੱਥੇ ਕੁਝ ਵੀ ਸਾਡੀ ਦੋਸਤੀ ਅਤੇ ਪ੍ਰੇਮ ਦੇ ਲਾਇਕ ਨਹੀਂ। ਧੀਆਂ, ਪੁੱਤ, ਪਰਿਵਾਰ ਆਦਿ ਸਭ ਚੱਲਣਹਾਰ ਹਨ। ਕਈ ਜਾ ਚੁੱਕੇ ਹਨ, ਕਈ ਜਾਂਦੇ ਪਏ ਹਨ ਅਤੇ ਕਈ ਤਿਆਰ ਬੈਠੇ ਹਨ। ਫਿਰ ਜੀਵ ਇਸ ਜਗਤ ਦੇ ਮੋਹ ਵਿੱਚ ਫਸੇ ਤਾਂ ਕਿਉਂ ?

ਜਦੋਂ ਸੰਸਾਰ ਵਿੱਚ ਕੋਈ ਵੀ ਵਸਤੂ ਥਿਰ ਨਹੀਂ ਅਤੇ ਹੋਣੀ ਹੋ ਕੇ ਹੀ ਰਹਿਣੀ ਹੈ ਤਾਂ ਚਿੰਤਾ ਕਿਸ ਗੱਲ ਦੀ ਕੀਤੀ ਜਾਵੇ ? ਤਨ ਜੋ ਜਨਮ ਸਮੇਂ ਨਾਲ ਆਉਂਦਾ ਹੈ, ਉਹ ਵੀ ਇੱਥੇ ਹੀ ਰਹਿ ਜਾਂਦਾ ਹੈ, ਤਾਂ ਜਿਨ੍ਹਾਂ ਵਸਤਾਂ-ਪਦਾਰਥਾਂ, ਰਿਸ਼ਤਿਆਂ ਨਾਲ ਇਸ ਤਨ ਕਾਰਨ ਸੰਬੰਧ ਬਣਿਆ ਹੋਇਆ ਹੈ, ਉਹ ਕਿਸ ਤਰ੍ਹਾਂ ਸਦਾ ਲਈ ਸਾਡੇ ਨਾਲ ਨਿਭ ਸਕਦੇ ਹਨ ?

ਕੇਵਲ ਕੁੱਲ ਮਾਲਿਕ ਸਤਿ ਹੈ। ਉਸ ਨੂੰ ਪਛਾਣਨਾ ਤੇ ਉਸ ਵਿੱਚ ਲੀਨ ਹੋਣਾ ਹੀ ਸਾਡਾ ਅਸਲ ਮਨੋਰਥ ਹੈ ਤਾਂ ਜੋ ਉਸ ਸਤਿ ਵਿੱਚ ਸਮਾ ਕੇ ਅਸੀਂ ਵੀ ਸਦਾ ਲਈ ਸਤਿ ਹੋ ਜਾਈਏ।

1. ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥
ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥ (ਮ: 1—18)
2. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹੁ [1]ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤ ॥ (ਮ: 9—1428)
3. ਜਿਉ ਸੁਪਨਾ ਅਰੁ ਪੇਖਨਾ[2] ਐਸੇ ਜਗ ਕਉ ਜਾਨਿ ॥
ਇਨ ਮਹਿ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥ (ਮ: 9—1427)
4. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥ (ਮ: 9—1427)
5. ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨਿ ॥
ਇਨ ਮਹਿ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥ (ਮ: 9—1428)

---

1. ਜੱਗ ਪਲ-ਭਰ ਵਿੱਚ ਢਹਿ ਜਾਣ ਵਾਲੀ ਰੇਤ ਦੀ ਕੰਧ ਹੈ 2. ਦੇਖਣਾ।

6. ਮ੍ਰਿਤ[3] ਮੰਡਲ ਜਗੁ ਸਾਜਿਆ ਜਿਉ ਬਾਲੂ[4] ਘਰਬਾਰ ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ[5] ॥ (ਮ: 5—808)
7. ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥
ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥ (ਮ: 9—1231)
8. ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥
ਦ੍ਰਿਸਟਿਮਾਨ[6] ਸਭੁ ਬਿਨਸੀਐ ਕਿਆ ਲਗਹਿ ਗਵਾਰ[7] ॥ (ਮ: 5—808)
9. ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥ (ਮ: 9,219)
10. ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥ (ਮ: 9—1428)
11. [8]ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ[9] ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥ (ਮ: 1—4682)
12. ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥ (ਮ: 9—1428)
13. ਜੋ ਉਪਜਿਓ ਸੋ ਬਿਨਸਿ ਹੈ[10] ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥ (ਮ: 9—1428)

---

3. ਮੌਤ ਦਾ ਜਗਤ 4. ਰੇਤ ਦਾ ਘਰ 5. ਕਾਗਜ ਉੱਤੇ ਬੂੰਦ ਪੈਣ ਸਮਾਣ 6. ਜੋ ਕੁਝ ਦਿੱਸ ਰਿਹਾ ਹੈ 7. ਮੂਰਖ 8. ਮੰਡਪ, ਮਾੜੀਆਂ ਅਤੇ ਇਨ੍ਹਾਂ ਵਿੱਚ ਬੈਠਣ ਵਾਲੇ ਸਭ ਨਾਸ਼ਵਾਨ ਹਨ 9. ਹੇ ਅਕਾਲਪੁਰਖ ! ਤੇਰੇ ਬਾਝਹੁੰ ਸਭ ਕੁਝ ਝੂਠਾ ਜਾਂ ਨਾਸ਼ਵਾਨ ਹੈ 10. ਜੋ ਬਣਿਆ ਹੈ ਜ਼ਰੂਰ ਢਹਿ ਜਾਵੇਗਾ ।

## ਮਨਮਤ ਕਰਮ*

ਅਸੀਂ ਸਭ ਦੁਨੀਆਂ ਦੇ ਜੀਵ ਆਪੋ-ਆਪਣੀ ਬੁੱਧੀ ਅਨੁਸਾਰ ਹਜ਼ਾਰਾਂ ਜੁਗਤੀਆਂ, ਤਰੀਕਿਆਂ ਨਾਲ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਯਤਨ ਵਿੱਚ ਹਾਂ। ਅਸੀਂ ਜਪ-ਤਪ, ਪੂਜਾ-ਪਾਠ, ਹੱਠ-ਤਿਆਗ, ਤੀਰਥ-ਇਸ਼ਨਾਨ, ਪੁੰਨ-ਦਾਨ, ਚਉਰਾਸੀ ਆਸਣ, ਉਰਧ-ਤਪ, ਨਿਉਲੀ-ਕਰਮ, ਹੋਮ-ਜੱਗ ਆਦਿ ਕਰਦੇ ਹਾਂ। ਅਸੀਂ ਘਰ-ਬਾਰ ਛੱਡ ਕੇ ਜੰਗਲਾਂ-ਪਹਾੜਾਂ ਵਿੱਚ ਛੁਪ ਕੇ ਬੈਠ ਜਾਂਦੇ ਹਾਂ, ਜਟਾਂ ਰੱਖਦੇ ਹਾਂ, ਧੂਣੀਆਂ ਤਪਦੇ ਹਾਂ, ਮੋਨ ਧਾਰਦੇ ਹਾਂ, ਮੰਦਿਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਵਿੱਚ ਜਾ ਕੇ ਮੱਥੇ ਰਗੜਦੇ ਹਾਂ, ਦੇਵ-ਪੂਜਾ ਤੇ ਮੂਰਤੀ-ਪੂਜਾ ਵਿੱਚ ਲੱਗੇ ਰਹਿੰਦੇ ਹਾਂ, ਵੇਦਾਂ-ਸ਼ਾਸਤਰਾਂ, ਗ੍ਰੰਥ-ਪੋਥੀਆਂ ਦਾ ਪਾਠ ਕਰਦੇ ਹਾਂ। ਗੁਰਬਾਣੀ ਅਨੁਸਾਰ ਇਹ ਸਭ ਮਨ-ਮਤ ਕਰਮ ਹਨ। ਮਨ ਨੂੰ ਮਨ ਦੁਆਰਾ ਬਣਾਏ ਗਏ ਸਾਧਨਾਂ ਨਾਲ ਵੱਸ ਨਹੀਂ ਕੀਤਾ ਜਾ ਸਕਦਾ। ਇਸ ਲਈ ਇਨ੍ਹਾਂ ਸਭ ਕਰਮਾਂ ਦੁਆਰਾ ਨਾ ਮਨ ਸ਼ਾਂਤ ਹੁੰਦਾ ਹੈ, ਨਾ ਇਸ ਦੀਆਂ ਮੈਲਾਂ ਉੱਤਰਦੀਆਂ ਹਨ ਅਤੇ ਨਾ ਹੀ ਹਉਮੈ ਦਾ ਨਾਸ਼ ਹੁੰਦਾ ਹੈ।

ਅਸਲ ਵਿੱਚ ਅਸੀਂ ਮਨ-ਮਾਇਆ ਦੇ ਮੋਹ ਵਿੱਚ ਫੱਸ ਕੇ ਅੰਨ੍ਹੇ ਹੋਏ ਹੋਏ ਹਾਂ ਤੇ ਅੰਨ੍ਹੇ ਹੀ ਕਰਮ ਕਮਾ ਰਹੇ ਹਾਂ। ਇਨ੍ਹਾਂ ਕਰਮਾਂ ਦੁਆਰਾ 'ਸਾਰ ਵਸਤੂ' ਜਾਂ 'ਨਾਮ' ਦੀ ਪ੍ਰਾਪਤੀ ਨਹੀਂ ਹੋ ਸਕਦੀ।

ਗੁਰੂ ਸਾਹਿਬਾਨ ਫ਼ਰਮਾਉਂਦੇ ਹਨ ਕਿ ਬਿਨਾਂ ਪੂਰੇ ਗੁਰੂ ਤੋਂ ਗੁਰਮਤਿ ਦੀ ਸੋਝੀ ਨਹੀਂ ਆ ਸਕਦੀ ਅਤੇ ਹਰੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਮਨ ਦਾ ਅਭਿਮਾਨ ਕੇਵਲ ਨਾਮ ਦੀ ਕਮਾਈ ਨਾਲ ਹੀ ਟੁੱਟਦਾ ਹੈ। ਹਰ ਤਰ੍ਹਾਂ ਦੇ ਬਾਹਰ-ਮੁਖੀ ਤੇ ਮਨਮਤ ਕਰਮਾਂ ਦਾ ਫਲ ਭੋਗਣ ਲਈ ਜੀਵ ਨੂੰ ਬਾਰ-ਬਾਰ ਸੰਸਾਰ ਵਿੱਚ ਆਉਣਾ ਪੈਂਦਾ ਹੈ। ਇਹ ਕਰਮ ਪਰਮੇਸ਼ਰ ਨਾਲ ਮਿਲਾਪ ਨਹੀਂ ਕਰਵਾ ਸਕਦੇ। ਇਸ ਲਈ ਗੁਰਬਾਣੀ ਬਾਰ-ਬਾਰ ਉਪਦੇਸ਼ ਕਰਦੀ ਹੈ ਕਿ ਜੀਵ ਨੂੰ ਮਨਮਤ ਛੱਡ ਕੇ ਗੁਰਮਤਿ ਵਿੱਚ ਆਉਣਾ ਚਾਹੀਦਾ ਹੈ ਅਤੇ 'ਸੱਚੇ ਨਾਮ ਦਾ ਤੋਸਾ' ਆਪਣੇ ਨਾਲ ਬੰਨ੍ਹਣਾ ਚਾਹੀਦਾ ਹੈ, ਜਿਹੜਾ ਲੋਕ-ਪਰਲੋਕ ਦੋਹਾਂ ਵਿੱਚ ਸਹਾਈ ਹੁੰਦਾ ਹੈ।

---

***ਗੁਰਬਾਣੀ ਦੇ ਹੇਠਲੇ ਪ੍ਰਸੰਗਾਂ ਵਿੱਚ ਨਿਉਲੀ ਕਰਮ—ਧੋਤੀ ਵਸਤੀ ਨੇਤੀ; ਪ੍ਰਾਣਾਯਾਮ—ਕੁੰਭਕ, ਰੇਚਕ, ਪੂਰਕ; ਕੁੰਡਲਨੀ ਦੀ ਸਾਧਨਾ; ਤੀਰਥ-ਵਰਤ, ਪੁੰਨ-ਦਾਨ; ਜਪ-ਤਪ; ਪੂਜਾ-ਪਾਠ; ਖਟ-ਕਰਮ ਆਦਿ ਜੈਸੇ ਮਨ-ਮਤ ਕਰਮਾਂ ਦੀ ਵਿਸਥਾਰ ਨਾਲ ਵਿਆਖਿਆ ਲਈ—ਵੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਦੇ ਸਤਿਸੰਗ ਸੰਗ੍ਰਹਿ 'ਸੰਤ ਮਤ ਪ੍ਰਕਾਸ਼ ਭਾਗ ਪਹਿਲਾ' ਵਿੱਚ ਸਤਿਸੰਗ: 'ਕਰ ਨੈਨੋਂ ਦੀਦਾਰ ਮਹਲ ਮੇ ਪਿਆਰਾ ਹੈ' ਅਤੇ 'ਸੰਤ-ਮਤ ਪ੍ਰਕਾਸ਼ ਭਾਗ ਪੰਜਵਾਂ' ਵਿੱਚ ਸਤਿਸੰਗ : 'ਪਾਠ ਪੜਿਓ ਅਰ ਬੇਦ ਬੀਚਾਰਿਓ'।**

1. ਕਾਂਇਆ ਸਾਧੈ ਉਰਧ[1] ਤਪੁ ਕਰੈ ਵਿਚਹੁ ਹਉਮੈ ਨ ਜਾਇ ॥
[2]ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ ॥ (ਮ: 3—33)
2. ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ[3] ਵਸਿ ਕਰਿ ਕਮਾਇ ॥
ਮਨ ਕੀ ਮੈਲ ਨ ਉਤਰੈ ਹਉਮੈ ਮੈਲੁ ਨ ਜਾਇ ॥ (ਮ: 3—558)
3. ਤਨੁ ਮਨੁ ਸਮਧਾ[4] ਜੇ ਕਰੀ ਅਨਦਿਨੁ ਅਗਨਿ ਜਲਾਇ ॥
ਹਰਿਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥
[5]ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥
[6]ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ (ਮ: 1—62)
4. [7]ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ (ਮ: 5—642)
5. [8]ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥ (ਮ: 1—1343)
6. ਕਿਰਿਆਚਾਰ ਕਰਹਿ [9]ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥ (ਮ: 5—495)
7. [10]ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ (642)
8. [11]ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥

---

1. ਪੁੱਠਾ ਲਟਕ ਕੇ ਤਪ ਕਰੇ 2. ਧਾਰਮਿਕ ਕਰਮ 3. ਕਾਮ-ਵਾਸਨਾਵਾਂ ਨੂੰ ਵੱਸ ਕਰ ਲਵੇ 4. ਸਮਧਾ=ਹਵਨ ਵਿੱਚ ਜਲਾਉਣ ਵਾਲੀਆਂ ਲੱਕੜਾਂ; ਕਹਿੰਦੇ ਹਨ ਕਿ ਹਵਨ ਵਿੱਚ ਲੱਕੜਾਂ ਦੀ ਥਾਂ ਤਨ-ਮਨ ਜਲਾ ਦਵੇ ਤਾਂ ਵੀ ਐਸੇ ਕਰੋੜਾ ਕਰਮ ਸੱਚੇ ਨਾਮ ਦੀ ਕਮਾਈ ਦਾ ਮੁਕਾਬਲਾ ਨਹੀਂ ਕਰ ਸਕਦੇ 5. ਅਰਧ=ਅੱਧਾ; ਕਰਵਤ=ਆਰਾ; ਪਿਛਲੇ ਸਮਿਆਂ ਵਿੱਚ ਬਨਾਰਸ ਵਿੱਚ ਇਕ ਆਰਾ ਹੁੰਦਾ ਸੀ; ਕਿਹਾ ਜਾਂਦਾ ਸੀ ਕਿ ਇੱਸ ਆਰੇ ਉੱਤੇ ਆਪਣੇ ਆਪ ਨੂੰ ਚਿਰਾ ਲੈਣ ਨਾਲ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ। ਕਹਿੰਦੇ ਹਨ ਐਸੇ ਆਰੇ ਉੱਤੇ ਗੇਲੀ ਵਾਂਗ ਦੋ ਫਾੜ ਚਿਰ ਜਾਣ ਨਾਲ ਵੀ ਅਤੇ 6. ਹਿਮ+ਆਂਚਲ= ਬਰਫ਼ ਦੇ ਘਰ ਅਰਥਾਤ ਬਰਫੀਲੇ ਪਹਾੜਾਂ ਉੱਤੇ ਹਠ-ਜੋਗ ਦੀਆਂ ਘੋਰ ਸਾਧਨਾਂ ਨਾਲ ਸਰੀਰ ਨੂੰ ਗਾਲ ਲੈਣ ਨਾਲ ਵੀ ਹਉਮੈ ਦਾ ਰੋਗ ਦੂਰ ਨਹੀਂ ਹੁੰਦਾ 7. ਕਨਿਕ=ਸੋਨਾ; ਕਾਮਿਨੀ=ਇਸਤਰੀ; ਹੈਵਰ= ਘੋੜਾ; ਗੈਵਰ=ਹਾਥੀ; ਭੂਮੀ=ਜ਼ਮੀਨ; ਅਰਪੇ=ਪੁੰਨ ਕਰੇ; ਕਹਿੰਦੇ ਹਨ ਇਨ੍ਹਾਂ ਸਭ ਚੀਜ਼ਾਂ ਦਾ ਦਾਨ ਕਰਨ ਨਾਲ ਵੀ ਪਰਮਾਤਮਾ ਨਹੀਂ ਮਿਲਦਾ 8. ਨਿਉਲੀ ਕਰਮ—ਆਂਦਰਾਂ ਨੂੰ ਸਾਫ਼ ਕਰ . ਲਈ ਪੇਟ ਨੂੰ ਚੱਕਰ ਵਿੱਚ ਘੁਮਾਉਣਾ; ਭੁਅੰਗਮ ਭਾਠੀ=ਕੁੰਡਲਨੀ ਦੀ ਸਾਧਨਾ ਕਰਨਾ; ਰੇਚਕ, ਪੂਰਕ ਕੁੰਭਕ ਤਿੰਨੇ ਪ੍ਰਾਣਾਯਾਮ ਦੀਆਂ ਕਿਰਿਆ ਹਨ—ਰੇਚਕ ਸੁਆਸ ਉਤਾਰਨਾ; ਪੂਰਕ ਸੁਆਸ ਚੜ੍ਹਾਉਣਾ; ਕੁੰਭਕ ਸੁਆਸ ਨੂੰ ਆਪਣੇ ਅੰਦਰ ਖੜਾ ਕਰਨਾ 9. ਬ੍ਰਾਹਮਣਾਂ ਦੇ ਛੇ ਕਰਮ=ਦਾਨ ਦੇਣਾ ਤੇ ਲੈਣਾ, ਵਿਦਿਆ ਦੇਣਾ ਤੇ ਲੈਣਾ, ਜਗ ਕਰਨਾ ਤੇ ਕਰਾਉਣਾ 10. ਅਰਚਾ=ਮੂਰਤੀ-ਪੂਜਾ; ਡੰਡਉਤ (ਡੰਡਵਤ) —ਡੰਡੇ ਵਾਂਗੂ ਸਿੱਧੇ ਲੰਮੇ ਪੈ ਕੇ ਪ੍ਰਣਾਮ ਜਾਂ ਨਮਸਕਾਰ ਕਰਨਾ 11. ਤਿੰਨਾਂ ਗੁਣਾਂ ਦੇ ਮਾਇਆ ਵਾਲੇ ਕਰਮ ਕੀਤੇ, ਪਰ ਹਰੀ ਦੇ ਮਿਲਾਪ ਦਾ ਰਸ ਪ੍ਰਾਪਤ ਨਾ ਹੋਇਆ।

[12]ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥ (3, 603)

9. [13]ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥ (ਮ: 5—1203)

10. [14]ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ (642)

11. [15]ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥
[16]ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥ (ਕਬੀਰ, 654)

12. [17]ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਰਿਦੈ ਭਇਆ ਗੁਮਾਨਾ ॥ (ਮ: 5—603)

13. ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥(ਮ: 1—469)

14. ਹੋਮ [18]ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
[19]ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥(ਮ: 5—214)

15. ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ[20] ॥
[21]ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥ (ਮ: 5—674)

16. ਜਾਪ ਤਾਪ ਭ੍ਰਮਨ[22] ਬਸੁਧਾ ਕਰਿ [23]ਉਰਧ ਤਾਪ ਲੈ ਗੈਨ ॥
[24]ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ ॥ (674)

---

12. ਸੰਧਿਆ=ਸਵੇਰੇ, ਦੁਪਹਿਰੇ ਅਤੇ ਸਾਮ ਵੇਲੇ ਪ੍ਰਭੂ ਦੀ ਪੂਜਾ ਕਰਨਾ । 13. ਸਫਰੀ=ਫਿਰ-ਤੁਰ ਕੇ ਰੋਟੀ ਕਮਾਉਣ ਵਾਲਾ; ਦੰਫਾਨ=ਮਦਾਰੀ ਦੇ ਵਾਂਗ ਤਮਾਸ਼ਾ ਜਾਂ ਪਖੰਡ ਕਰਨ ਵਾਲਾ; ਕਹਿ ਰਹੇ ਹਨ ਕਿ ਸਵੇਰ-ਸਾਮ ਵਰਤ ਰੱਖਣਾ ਵੀ ਨਿਰਾ ਪਖੰਡ ਹੈ 14. ਜੋਗੀਆਂ ਦੇ ਚੁਰਾਸੀ ਆਸਣ ਕਰਨ ਨਾਲ ਉੱਮਰ ਤਾਂ ਲੰਮੀ ਹੋ ਗਈ, ਪਰ ਆਵਾਗੌਣ ਨਾ ਖ਼ਤਮ ਹੋਇਆ ਅਤੇ ਹਰੀ ਦੀ ਪ੍ਰਾਪਤੀ ਨਾ ਹੋਈ 15. ਬਨਾਂ ਵਿੱਚ ਜਾ ਕੇ ਜੋਗ ਤਪ ਆਦਿ ਕੀਤੇ; ਜੰਗਲੀ ਫਲਾਂ-ਬੂਟੀਆਂ ਉੱਤੇ ਗੁਜ਼ਾਰਾ ਕੀਤਾ 16 ਨਾਦੀ=ਜੋਗੀ; ਬੇਦੀ=ਕਰਮ-ਕਾਂਡੀ; ਸਬਦੀ=ਅਲੱਖ-ਅਲੱਖ ਕਹਿਣ ਵਾਲੇ ਦੱਤ ਮੱਤ ਦੇ ਜੋਗੀ; ਮੋਨੀ=ਮੋਨ ਧਾਰਨ ਕਰਨ ਵਾਲੇ, ਚੱਪ ਰਹਿਣ ਵਾਲੇ; ਪਟੈ=ਲੇਖੇ ਵਿੱਚ; ਇਹ ਸਭ ਜਮ ਦੇ ਹਿਸਾਬ ਵਿੱਚ ਹਨ, ਜਮ ਦੇ ਵੱਸ ਪੈਂਦੇ ਹਨ 17. ਤਪ ਕਰਕੇ ਕਈ ਤਰ੍ਹਾਂ ਦੇਹ ਨੂੰ ਸਾਧਿਆ, ਪਰ ਮਨ ਦਸਾਂ ਦਿਸ਼ਾਵਾਂ ਵੱਲ ਫਿਰਦਾ ਰਿਹਾ; ਬ੍ਰਹਮਚਾਰੀ ਵੀ ਬਣਿਆ ਪਰ ਇਸ ਨਾਲ ਵੀ ਮਨ ਵਿੱਚ ਹੰਕਾਰ ਹੀ ਪੈਦਾ ਹੋਇਆ 18. ਹਉਮੈ ਵੱਸ ਹੋ ਕੇ ਜੱਗ-ਤੀਰਥ ਆਦਿ ਕੀਤੇ ਪਰ ਇਨ੍ਹਾਂ ਨਾਲ ਵੀ ਵਿਕਾਰਾਂ ਵਿੱਚ ਹੀ ਵਾਧਾ ਹੋਇਆ 19. ਇਨ੍ਹਾਂ ਨਾਲ ਨਰਕ-ਸਵਰਗ ਅਤੇ ਆਵਾਗੌਣ ਦੇ ਚੱਕਰ ਵਿੱਚ ਫਸਿਆ ਰਿਹਾ 20. ਦੈਨ=ਦੇਣਾ; ਦਾਨ ਕਰਨਾ; 21. ਉਹ ਪ੍ਰਭੂ ਕਿਸੇ ਐਸੀ ਜੁਗਤੀ ਨਾਲ ਪ੍ਰਸੰਨ ਨਹੀਂ ਹੁੰਦਾ 22. ਬਸੁਧਾ ਭ੍ਰਮਨ=ਧਰਤੀ ਦੀ ਯਾਤਰਾ; ਭਾਵ ਧਰਤੀ ਦੀ ਪਰਕਰਮਾਂ ਕਰਦੇ ਰਹਿਣ 23. ਉਰਧ ਤਾਪ=ਪੁੱਠੇ ਲਟਕ ਕੇ ਤਪ ਕਰਨਾ; ਲੈ ਗੈਨ=ਸੁਆਸ ਉੱਪਰ ਚੜ੍ਹਾ ਲੈਣਾ ਅਰਥਾਤ ਪ੍ਰਾਣਾਯਾਮ ਆਦਿ ਕਰਨਾ 24. ਜੋਗ ਜੁਗਤਿ ਕਰਿ ਜੈਨ=ਉਹ ਅਕਾਲਪੁਰਖ ਇਸ ਤਰ੍ਹਾਂ ਦੀਆਂ ਜੋਗੀਆਂ ਅਤੇ ਜੈਨੀਆਂ ਵਾਲੀਆਂ ਜੁਗਤੀਆਂ ਨਾਲ ਪ੍ਰਸੰਨ ਨਹੀਂ ਹੁੰਦਾ ।

17. ਬਰਤ ਨੇਮ ਕਰਮਖਟ ਕੀਨੇ ਬਾਹਰਿ ਭੇਖ ਦਿਖਾਵਾ ॥
ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥ (1003)

18. ਬਰਤ ਨੇਮ ਸੰਜਮ ਮਹਿ ਰਹਤਾ ਤਿਨਕ[25] ਆਢੂ ਨ ਪਾਇਆ ॥
ਆਗੈ ਚਲਣ ਅਉਰੁ ਹੈ ਭਾਈ ਊਂਹਾ ਕਾਮ ਨ ਆਇਆ ॥ (ਮ: 5—216)

19. [26]ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ (ਕਬੀਰ, 332)

20. ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥
ਐਸੇ ਪਿਤ੍ਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥ (ਕਬੀਰ, 332)

21. [27]ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥
ਭੂਮਿ ਦਾਨ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ (ਮ: 1—62)

22. ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥ (ਮ: 9—830)

23. [28]ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥
[29]ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥ (ਮ: 5—1003)

24. ਮੋਨਿ ਭਇਓ [30]ਕਰਿਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ (ਮ: 5—641)

25. [31]ਬੈਸਨੋ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥
ਸਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥ (ਮ: 5—1202)

26. [32]ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥ (ਕਬੀਰ,1103)

---

25. ਇਨ੍ਹਾਂ ਨਾਲ ਰੱਤੀ ਲਾਭ ਨਾ ਹੋਇਆ 26. ਲੋਕ ਜੀਂਦੇ ਵਡੇਰਿਆਂ ਦੀ ਪਰਵਾਹ ਨਹੀਂ ਕਰਦੇ ਮਰਿਆਂ ਹੋਇਆਂ ਦੇ ਸਰਾਧ ਕਰਦੇ ਹਨ; ਸਭ ਕੁੱਝ ਕੁੱਤੇ-ਕਾਂ ਖਾ ਜਾਂਦੇ ਹਨ, ਪਿਤਰਾਂ ਵਿਚਾਰਿਆਂ ਨੂੰ ਕੀ ਮਿਲਣਾ ਹੈ 27. ਸੋਨੇ ਦੇ ਕਿਲ੍ਹਿਆਂ, ਹਾਥੀਆਂ, ਘੋੜਿਆਂ, ਜ਼ਮੀਨਾਂ, ਗਊਆਂ ਆਦਿ ਦਾ ਜਿੰਨਾ ਮਰਜ਼ੀ ਦਾਨ ਕਰ ਲਉ, ਦਾਨ ਨਾਲ ਮਨ ਦਾ ਹੰਕਾਰ ਦੂਰ ਨਹੀਂ ਹੁੰਦਾ, ਸਗੋਂ ਹੰਕਾਰ ਵਿੱਚ ਵਾਧਾ ਹੁੰਦਾ ਹੈ 28. ਮੋਨ ਧਾਰ ਕੇ ਏਕਾਂਤ ਵਿੱਚ ਬੈਠ ਗਏ, ਪਰ ਹਿਰਦੇ ਵਿੱਚ ਸੰਕਲਪ ਵਿਕਲਪ, ਆਸਾ-ਮਨਸਾ ਦੀ ਜੋ ਗੱਠ ਬੱਝੀ ਹੋਈ ਹੈ, ਇਸ ਤਰ੍ਹਾਂ ਨਹੀਂ ਖੁਲ੍ਹਦੀ 29. ਉਦਾਸੀ ਬਣ ਕੇ ਘਰ-ਬਾਰ ਦਾ ਤਿਆਗ ਕਰ ਕੇ ਚਲਿਆ ਗਿਆ, ਪਰ ਇਸ ਤਰ੍ਹਾਂ ਅੰਦਰਲੇ ਵਿਕਾਰਾਂ ਤੋਂ ਕਿੱਥੇ ਨੱਠ ਕੇ ਜਾਵੇਗਾ ? 30. ਕਰਪਾਤੀ=ਕਰਾਂ (ਹੱਥਾਂ) ਨੂੰ ਬਰਤਨ ਬਣਾ ਲੈਣਾ, ਭਾਵ ਬਰਤਨਾਂ ਤੋਂ ਬਿਨਾ ਗੁਜ਼ਾਰਾ ਕਰਨਾ 31. ਆਪਣਾ ਨਾਮ ਵੈਸ਼ਨੋ (ਸ਼ੁੱਧ, ਪਵਿੱਤਰ) ਰਖਾਇਆ, ਛੇ ਨਿਰਮਲ ਕਰਮ ਕੀਤੇ ਪਰ ਅੰਦਰੋਂ ਮਨ ਹੰਕਾਰ ਆਦਿ ਦੀ ਮੈਲ ਨਾਲ ਭਰਿਆ ਹੋਇਆ ਹੈ ਅਤੇ ਸੰਤਾਂ ਦੀ ਨਿੰਦਿਆ ਕਰਦਾ ਹੈ ਜਿਸ ਕਾਰਨ ਅਗਿਆਨ ਵਿੱਚ ਡੁੱਬਿਆ ਰਹਿੰਦਾ ਹੈ 32. ਜਟਾਂ ਰੱਖੀਆਂ, ਭਸਮ ਲਾਈ, ਗੁਫਾ ਵਿੱਚ ਵਾਸਾ ਕੀਤਾ ।

27. [33]ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥
ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥ (ਮ: 3–849)

## ਭੇਖ

ਦੁਨੀਆਂ ਦੇ ਸਭ ਲੋਕ ਆਪੋ ਆਪਣੀ ਬੁੱਧੀ ਅਨੁਸਾਰ ਕਈ ਪ੍ਰਕਾਰ ਦੇ ਭੇਖ ਧਾਰ ਕੇ, ਉਸ ਮਾਲਕ ਦੇ ਮਿਲਾਪ ਦਾ ਯਤਨ ਕਰ ਰਹੇ ਹਨ। ਹਰ ਭੇਖਧਾਰੀ ਆਪਣੇ ਭੇਖ ਦੇ ਵਿਸ਼ੇਸ਼ ਚਿੰਨ੍ਹ ਧਾਰ ਕੇ ਤੇ ਖ਼ਾਸ ਕਿਸਮ ਦਾ ਭੇਸ ਬਣਾ ਕੇ ਆਪਣੇ ਆਪ ਨੂੰ ਉੱਤਮ ਸਮਝਦਾ ਹੈ ਤੇ ਦੂਜੇ ਭੇਖਾ ਨੂੰ ਨਿੰਦਦਾ ਹੈ। ਇਸ ਤਰ੍ਹਾਂ ਭੇਖੀ ਲੋਕ ਆਮ ਤੌਰ ਤੇ ਈਰਖਾ ਅਤੇ ਘਿਰਣਾ ਦੀ ਅੱਗ ਵਿੱਚ ਸੜਦੇ ਰਹਿੰਦੇ ਹਨ।

ਜੋਗੀ, ਜੰਗਮ, ਸਿੱਧ, ਨਾਥ, ਹਠੀ, ਜਪੀ, ਤਪੀ, ਨਾਗੇ, ਮੋਨੀ, ਜਟਾਧਾਰੀ, ਤਿਆਗੀ, ਬੈਰਾਗੀ, ਬ੍ਰਹਮਚਾਰੀ, ਉਦਾਸੀ ਤੇ ਸਨਿਆਸੀ ਆਦਿ ਕਈ ਭੇਖ ਵੇਖਣ ਵਿੱਚ ਆਉਂਦੇ ਹਨ। ਗੁਰਬਾਣੀ ਦੱਸਦੀ ਹੈ ਕਿ ਇਹ ਭੇਖ ਧਾਰਨ ਨਾਲ ਚੰਚਲ ਮਨ ਵੱਸ ਵਿੱਚ ਨਹੀਂ ਆ ਜਾਂਦਾ, ਸਗੋਂ ਅੰਦਰ ਲੋਭ ਆਦਿ ਦੀ ਅਗਨੀ ਹੋਰ ਪ੍ਰਚੰਡ ਹੋ ਜਾਂਦੀ ਹੈ। ਅਸੀਂ ਲੋਕ ਪਹਿਲਾਂ ਤਾਂ ਆਪਣਾ ਘਰ-ਬਾਰ ਤਿਆਗ ਬੈਠਦੇ ਹਾਂ ਫਿਰ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਘਰ-ਘਰ ਮੰਗਦੇ ਫਿਰਦੇ ਹਾਂ। ਮੰਗ ਕੇ ਖਾਣ ਨਾਲ ਕਰਮਾਂ ਦਾ ਬੋਝ ਹੋਰ ਵਧ ਜਾਂਦਾ ਹੈ। ਗੁਰਮਤਿ ਅਨੁਸਾਰ ਐਸੇ ਮੰਗ ਕੇ ਖਾਣ ਵਾਲੇ ਭੇਖ-ਧਾਰੀਆਂ ਨਾਲੋਂ ਤਾਂ ਗ੍ਰਿਹਸਤੀ ਲੋਕ ਚੰਗੇ ਹਨ ਜੋ ਆਪਣਾ ਭਾਰ ਦੂਸਰਿਆਂ ਉੱਤੇ ਨਹੀਂ ਪਾਉਂਦੇ ਅਤੇ ਆਪਣੀ ਕਮਾਈ ਸਾਧ-ਸੰਗਤ ਦੀ ਸੇਵਾ ਵਿੱਚ ਖ਼ਰਚ ਕਰਦੇ ਹਨ।

ਗੁਰਮਤਿ ਅਨੁਸਾਰ ਜੀਵ ਸੱਚੇ ਸ਼ਬਦ ਦੀ ਕਮਾਈ ਨਾਲ ਆਪਣੇ ਅੰਦਰੋਂ ਹੀ ਪਰਮੇਸ਼ਰ ਦੀ ਪ੍ਰਾਪਤੀ ਕਰ ਸਕਦਾ ਹੈ। ਉਹ ਘਰ-ਗ੍ਰਿਹਸਤ ਦੀਆਂ ਸਾਰੀਆਂ ਜ਼ਿੰਮੇਂਵਾਰੀਆਂ ਨਿਭਾਉਂਦਾ ਹੋਇਆ, 'ਸੱਚੇ ਸ਼ਬਦ' ਦੇ ਅੰਮ੍ਰਿਤ ਨਾਲ ਹਉਮੈ-ਮਮਤਾ, ਮੋਹ-ਮਾਇਆ ਅਤੇ ਆਵਾਗਵਨ ਦਾ ਜਾਲ ਤੋੜ ਕੇ ਬਿਨਾ ਕਿਸੇ ਤਰ੍ਹਾਂ ਦਾ ਭੇਖ ਧਾਰਨ ਦੇ ਹੀ ਜੀਵਨ-ਮੰਤਵ ਦੀ ਸਿੱਧੀ ਵਿੱਚ ਸਫਲ ਹੋ ਜਾਂਦਾ ਹੈ।

---

33. ਰਾਗ-ਰੰਗ ਕਥਾ-ਕੀਰਤਣ ਆਦਿ ਵੀ ਹਰੀ ਦੀ ਪ੍ਰਾਪਤੀ ਦਾ ਸਾਧਨ ਨਹੀਂ ਹਨ; ਰਾਗ-ਨਾਦ ਛੱਡ ਕੇ ਗੁਰਮੁੱਖਾਂ ਰਾਹੀਂ ਹਰੀ ਦੀ ਸੱਚੀ ਭਗਤੀ ਕੀਤਿਆਂ ਹੀ ਮਨ ਦਾ ਮਾਨ ਟੁੱਟਦਾ ਹੈ ਅਤੇ ਦਰਗਾਹ ਵਿੱਚ ਸੱਚੀ ਸ਼ੋਭਾ ਪ੍ਰਾਪਤ ਹੁੰਦੀ ਹੈ।

## ਭੇਖ

1. ਸਤਿਗੁਰਿ ਮਿਲਿਐ ਭੁਖ ਗਈ ਭੇਖੀ[1] ਭੁਖ ਨ ਜਾਇ ॥
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ ॥ (ਮ: 3—586)
2. ਬਹੁ ਭੇਖ ਕਰਿ ਭਰਮਾਈਐ[2] ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ[3] ਮਾਹਿ ਸਮਾਇ ॥ (ਮ: 1—26)
3. ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ [4]ਉਦਰੁ ਭਰਨ ਕੈ ਤਾਈ ॥
ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ[5] ਬਿਨੁ ਗੁਰ ਗਰਬੁ[6] ਨ ਜਾਈ ॥ (504)
4. ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰ ॥
ਅੰਤਰਿ ਤਿਸਾ[7] ਭੂਖ ਅਤਿ ਬਹੁਤੀ ਭਉਕਤ ਫਿਰੈ ਦਰਬਾਰੁ[8] ॥
5. ਬਹਲੇ[9] ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥
ਪੜਿ ਪੜਿ ਲੂਝਹਿ[10] ਬਾਦੁ[11] ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ[12] ॥
(ਮ: 3—1131)
6. ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥ (ਮ: 3—1089)
7. [13]ਮਨਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ ॥
[14]ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥ (ਮ: 3—587)
8. ਭੇਖੀ ਹਾਥ[15] ਨ ਲਧੀਆ ਸਭ ਬਧੀ ਜਮਕਾਲਿ ॥
ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥ (ਮ: 3—1089)
9. ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ॥
[16]ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ ॥ (ਮ: 4, 588)
10. ਬਾਰਹ ਮਹਿ ਰਾਵਲ[17] ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥
ਜੋਗੀ ਕਾਪੜੀਆ[18] ਸਿਰ ਖੂਥੇ ਬਿਨੁ ਸਬਦੈ ਗਲਿ ਫਾਸੀ ॥ (ਮ: 1—1332)
11. [19]ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥

---

1. ਭੇਖ ਕਰਨ ਨਾਲ 2. ਥਾ-ਥਾਂ ਫਿਰ ਕੇ 3. ਗੰਦਗੀ 4. ਪੇਟ ਭਰਨ ਵਾਸਤੇ 5. ਹੇ ਜੀਵ 6. ਹੰਕਾਰ 7. ਤ੍ਰਿਸ਼ਨਾ 8. ਦਰ-ਦਰ 9. ਕਈ, ਬਹੁਤ 10. ਝਗੜਦੇ ਹਨ 11. ਵਿਵਾਦ, ਝਗੜਾ ਕਰਦੇ ਹਨ 12. ਮਾਇਆ ਨੇ ਉਨ੍ਹਾਂ ਦੀ ਮੱਤ ਮਾਰੀ ਹੋਈ ਹੈ 13. ਜੋ ਮੰਗਦਾ ਹੈ ਮਨ ਉੱਤੇ ਜ਼ੋਰ ਪਾ ਕੇ ਮੰਗਦਾ ਹੈ, ਮਿਲ ਜਾਣ ਉੱਤੇ ਵੀ ਦੁਖੀ ਰਹਿੰਦਾ ਹੈ 14. ਐਸੇ ਤਿਆਗੀ ਤੋਂ ਗ੍ਰਿਹਸਥੀ ਬਿਹਤਰ ਹੈ, ਜਿਸ ਤੋਂ ਲੋਕਾਂ ਨੂੰ ਕੁਝ ਫ਼ਾਇਦਾ ਹੁੰਦਾ ਹੈ 15. ਥਾਹ ਨਹੀਂ ਲੱਗਦੀ, ਅਸਲੀਅਤ ਦਾ ਪਤਾ ਨਹੀਂ ਲੱਗਦਾ 16. ਖੁੱਡ ਨੂੰ ਮਾਰਨ ਨਾਲ ਸੱਪ ਨਹੀਂ ਮਰਦਾ, ਭਾਵ ਸਰੀਰ ਨੂੰ ਕੱਸ਼ਟ ਦੇਣ ਨਾਲ ਮਨ ਵੱਸ ਵਿੱਚ ਨਹੀਂ ਆਉਂਦਾ 17. ਰਾਉਲ, ਜੋਗੀ, ਭੇਖੀ 18. ਜੋਗੀਆਂ ਦਾ ਇਕ ਫ਼ਿਰਕਾ 19. ਛੇ ਦਰਸ਼ਨ ਇਸੇ ਤਰ੍ਹਾਂ ਛੇ ਭੇਖ ਪ੍ਰਸਿੱਧ ਹਨ : ਜੋਗੀ, ਜੰਗਮ, ਸੰਨਿਆਸੀ, ਬੋਧੀ, ਜੈਨੀ ਵੈਰਾਗੀ ।

ਸਤਿਗੁਰੁ ਸੇਵਹਿ ਤਾ [20]ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥ (67)

12. ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ[21] ਮੁੰਦ੍ਰਾ[22] ਮਾਇਆ ॥
ਭੂਮਿ ਮਸਾਣ[23] ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥ (526)

13. ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹਦਿਸਿ[24] ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥ (ਮ: 4,732)

14. [25]ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ[26] ਧੋਇ ਜਲਾਵਹਿ ॥
ਬਸੁਧਾ[27] ਖੋਦਿ ਕਰਹਿ ਦੁਇ ਚੂਲੇ [28]ਸਾਰੇ ਮਾਣਸ ਖਾਵਹਿ ॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ[29] ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥ (ਰਵਿਦਾਸ 476)

## ਸੁੱਚ

ਕਈ ਲੋਕ ਬਾਹਰਲੀ ਸੁੱਚ ਉੱਤੇ ਬਹੁਤ ਜ਼ੋਰ ਦਿੰਦੇ ਹਨ । ਭਾਵੇਂ ਸੁੱਚ ਮਾੜੀ ਨਹੀਂ, ਪਰ ਬਾਹਰਲੀ ਸੁੱਚ ਹੀ ਕਾਫ਼ੀ ਨਹੀਂ । ਜੇ ਹਿਰਦਾ ਵਿਕਾਰਾਂ ਨਾਲ ਭਰਿਆ ਪਿਆ ਹੈ ਤਾਂ ਬਾਹਰੋਂ ਤਨ ਨੂੰ ਸੁੱਚਾ ਰੱਖਣ ਨਾਲ, ਜਾਂ ਘਰ-ਬਾਹਰ ਨੂੰ ਸੁੱਚਾ ਰੱਖਣ ਦਾ ਕੀ ਲਾਭ ਹੋ ਸਕਦਾ ਹੈ ?

ਅਸਲ ਵਿੱਚ ਜੂਠ ਮਨ ਦੀ ਹੈ । ਝੂਠ ਬੋਲਣ ਨਾਲ ਜੀਭਾ ਤੇ ਸਰੀਰ ਜੂਠੇ ਹੁੰਦੇ ਹਨ । ਕੁਬੁੱਧ, ਕੁਦਇਆ, ਪਰ ਨਿੰਦਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਪ੍ਰਵਿਰਤ ਹੋਣ ਨਾਲ ਅਤੇ ਦੁਰਜਨਾਂ ਦੀ ਸੰਗਤ ਕਾਰਨ ਮਨੁੱਖ ਭਿੱਟਿਆ ਜਾਂਦਾ ਹੈ । ਸੱਚੀ ਸੁੱਚ ਪ੍ਰਾਪਤ ਕਰਨ ਲਈ ਇਨ੍ਹਾਂ ਵਿਕਾਰਾਂ ਤੋਂ ਪਰੇ ਰਹਿਣਾ ਚਾਹੀਦਾ ਹੈ ।

ਨੀਚ ਆਚਰਨ ਵਾਲੇ ਪਾਪੀ ਜੀਵ ਚੰਡਾਲਾਂ ਸਮਾਨ ਹਨ । ਸੱਚੇ ਜਗਿਆਸੂ ਨੂੰ ਗੁਰਮਤਿ ਉੱਤੇ ਚੱਲਦੇ ਹੋਏ ਅੰਤਰਮੁਖੀ ਸਫ਼ਾਈ ਕਰਨੀ ਚਾਹੀਦੀ ਹੈ । ਉਹ ਤਨ ਹੀ ਸੱਚਾ-ਸੁੱਚਾ ਹੈ ਜੋ ਮਾਲਕ ਦੀ ਭਗਤੀ ਤੇ ਨਾਮ ਦੀ ਕਮਾਈ ਵਿੱਚ ਲੱਗਾ ਹੋਇਆ ਹੈ । ਉਹ ਸਥਾਨ ਹੀ ਸੱਚਾ-ਸੁੱਚਾ ਹੈ ਜਿੱਥੇ ਮਾਲਕ ਦੀ ਭਗਤੀ, ਨਾਮ ਦੀ ਕਮਾਈ ਹੋ ਰਹੀ ਹੈ ।

---

20. ਅਸਲੀਅਤ ਦਾ ਪਤਾ ਲੱਗਦਾ ਹੈ 21. ਗੋਦੜੀ 22. ਕੰਨਾਂ ਵਿੱਚ ਵਾਲੇ ਪਾਏ 23. ਮਸਾਣਾਂ ਦੀ ਸੁਆਹ ਲਾਈ 24. ਮਨ ਦਸ ਦਿਸ਼ਾਵਾਂ ਵੱਲ ਭਟਕਦਾ ਫਿਰਦਾ ਹੈ 25. ਬਰਤਨ, ਭਾਂਡੇ 26. ਲੱਕੜਾਂ ਧੋ ਕੇ ਜਲਾਉਂਦਾ ਹੈ 27. ਧਰਤੀ ਖੋਦ ਕੇ ਦੋਹਰੇ ਚੁੱਲ੍ਹੇ ਬਣਾਉਂਦਾ ਹੈ 28. ਸਬੂਤਾ ਬੰਦਾ ਖਾ ਜਾਂਦਾ ਹੈ 29. ਆਪਣੇ ਆਪ ਨੂੰ ਐਸਾ ਅਪਰਸ਼ (ਬਹੁਤ ਸੁੱਧ ਜਾਂ ਨਿਰਮਲ) ਕਹਾਉਂਦਾ ਹੈ ਜੋ ਕਿਸੇ ਚੀਜ਼ ਨੂੰ ਹੱਥ ਨਹੀਂ ਲਾਉਂਦਾ ।

## ਸੁੱਚ

1. ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ (ਮ: 1—472)

2. ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉਕਰਿ ਸੂਚਾ ਹੋਇ ॥ (ਮ: 5—55)

3. ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥
ਭੈ[1] ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥ (ਮ: 1—19)

4. [2]ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ
ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲਿ ॥ (ਮ: 1—91)

5. ਸਬਦਿ ਮਿਲੇ ਸੇ ਸੂਚਾਚਾਰੀ[3] ਸਾਚੀ ਦਰਗਹ ਮਾਨੇ ॥
ਅਨਦਿਨੁ[4] ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥ (1332)

6. [5]ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥
ਪਰਨਿੰਦਾ ਪਰਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ (ਮ: 1—15)

7. ਸੂਚੇ ਭਾਡੇ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥
ਤੰਤੈ[6] ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥ (ਮ: 1—597)

---

1. ਸਰੀਰ ਪਰਮੇਸ਼ਰ ਦੇ ਡਰ ਅਤੇ ਪ੍ਰੇਮ ਵਿੱਚ ਰੰਗਿਆ ਹੋਵੇ ਅਤੇ ਜੀਭਾ ਉੱਤੇ ਸੱਚੇ ਦਾ ਨਾਮ ਹੋਵੇ 2. ਜੇ ਹਿਰਦੇ ਵਿੱਚ ਭੈੜੀ ਬੁੱਧ ਰੂਪੀ ਡੂਮਣੀ, ਨਿਰਦਇਤਾ ਰੂਪੀ ਕਸਾਇਣ, ਪਰਾਈ-ਨਿੰਦਾ ਰੂਪੀ ਚੂਹੜੀ ਅਤੇ ਕ੍ਰੋਧ ਰੂਪੀ ਚੰਡਾਲ ਹੈ ਤਾਂ ਚੌਕੇ ਦੇ ਆਲੇ-ਦੁਆਲੇ ਲਕੀਰਾਂ ਖਿੱਚਣ, ਸੁੱਚ ਰੱਖਣ ਦਾ ਕੀ ਲਾਭ ਹੈ 3. ਅਸਲ ਸੁੱਚ ਸ਼ਬਦ ਦੀ ਕਮਾਈ ਵਿੱਚ ਹੈ ਅਤੇ ਇਸ ਨਾਲ ਹੀ ਪਰਮੇਸ਼ਰ ਦੀ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ 4. ਸਦਾ 5. ਜੇ ਲੋਭ ਰੂਪੀ ਕੁੱਤਾ, ਝੂਠ ਰੂਪੀ ਚੂਹੜਾ, ਬਈਮਾਨੀ, ਹਰਾਮਖੋਰੀ ਦਾ ਮੁਰਦਾਰ, ਪਰ-ਨਿੰਦਾ ਦੀ ਮੈਲ, ਮੂੰਹ ਵਿੱਚ ਨਿਰੀ ਕ੍ਰੋਧ ਰੂਪੀ ਚੰਡਾਲ ਦੀ ਅੱਗ ਭੜਕ ਰਹੀ ਹੈ ਤਾਂ ਬਾਹਰਲੀ ਸੁੱਚ ਕੀ ਅਰਥ ਰੱਖਦੀ ਹੈ 6. ਤੱਤ ਨੂੰ ਪਰਮ-ਤੱਤ ਮਿਲ ਗਿਆ ਭਾਵ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੋ ਗਿਆ ।

# ਹੱਠ

ਜੀਵ ਪਰਮੇਸ਼ਰ ਦੀ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਸਾਧਨ ਅਪਣਾਉਂਦੇ ਹਨ। ਜੀਵ ਦੇ ਰਸਤੇ ਵਿੱਚ ਮਨ ਸਭ ਤੋਂ ਵੱਡੀ ਰੁਕਾਵਟ ਹੈ, ਇਸ ਲਈ ਹਰ ਸੱਚਾ ਸਾਧਕ ਮਨ ਨਾਲ ਸੰਘਰਸ਼ ਕਰਦਾ ਹੈ।

ਮਨ ਨੂੰ ਮਾਰਨ ਜਾਂ ਵੱਸ ਕਰਨ ਲਈ ਲੋਕ ਕਈ ਤਰ੍ਹਾਂ ਦੇ ਹੱਠ ਕਰਮ ਕਰਦੇ ਹਨ—ਧੂਣੀਆਂ ਤਪਦੇ ਹਨ, ਜਗਰਾਤੇ ਕੱਟਦੇ ਹਨ, ਮੌਨ ਧਾਰਦੇ ਹਨ, ਜੰਗਲਾਂ-ਪਹਾੜਾਂ ਵਿੱਚ ਚਲੇ ਜਾਂਦੇ ਹਨ ਜਾਂ ਇਸੇ ਤਰ੍ਹਾਂ ਦੇ ਹੋਰ ਅਨੇਕ ਜਤਨ ਕਰਦੇ ਹਨ। ਪਰ ਗੁਰਮਤਿ ਵਿੱਚ ਅਜਿਹੇ ਹੱਠ-ਕਰਮ ਪਰਵਾਨ ਨਹੀਂ ਹਨ। ਹੱਠ-ਕਰਮਾਂ ਦਾ ਸੰਬੰਧ ਸਰੀਰ ਨਾਲ ਹੈ, ਮਨ ਨਾਲ ਨਹੀਂ। ਹੱਠ-ਕਰਮਾਂ ਨਾਲ ਸਿਰਫ਼ ਕਾਇਆ ਛਿਜਦੀ ਅਤੇ ਦੁਖੀ ਹੁੰਦੀ ਹੈ। ਅਪਰਾਧੀ ਸਾਡਾ ਮਨ ਹੈ, ਪਰ ਸਜ਼ਾ ਅਸੀਂ ਸਰੀਰ ਨੂੰ ਦਿੰਦੇ ਹਾਂ। 'ਵਰਮੀ ਮਾਰੀ ਸਪੁ ਨ ਮਰਈ।' (ਮ: 5, ਪੰ: 381) ਕੇਵਲ ਸੱਚੇ ਸ਼ਬਦ ਦੀ ਕਮਾਈ ਨਾਲ ਹੀ ਹਉਮੈ ਦਾ ਬਿਨਾਸ ਅਤੇ ਮਨ ਸ਼ਾਂਤ ਹੋ ਸਕਦਾ ਹੈ।

ਮਨ ਲੱਜ਼ਤ ਦਾ ਆਸ਼ਕ ਹੈ। ਜਦ ਜੀਵ ਨੂੰ ਆਪਣੀ ਕਾਇਆ ਅੰਦਰੋਂ ਨਾਮ-ਰੂਪੀ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ ਤਾਂ ਮਨ ਦੀ ਬਾਹਰ-ਮੁਖੀ ਭਟਕਣਾ ਮਿਟ ਜਾਂਦੀ ਹੈ। ਇਸ ਦਾ ਰੁਖ਼ ਅੰਦਰ ਤੇ ਉੱਪਰ ਵਲ ਹੋ ਜਾਂਦਾ ਹੈ। ਇਸ ਅੰਮ੍ਰਿਤ ਨੂੰ ਪੀ ਕੇ ਮਨ ਆਪਣੇ ਟਿਕਾਣੇ ਤ੍ਰਿਕੁਟੀ ਵਿੱਚ ਪਹੁੰਚ ਜਾਂਦਾ ਹੈ, ਆਤਮਾ ਇਸ ਦੇ ਪੰਜੇ ਤੋਂ ਆਜ਼ਾਦ ਹੋ ਕੇ ਪਰਮੇਸ਼ਰ ਨਾਲ ਮਿਲਾਪ ਕਰ ਲੈਂਦੀ ਹੈ। ਇਸ ਤਰ੍ਹਾਂ ਕਿਸੇ ਕਰਮ-ਕਾਂਡ, ਜਾਂ ਹੱਠ-ਯੋਗ ਆਦਿ ਦੀ ਥਾਂ ਸ਼ਬਦ-ਯੋਗ ਦੇ ਆਸਰੇ ਜੀਵ ਸਹਿਜੇ ਹੀ ਪਰਮ-ਪਦ ਪ੍ਰਾਪਤ ਕਰ ਲੈਂਦਾ ਹੈ।

1. ਮਨਹਠਿ[1] ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥
   ਅੰਤਰਿ ਸਾਂਤਿ ਨ ਆਵਈ ਨ ਸਚਿ ਲਗੈ ਪਿਆਰੁ ॥ (ਮ: 3—66)
2. ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥
   [2]ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥ (ਮ: 4—39-40)
3. ਮਨਹਠਿ ਕਿਤੈ ਉਪਾਇ ਨ ਛੂਟੀਐ [3]ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
   ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥ (ਮ: 3—65)

---

1. ਗੁਰਮਤਿ ਅਨੁਸਾਰ ਚੱਲਣ ਦੀ ਥਾਂ ਮਨ ਦੇ ਹਠ ਨਾਲ ਕਰਮ ਕਰਨਾ 2. ਹਜ਼ਾਰਾਂ 3. ਸਿਮ੍ਰਿਤੀਆਂ-ਸ਼ਾਸਤ੍ਰ ਪੜ੍ਹ ਕੇ ਦੇਖ ਲਵੋ।

4. ਹਠ ਮਝਾਹੂ ਮਾ ਪਿਰੀ[4] ਪਸੇ[5] ਕਿਉ ਦੀਦਾਰ ॥
ਸੰਤ ਸਰਣਾਈ ਲਭਣੇ ਨਾਨਕ ਪ੍ਰਾਣਅਧਾਰ[6] ॥ (ਮ: 5—80)

5. ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥
[7]ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥ (ਮ: 3—162)

6. ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
[8]ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖਦੁਆਰ ॥ (ਮ: 1—62)

7. ਮਨ ਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥
ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ ॥ (ਮ: 3—849)

8. ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥ (ਮ: 3—593)

9. ਅਨਿਕ ਭੇਖ ਅਰੁ ਙਿਆਨ ਧਿਆਨ ਮਨ ਹਠਿ ਮਿਲਿਅਉ ਨ ਕੋਇ ॥
ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥ (ਮ: 5—251)

---

4. ਮੈਨੂੰ ਆਪਣੇ ਪ੍ਰੀਤਮ ਦੇ 5. ਕਿਵੇਂ ਦਰਸ਼ਨ ਹੋਣ 6. ਉਸ ਪ੍ਰਾਣ ਪਤੀ ਪਰਮੇਸਰ ਦੀ ਪ੍ਰਾਪਤੀ ਸੰਤਾਂ ਦੀ ਸ਼ਰਨ ਵਿੱਚ ਜਾ ਕੇ ਹੁੰਦੀ ਹੈ 7. ਸ਼ਬਦ ਦੇ ਗਿਆਨ ਜਾਂ ਪ੍ਰਾਪਤੀ ਤੋਂ ਬਿਨਾ 8. ਮਨ-ਹਠ ਬੁੱਧੀ ਆਦਿ ਅਨੇਕ ਤਰ੍ਹਾਂ ਦੇ ਕਰਮ ਸਗੋਂ ਜੀਵ ਦੇ ਬੰਧਨਾਂ ਵਿੱਚ ਵਾਧਾ ਕਰਦੇ ਹਨ; ਮੁਕਤੀ ਦਾ ਦੁਆਰਾ ਸਤਿਗੁਰੂ ਹੈ ।

## ਬੇਦ

ਸੰਸਾਰ ਦੇ ਬਹੁਤ ਸਾਰੇ ਲੋਕ ਵੇਦਾਂ-ਸ਼ਾਸਤਰਾਂ, ਧਾਰਮਿਕ ਗ੍ਰੰਥ-ਪੋਥੀਆਂ ਦੇ ਪੜ੍ਹਨ-ਪੜ੍ਹਾਉਣ ਨੂੰ ਹੀ ਸੱਚੀ ਭਗਤੀ ਸਮਝਦੇ ਹਨ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਕੇਵਲ ਇਨ੍ਹਾਂ ਧਰਮ-ਗ੍ਰੰਥਾਂ ਦੇ ਪੜ੍ਹਨ ਨਾਲ ਹੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਜੇ ਪੜ੍ਹੇ ਉੱਤੇ ਅਮਲ ਕਰੀਏ, ਵੇਦਾਂ-ਸ਼ਾਸਤਰਾਂ-ਗ੍ਰੰਥਾਂ ਵਿੱਚ ਪ੍ਰਾਪਤ ਮਹਾਤਮਾਂ ਦੀ ਸਿੱਖਿਆ ਅਨੁਸਾਰ ਸਤਿਗੁਰੂ ਦੇ ਦੱਸੇ ਮਾਰਗ ਉੱਤੇ ਚੱਲੀਏ, ਆਪਣੇ ਅੰਦਰੋਂ ਪਰਮੇਸ਼ਰ ਦੀ ਖੋਜ ਕਰੀਏ, ਸਾਧ-ਸੰਗਤ ਵਿੱਚ ਰਹਿੰਦੇ ਹੋਏ ਨਾਮ ਜਾਂ ਸ਼ਬਦ ਦੀ ਕਮਾਈ ਕਰੀਏ, ਮਨ ਅਤੇ ਵਿਸ਼ੇ-ਵਿਕਾਰਾਂ ਨੂੰ ਮਾਰ ਕੇ ਮਾਲਕ ਦੇ ਭਾਣੇ ਵਿੱਚ ਰਹਿੰਦੇ ਹੋਏ ਉਸ ਦੀ ਭਗਤੀ ਕਰੀਏ ਤਾਂ ਗ੍ਰੰਥਾਂ-ਪੋਥੀਆਂ ਦਾ ਪਾਠ ਸਕਾਰਥ ਹੋ ਸਕਦਾ ਹੈ ਅਤੇ ਮੁਕਤੀ-ਪ੍ਰਾਪਤੀ ਦਾ ਕਾਰਨ ਬਣ ਸਕਦਾ ਹੈ। ਪਰ ਜੇ ਵੇਦਾਂ-ਸ਼ਾਸਤਰਾਂ ਦੇ ਵਾਚਕ ਗਿਆਨ ਵਿੱਚ ਫੱਸ ਕੇ ਵਾਦ-ਵਿਵਾਦ ਵਿੱਚ ਹੀ ਉਲਝੇ ਰਹੀਏ ਤਾਂ ਸਵਾਇ ਮਨ ਵਿੱਚ ਹੰਕਾਰ ਪੈਦਾ ਹੋਣ ਦੇ ਹੋਰ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਗੁਰੂ ਸਾਹਿਬ ਕਹਿੰਦੇ ਹਨ ਕਿ ਸ਼ਾਸਤਰਾਂ ਵਿੱਚ ਦੱਸੇ ਸੱਚ ਬਾਰੇ ਬਹਿਸ ਕਰਨ ਵਿੱਚ ਮੁਕਤੀ ਨਹੀਂ, ਇਸ ਨੂੰ ਨਿਜੀ ਅਨੁਭਵ ਵਿੱਚ ਬਦਲਣ ਵਿੱਚ ਮੁਕਤੀ ਹੈ। ਵੇਦ-ਸ਼ਾਸਤਰ ਸਾਡੇ ਸਾਧਨ ਹਨ, ਮੰਜ਼ਲ ਜਾਂ ਨਿਸ਼ਾਨਾ ਨਹੀਂ ਹਨ। ਇਹ ਤਿੰਨਾਂ ਗੁਣਾਂ ਦੀ ਹੱਦ ਵਿੱਚ ਹਨ, ਚਉਥੇ ਪਦ ਵਿੱਚ ਲਿਜਾਣ ਵਾਲਾ ਸਾਧਨ ਸ਼ਬਦ ਜਾਂ ਨਾਮ ਦੀ ਕਮਾਈ ਹੈ।

1. [1]ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥
   ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋਵਾਰ ॥ (ਮ: 3–1276)
2. ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ[2] ॥
   ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ (ਮ: 1—1243)
3. ਕਥਾ ਕਹਾਣੀ [3]ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥
   ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥ (ਮ: 2—1243)
4. [4]ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
   ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਵਤ ਰਹੈ ਗੁਬਾਰਿ ॥ (ਮ: 1,489)

---

1. ਸੰਸਾਰ ਵੇਦਾਂ ਦੀ ਤ੍ਰੈਗੁਣੀ ਬਾਣੀ ਦਾ ਕੈਦੀ ਹੈ; ਇਹ ਨਾਮ ਜਾਂ ਸਬਦ ਦੇ ਚੌਥੇ ਪਦ ਤੋਂ ਵਾਕਫ ਨਾ ਹੋਣ ਕਾਰਨ ਆਵਾਗੌਣ ਵਿੱਚ ਬੰਦ ਹੈ 2. ਬੀਜ; ਪਾਪ-ਪੁੰਨ ਹੀ ਨਰਕ-ਸਵਰਗ ਦਾ ਕਾਰਨ ਹਨ 3. ਵੇਦ ਕੇਵਲ ਪਾਪ-ਪੁੰਨ, ਲੈਣ-ਦੇਣ, ਨਰਕ-ਸਵਰਗ ਦੀ ਗੱਲ ਕਰਦੇ ਹਨ (ਅਮਰ ਪਦ ਦੀ ਪ੍ਰਾਪਤੀ ਦੀ ਨਹੀਂ) 4. ਵਿਸ਼ਨੂੰ ਦੀ ਧੁੰਨੀ ਤੋਂ ਪੈਦਾ ਹੋਇਆ ਬ੍ਰਹਮਾ ਗਲਾ ਸਵਾਰ ਕੇ ਵੇਦ ਪੜ੍ਹਨ ਲੱਗ ਪਿਆ, ਪਰ ਅਕਾਲਪੁਰਖ ਦਾ ਅੰਤ ਨਾ ਪਾ ਸਕਿਆ ਅਤੇ ਅਗਿਆਨਤਾ ਦੇ ਹਨੇਰੇ ਵਿੱਚ ਭਟਕਦਾ ਰਿਹਾ।

5. [5]ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥ (ਮ: 3—423)

6. ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
(ਮ: 3—1257)

7. ਸਾਸਤ ਬੇਦ ਕਤੇਬ ਸੁਣਿ ਨਰਕ ਸੁਰਗ ਤੇ ਜਾਹਿ ॥
ਮਾਇਆ ਮੋਹਿਆ ਗੁਰਸਬਦ ਬਿਨ ਮਨਮੁਖ ਭਰਮੁ ਭੁਲਾਹਿ ॥

8. ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥ (ਰਵਿਦਾਸ, 346)

9. ਸਾਸਤੁ ਬੇਦੁ [6]ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥ (ਮ: 1—635)

10. ਬੇਦ ਪੁਰਾਣ ਸਭੈ ਮਤ ਸੁਨ ਕੈ ਕਰੀ ਕਰਮ ਕੀ ਆਸਾ ॥
ਕਾਲ ਗ੍ਰਸਤ ਸਭ ਲੋਕ ਸਿਆਣੇ ਉਠਿ ਪੰਡਤ ਪੈ ਚਲੇ ਨਿਰਾਸਾ॥(ਕਬੀਰ, 635)

11. ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥ (ਮ: 3—920)

12. ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥
ਤ੍ਰੈਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥ (ਮ: 3—647)

13. ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥
ਹਰਿਨਾਮੁ ਚਿਤਿ ਨ ਆਵਈ ਨਹ ਨਿਜਘਰਿ ਹੋਵੈ ਵਾਸੁ ॥ (ਮ: 3—1277)

14. ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥
[7]ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥ (ਮ: 5—747)

15. ਚਤੁਰ ਬੇਦ[8] ਮੁਖਬਚਨੀ ਉਚਰੈ [9]ਆਗੈ ਮਹਲੁ ਨ ਪਾਈਐ ॥
ਬੂਝੈ[10] ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥ (ਮ: 5—216)

---

5. ਬ੍ਰਹਮਾ ਪਰਮੇਸਰ ਦੇ ਦਿੱਤੇ ਚਾਰ ਵੇਦਾਂ ਉੱਤੇ ਹੀ ਵਿਚਾਰ ਕਰਦਾ ਰਿਹਾ, ਪਰ ਉਨ੍ਹਾਂ ਤੋਂ ਉੱਪਰ ਅਤੇ ਉਨ੍ਹਾਂ ਨੂੰ ਪੈਦਾ ਕਰਨ ਵਾਲੇ ਉਸ ਦੇ ਹੁਕਮ ਨੂੰ ਨਾ ਸਮਝ ਸਕਿਆ, ਅਤੇ ਨਰਕ-ਸਵਰਗ ਦੇ ਚੱਕਰ ਵਿੱਚ ਹੀ ਫਸਿਆ ਰਿਹਾ 6. ਪੜ੍ਹਿਆਂ, ਪਾਠ ਕਰਿਆਂ 7. ਅੱਖਰ (ਅਕਸ਼ਰ)=ਜੋ ਕਦੇ ਨਾਸ਼ ਨਾ ਹੋਵੇ; ਭਾਵ ਜਿਸ ਕਦੇ ਵੀ ਨਾਸ਼ ਨਾ ਹੋਣ ਵਾਲੇ ਨਾਮ ਜਾਂ ਸ਼ਬਦ ਦੀ ਸੋਝੀ ਗੁਰਮੁਖਾਂ ਤੋਂ ਪ੍ਰਾਪਤ ਹੁੰਦੀ ਹੈ ਉਸ ਨਾਲ ਹੀ ਸੱਚੀ ਸੋਭਾ ਪ੍ਰਾਪਤ ਹੁੰਦੀ ਹੈ 8. ਚਾਰ ਵੇਦ 9. ਪਰਮੇਸਰ ਦੇ ਦਰਬਾਰ ਵਿੱਚ ਥਾਂ ਨਹੀਂ ਮਿਲਦੀ 10. ਸੁਧਾ=ਅੰਮ੍ਰਿਤ; ਅਖਰ=ਸ਼ਬਦ; ਭਾਵ ਸ਼ਬਦ ਜਾਂ ਨਾਮ ਰੂਪੀ ਅੰਮ੍ਰਿਤ ਨੂੰ ਸਮਝੇ ਬਿਨਾਂ ਵੇਦ ਆਦਿ ਪੜ੍ਹਨ ਦੀ ਸਾਰੀ ਗੱਲ ਵਿਅਰਥ ਹੈ ।

16. ਬੇਦ ਕਤੇਬ ਇਫਤ੍ਰਾ[11] ਭਾਈ ਦਿਲ ਕਾ ਫਿਕਰ ਨ ਜਾਇ ॥
ਟੁਕ ਦਮ ਕਰਾਰੀ ਜਉ ਕਰਹੁ ਹਾਜਰ ਹਜੂਰਿ ਖੁਦਾਇ ॥ (ਕਬੀਰ, 727)
17. ਲੋਭੀਅਨ ਕਉ ਸੇਵਦੇ ਪੜਿ ਵੇਦਾ ਕਰਹਿ ਪੁਕਾਰ ॥
ਬਿਖਿਆ ਅੰਦਰਿ ਪਚਿ ਮੁਇ ਨ ਉਰਵਾਰ ਨ ਪਾਰ ॥ (ਮ: 3—30)
18. [12]ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥ (ਧੰਨਾ, 663)

## ਪਾਠ

ਸਭ ਧਰਮਾਂ ਵਿੱਚ ਪਵਿੱਤਰ ਗ੍ਰੰਥ-ਪੋਥੀਆਂ, ਸ਼ਾਸਤਰਾਂ ਦੇ ਪਾਠ ਦਾ ਰਿਵਾਜ ਹੈ। ਸਭ ਮਜ਼੍ਹਬਾਂ ਦੇ ਧਾਰਮਿਕ ਗ੍ਰੰਥ ਸਤਿਕਾਰ ਯੋਗ ਹਨ। ਇਨ੍ਹਾਂ ਵਿੱਚ ਧੁਰ-ਧਾਮ ਪਹੁੰਚੇ ਸੰਤਾਂ-ਮਹਾਤਮਾਂ, ਕਾਮਿਲ ਫ਼ਕੀਰਾਂ ਦੇ ਨਿਜੀ ਅਨੁਭਵ ਸ਼ਾਮਲ ਹਨ। ਇਨ੍ਹਾਂ ਦੇ ਪਾਠ ਤੋਂ ਪ੍ਰਭੂ ਮਿਲਾਪ ਦੀ ਪ੍ਰੇਰਨਾ ਮਿਲਦੀ ਹੈ। ਪਰੰਤੂ ਪਰਮੇਸ਼ਰ ਅਤੇ ਉਸਦਾ 'ਸੱਚਾ ਸ਼ਬਦ' ਜਾਂ 'ਸੱਚਾ ਨਾਮ' ਤਾਂ ਇਨ੍ਹਾਂ ਗ੍ਰੰਥਾਂ-ਪੋਥੀਆਂ ਵਿੱਚ ਨਹੀਂ। ਉਹ ਸੱਚਾ ਸ਼ਬਦ, ਸੱਚਾ ਨਾਮ, ਸੱਚੀ ਬਾਣੀ ਲਿਖਣ, ਪੜ੍ਹਨ, ਬੋਲਣ ਵਿੱਚ ਨਹੀਂ ਆ ਸਕਦੀ। ਇਹ ਸਾਡੀ ਆਪਣੀ ਕਾਇਆ ਅੰਦਰ ਹੈ ਅਤੇ ਅੰਦਰੋਂ ਹੀ ਪ੍ਰਾਪਤ ਹੋ ਸਕਦੀ ਹੈ।

ਅਸੀਂ ਲੋਕ ਨਾ ਤਾਂ ਮਹਾਤਮਾਂ ਦੇ ਗ੍ਰੰਥ ਸੋਚ-ਵਿਚਾਰ ਕੇ ਪੜ੍ਹਦੇ ਹਾਂ ਅਤੇ ਨਾ ਹੀ ਇਨ੍ਹਾਂ ਉੱਤੇ ਅਮਲ ਕਰਨ ਦਾ ਜਤਨ ਕਰਦੇ ਹਾਂ। ਗੁਰੂ ਸਾਹਿਬ ਥਾਂ-ਪਰ-ਥਾਂ ਜ਼ੋਰ ਦੇ ਕੇ ਸਮਝਾਉਂਦੇ ਹਨ ਕਿ ਬਿਨਾਂ ਸੱਚੇ ਸ਼ਬਦ ਦੀ ਕਮਾਈ ਦੇ ਪਰਮੇਸ਼ਰ ਪ੍ਰਾਪਤੀ ਅਸੰਭਵ ਹੈ। ਪਾਣੀ ਰਿੜਕਣ ਨਾਲ ਮੱਖਣ ਨਹੀਂ ਨਿਕਲ ਸਕਦਾ। ਨਿਰੇ ਪਾਠ ਨਾਲ ਕੁਝ ਹਾਸਲ ਨਹੀਂ ਹੋ ਸਕਦਾ। ਗੁਰੂ ਗ੍ਰੰਥ ਸਾਹਿਬ ਵਿੱਚ ਬਿਆਨ ਕੀਤੀ

---

11. ਬੇਦ=ਹਿੰਦੂਆਂ ਦੇ ਚਾਰ ਵੇਦ; ਕਤੇਬ=ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਦੀਆਂ ਚਾਰ ਕਿਤਾਬਾਂ=ਤੁਰੇਤ੍, ਜਬੂਰ,ਅੰਜੀਲ ਜਾਂ ਬਾਈਬਲ ਅਤੇ ਕੁਰਾਨ-ਸਰੀਫ਼—ਕਹਿੰਦੇ ਹਨ ਇਨ੍ਹਾਂ ਸਭ ਧਰਮ-ਗ੍ਰੰਥਾਂ ਦੇ ਪੜ੍ਹਨ ਨਾਲ ਮਨ ਵਿੱਚੋਂ (ਮੌਤ ਆਦਿ ਦਾ) ਡਰ ਦੂਰ ਨਹੀਂ ਹੁੰਦਾ। ਇਸ ਤੋਂ ਉਲਟ ਜੇ ਪਲ ਭਰ ਲਈ ਮਨ ਠਹਿਰ ਜਾਵੇ ਤਾਂ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਹੋ ਜਾਣ 12. ਅਸ਼ਟ=ਅੱਠ— ਪਾਠ ਅਤੇ ਅਰਥ—ਬੋਧ ਦੇ ਅੱਠ ਅੰਗ ਜਾਂ ਸਾਰੇ ਵਿਆਕਰਣ, ਸਾਰੇ ਪੁਰਾਣ ਅਤੇ ਸਾਰੇ ਵੇਦਾਂ ਦੇ ਗਿਆਨ ਬਾਰੇ ਵਿਚਾਰ ਕਰਨ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ, ਬਿਨਾਂ ਹਰੀ ਦੇ ਨਾਮ ਦੇ ਮੁਕਤੀ ਮਿਲ ਹੀ ਨਹੀਂ ਸਕਦੀ।

ਗਈ ਜੁਗਤੀ ਦੇ ਪਾਠ ਵਿੱਚ ਨਹੀਂ, ਇਸ ਜੁਗਤੀ ਅਨੁਸਾਰ ਜੀਵਨ ਢਾਲਣ ਵਿੱਚ ਕਲਿਆਣ ਹੈ। ਫੋਕਾ ਪਾਠ, ਪਾਣੀ ਵਿੱਚ ਮਧਾਣੀ ਪਾਉਣ ਸਮਾਨ ਹੈ। ਅਮਲ ਤੋਂ ਬਿਨਾ ਪਾਠ ਸਗੋਂ ਜੀਵ ਦੀ ਹਉਮੈ ਵਿੱਚ ਵਾਧਾ ਕਰਦਾ ਹੈ। ਇਸ ਨਾਲ ਨਾ ਮਨ ਸ਼ਾਂਤ ਹੁੰਦਾ ਹੈ, ਨਾ ਹੀ ਕਾਮ-ਕ੍ਰੋਧ ਲੋਭ, ਮੋਹ ਆਦਿ ਵਿਕਾਰਾਂ ਤੋਂ ਛੁਟਕਾਰਾ ਮਿਲਦਾ ਹੈ। ਅਮਲ ਜਾਂ ਅਭਿਆਸ ਦੀ ਇਕ ਰੱਤੀ ਮਣਾਂ-ਮੂਹੀਂ ਪਾਠ ਨਾਲੋਂ ਵੱਧ ਕਾਰਗਰ ਹੈ। ਬਾਣੀ ਵਿੱਚ ਸੱਚੇ ਨਾਮ ਦੀ ਕਮਾਈ ਨੂੰ ਹੀ ਸੱਚਾ ਪਾਠ ਕਿਹਾ ਹੈ।

1. ਹਰਿ ਨਿਰਮਲੁ ਅਤਿ ਊਜਲਾ ਬਿਨ ਗੁਰ ਪਾਇਆ ਨ ਜਾਇ ॥
ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥ (ਮ: 3—66)
2. ਬੁਧਿ[1] ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ ॥
ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ ਲੋਕਾਣੇ[2] ॥ (ਮ: 1—436)
3. ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥
ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥ (ਮ: 3—647)
4. ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ (ਮ: 3—650)
5. ਅੰਦਰਿ ਕਪਟੁ ਉਦਰੁ[3] ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥
ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨਿ ਹਉਮੈ ਵਿਚਹੁ ਮਾਰੀ ॥ (ਮ: 3—1243)
6. ਬਹੁਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥ (ਮ: 3—39)
7. ਪਾਠੁ ਪੜਿਓ ਅਰੁ ਬੇਦੁ ਬੀਚਾਰਿਓ *ਨਿਵਲਿ[4] ਭੁਅੰਗਮ[5] ਸਾਧੇ ॥
[6]ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ (ਮ: 5—641)

---

*ਨਿਉਲੀ ਕਰਮ ਧੋਤੀ, ਬਸਤੀ, ਨੇਤੀ, ਆਸਣ, ਪ੍ਰਾਣਾਯਾਮ ਅਤੇ ਹੋਰ ਕਈ ਤਰ੍ਹਾਂ ਦੇ ਹਠ ਕਰਮਾਂ ਦੀ ਵਿਆਖਿਆ ਲਈ ਦੇਖੋ 'ਸੰਤ ਮਤ ਪ੍ਰਕਾਸ਼ ਭਾਗ ਪੰਜਵਾਂ' ਵਿੱਚ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਦਾ ਸਤਿਸੰਗ 'ਪਾਠ ਪੜਿਓ ਅਰ ਬੇਦ ਬਿਚਾਰਿਓ' ਅਤੇ 'ਸੰਤ ਮਤ ਪ੍ਰਕਾਸ਼ ਭਾਗ ਪਹਿਲਾ' ਵਿੱਚ ਆਪ ਦਾ ਸਤਿਸੰਗ 'ਕਰ ਨੈਨੋਂ ਦੀਦਾਰ ਮਹਲ ਮੇਂ ਪਿਆਰਾ ਹੈ।'

1. ਉਹ ਵਾਹਿਗੁਰੂ ਅਕਲ, ਪਾਠ, ਚਤੁਰਾਈਆ ਨਾਲ ਨਹੀਂ ਆਪਣੇ ਭਾਣੇ ਅਤੇ ਪ੍ਰੇਮ ਨਾਲ ਮਿਲਦਾ ਹੈ 2. ਜਦ ਉਹ ਸਾਡਾ ਮਿੱਤਰ ਹੈ ਤਾਂ ਸਾਨੂੰ ਦੂਸਰੇ ਲੋਕਾਂ ਦੀ ਲੋੜ ਹੀ ਨਹੀਂ 3. ਮੂਰਖ ਲੋਕ ਪੇਟ ਭਰਨ ਦੀ ਖਾਤਰ ਪਾਠ ਕਰਦੇ ਹਨ 4. ਨਿਉਲੀ ਕਰਮ ਯੋਗ ਦੀ ਇਕ ਕਿਰਿਆ ਹੈ ਜਿਸ ਵਿੱਚ ਸਿੱਧੇ ਬੈਠ ਕੇ ਦੋਵੇਂ ਮੋਢੇ ਨੀਵੇਂ ਕਰਕੇ ਸੁਆਸਾਂ ਦੇ ਜ਼ੋਰ ਨਾਲ ਪੇਟ ਨੂੰ ਹੇਠਾਂ-ਉੱਤੇ, ਖੱਬੇ ਸੱਜੇ ਘੁਮਾ ਕੇ ਆਂਦਰਾਂ ਸਾਫ਼ ਕੀਤੀਆਂ ਜਾਂਦੀਆਂ ਹਨ 5. ਭੁਜੰਗਮ ਨਾੜੀ ਜਾਂ ਕੁੰਡਲਨੀ ਦੀ ਸਾਧਨਾ ਕਰਨਾ 6. ਪੰਜ ਵਿਕਾਰ ਵੱਸ ਵਿੱਚ ਨਾ ਆਏ, ਸਗੋਂ ਇਨ੍ਹਾਂ ਕਰਮਾਂ ਨਾਲ ਹੰਕਾਰ ਵਿੱਚ ਵਾਧਾ ਹੋ ਗਿਆ।

8. [7]ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
[8]ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
[9]ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸੁ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
[10]ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ (ਮ: 1–467)

9. ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥
ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥ (ਮ: 3—84)

10. ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥ (ਮ: 3—644)

11. [11]ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥ (ਰਵਿਦਾਸ,973)

12. [12]ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥
ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ (ਮ: 3—1249)

13. ਕਬੀਰ ਮੈ ਜਾਨਿਉ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥
ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥ (ਕਬੀਰ, 1366)

14. [13]ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥
[14]ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥ (ਮ: 3,33)

15. ਪੜਿ ਪੰਡਿਤੁ ਅਵਰਾ ਸਮਝਾਏ ॥ ਘਰ ਜਲਤੇ ਕੀ ਖਬਰਿ ਨ ਪਾਏ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ ॥
(ਮ: 3—1046)

---

7. ਭਾਵੇਂ ਪੜ੍ਹ-ਪੜ੍ਹ ਕੇ ਗੱਡੀਆਂ, ਕਾਫ਼ਲੇ ਲੱਦ ਲਵੋ 8. ਬੇੜੀਆਂ, ਖਾਤੇ ਪਾਠ ਨਾਲ ਭਰ ਲਵੋ 9. ਸਾਰੀ ਉਮਰ ਅਤੇ ਸਾਹ-ਸਾਹ ਨਾਲ ਪਾਠ ਕਰਦੇ ਰਹੋ 10. ਇਕ ਨਾਮ ਜਾਂ ਸ਼ਬਦ ਦੀ ਕਮਾਈ ਤੋਂ ਬਿਨਾ ਇਤਨਾ ਪੜ੍ਹਨਾ ਪੜ੍ਹਾਉਣਾ ਝਖਣਾ-ਝਾਖ, ਭਾਵ ਵਿਅਰਥ ਹੈ 11. ਕੰਚਨ = ਸੋਨਾ; ਹਿਰਨ = ਸੋਨਾ; ਕਹਿੰਦੇ ਹਨ ਸਿਰਫ਼ ਪੜ੍ਹਨ ਸੁਣਨ ਨਾਲ ਕੁਝ ਨਹੀਂ ਹੁੰਦਾ ਕਿਉਂਕਿ ਜਦ ਤਕ (ਮਨ ਰੂਪੀ) ਲੋਹਾ (ਸ਼ਬਦ ਰੂਪੀ) ਪਾਰਸ ਨਾਲ ਨਹੀਂ ਲੱਗਦਾ ਇਹ ਸੋਨਾ ਨਹੀਂ ਬਣ ਸਕਦਾ ਭਾਵ ਪ੍ਰਮੇਸ਼ਰ ਦੀ ਪ੍ਰਾਪਤੀ ਨਹੀ ਹੋ ਸਕਦੀ 12. ਪੰਡਿਤ ਲੋਕ ਮਾਇਆ ਅਤੇ ਮੋਹ ਦੇ ਸੁਆਦ ਜਾਂ ਲਾਲਚ ਵਿੱਚ ਪੜ੍ਹਦੇ ਅਤੇ ਵਿਵਾਦ ਕਰਦੇ ਹਨ; ਇਨ੍ਹਾਂ ਮੂਰਖਾਂ ਨੇ ਦੂਜੇ (ਸੰਸਾਰ) ਦੇ ਪ੍ਰੇਮ ਵਿੱਚ ਪੈ ਕੇ ਇੱਕ ਪਰਮੇਸ਼ਰ ਦੇ ਪ੍ਰੇਮ ਨੂੰ ਵਿਸਾਰਿਆ ਹੋਇਆ ਹੈ, ਇਸ ਲਈ ਇਹ ਸਜ਼ਾ ਪਾਉਂਦੇ ਹਨ 13. ਪੰਡਿਤ ਲੋਕ ਮਾਇਆ ਰੂਪੀ ਜ਼ਹਿਰ ਦੇ ਪਿਆਰ ਵਿੱਚ ਲੱਗੇ ਹੋਏ ਹਨ; 14. ਬਿਨਾਂ ਸਤਿਗੁਰ ਦੀ ਦਇਆ ਦੇ ਤ੍ਰਿਕੁਟੀ (ਤਿੰਨਾਂ ਗੁਣਾਂ ਦੀ ਕੈਦ) ਤੋਂ ਛੁਟਕਾਰਾ ਨਹੀਂ ਹੁੰਦਾ ਅਤੇ ਚੌਥੇ ਪਦ ਦੀ ਸਹਿਜ ਅਵਸਥਾ ਪ੍ਰਾਪਤ ਨਹੀਂ ਹੁੰਦੀ ।

# ਜਪ-ਤਪ

ਜਪ ਦੇ ਅਰਥ ਬਾਰ-ਬਾਰ ਪੜ੍ਹਨ ਦੇ ਹਨ। ਸ਼ਾਸਤਰਾਂ ਵਿੱਚ ਜਪ ਨੂੰ ਕਾਮਨਾ-ਸਿੱਧੀ ਦਾ ਇਕ ਸਾਧਨ ਮੰਨਿਆਂ ਗਿਆ ਹੈ ਅਤੇ ਭਿੰਨ-ਭਿੰਨ ਕਾਮਨਾਵਾਂ ਦੀ ਪੂਰਤੀ ਲਈ ਭਿੰਨ-ਭਿੰਨ ਜਪ ਨਿਸਚਿਤ ਕੀਤੇ ਗਏ ਹਨ। ਇਸੇ ਤਰ੍ਹਾਂ ਜਪ ਕਰਨ ਦੇ ਵਖ-ਵਖ ਸਾਧਨ ਵੀ ਸਮਝਾਏ ਗਏ ਹਨ। ਗੁਰਬਾਣੀ ਵਿੱਚ ਨਾਮ ਨੂੰ ਸਭ ਜਪਾਂ ਦਾ ਸ਼੍ਰੋਮਣੀ ਜਪ ਮੰਨਿਆ ਗਿਆ ਹੈ। ਨਾਮ ਦਾ ਜਪ ਮਹਾਂ ਰਸ ਹੈ, ਜਿਸ ਨੂੰ ਪੀਣ ਨਾਲ ਮਨ ਤ੍ਰਿਪਤ ਹੋ ਜਾਂਦਾ ਹੈ, ਅਮਰ ਜੀਵਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ। ਨਾਮ ਦਾ ਜਪ ਹੀ ਸਰਵ-ਸ੍ਰੇਸ਼ਟ ਧਰਮ ਅਤੇ ਨਿਰਮਲ ਕਰਮ ਹੈ, ਕਿਉਂਕਿ ਇਹੋ ਇੱਕੋ ਜਪ ਹੈ ਜੋ ਹਰੀ ਨੂੰ ਭਾਉਂਦਾ ਹੈ।

ਹਠ ਯੋਗ ਵਿੱਚ ਸਰੀਰ ਅਤੇ ਮਨ ਦੀ ਸਾਧਨਾ ਲਈ ਸਰੀਰ ਨੂੰ ਦੇਣ ਵਾਲੇ ਕੱਸ਼ਟਾਂ, ਤਸੀਹਿਆਂ ਨੂੰ ਤਪ ਕਿਹਾ ਜਾਂਦਾ ਹੈ। ਇਸ ਵਿੱਚ ਸਰੀਰ ਨੂੰ ਜਾਣ-ਬੁਝ ਕੇ ਸੁੱਖਾਂ ਤੋਂ ਦੂਰ ਰੱਖਿਆ ਜਾਂਦਾ ਹੈ ਅਤੇ ਦੁੱਖ ਦਿੱਤੇ ਜਾਂਦੇ ਹਨ ਤਾਂ ਜੋ ਇਹ ਭੋਗਾਂ ਦਾ ਤਿਆਗ ਕਰਕੇ ਪ੍ਰਭੂ-ਭਗਤੀ ਵਲ ਮੁੜੇ।

ਤਪੀਸ਼ਰ ਦਾ ਉਦੇਸ਼ ਸ਼ੁਭ ਹੋ ਸਕਦਾ ਹੈ ਪਰੰਤੂ ਕੰਦ-ਮੂਲ ਉੱਤੇ ਗੁਜ਼ਾਰਾ ਕਰਨ ਨਾਲ, ਪੰਜ ਧੂਣੀਆਂ ਤਪਣ ਨਾਲ, ਲੋਹੇ ਦੀਆਂ ਤੇਜ਼ ਮੇਖਾਂ ਉੱਤੇ ਵਿਛਾਉਣਾ ਕਰਨ ਨਾਲ, ਇਕ ਲੱਤ ਪਰਨੇ ਖੜੇ ਰਹਿਣ ਨਾਲ ਤਾਂ ਮਨ ਪਵਿੱਤਰ ਨਹੀਂ ਹੋ ਜਾਂਦਾ। ਇਸ ਨਾਲ ਨਾ ਵਿਕਾਰ ਮਰਦੇ ਹਨ, ਨਾ ਆਸਾ,ਮਨਸਾ, ਤ੍ਰਿਸ਼ਨਾ ਮਰਦੀ ਹੈ।

ਗੁਰਬਾਣੀ ਵਿੱਚ ਮਾਲਕ ਅਤੇ ਸਤਿਗੁਰੂ ਦੇ ਭਾਣੇ ਨੂੰ ਮੰਨਣ, ਮਨ ਨੂੰ ਵਿਸ਼ੇ-ਵਿਕਾਰਾਂ, ਇੰਦਰੀਆਂ ਦੇ ਭੋਗਾਂ ਤੋਂ ਮੋੜ ਕੇ, ਸ਼ਬਦ-ਰੂਪੀ ਅੰਮ੍ਰਿਤ ਨਾਲ ਜੋੜਨ ਨੂੰ ਹੀ ਸੱਚਾ ਤਪ ਮੰਨਿਆ ਗਿਆ ਹੈ। ਇਸ ਤਪ ਦੀ ਜੁਗਤੀ ਸਤਿਗੁਰੂ ਦੀ ਸਤਿਸੰਗਤ ਤੋਂ ਪ੍ਰਾਪਤ ਹੁੰਦੀ ਹੈ। "ਸੋ ਤਪੀਆ ਜਿਸ ਸਾਧ ਸੰਗ"। ਤਪ ਦਾ ਅਸਲ ਮਨੋਰਥ ਮਨ ਦੀ ਸਾਧਨਾ ਹੈ। ਮਨ ਨੂੰ ਪਰਮੇਸਰ ਦੇ ਸੱਚੇ ਨਾਮ ਨਾਲ ਜੋੜਨਾ ਅਤੇ ਮਨ-ਮਤ ਤੋਂ ਮੋੜ ਕੇ ਗੁਰਮਤਿ ਵਿੱਚ ਲਿਆਉਣਾ ਹੀ ਅਸਲ ਤਪ ਹੈ। ਪੂਰੇ ਸਤਿਗੁਰੂ ਦੀ ਦੱਸੀ ਜੁਗਤੀ ਦੀ ਕਮਾਈ 'ਤਪਾਂ ਦਾ ਤਪ' ਅਤੇ ਮਨ-ਬਾਂਛਿਤ ਫਲ ਦੀ ਪ੍ਰਾਪਤੀ ਦਾ ਅਸਲ ਸਾਧਨ ਹੈ।

1. **ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥**
   **ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥ (ਕਬੀਰ, 337)**

2. ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥
ਨਾਨਕ ਸਹਜਿ ਮਿਲੇ ਜਗ ਜੀਵਨ ਸਤਿਗੁਰ ਬੂਝ ਬੁਝਾਈਐ ॥(ਮ: 1—436)

3. ਜਪੁ ਤਪੁ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥ (ਮ: 4—732)

4. ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ॥
ਬਿਸਟਾ ਅੰਦਰਿ ਕੀਟ ਸੇ [1]ਮੁਠੇ ਧੰਧੈ ਚੋਰਿ ॥ (ਮ: 3—1247)

5. ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥ (ਮ: 1—56)

6. ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥
[2]ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥ (ਮ: 5—130)

7. ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥ (ਮ: 3—491)

8. ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥ (ਮ: 3—555)

9. ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ ਪਾਇਆ ॥(ਮ: 3—565)

---

1. ਲੁੱਟੇ ਗਏ 2. ਹੇ ਪ੍ਰਭੂ ! ਮੈਨੂੰ ਘੋਰ ਹਨੇਰੀ ਡੂੰਘੀ ਖਾਈ ਵਿੱਚ ਡਿਗਦੇ ਨੂੰ ਬਚਾ ਲਵੋ ।

## ਜੋਤਿਸ਼

ਜੋਤਿਸ਼ ਉਹ ਸਾਧਨ ਹੈ ਜਿਸ ਦੀ ਸਹਾਇਤਾ ਨਾਲ ਆਉਣ ਵਾਲੇ ਦੁੱਖਾਂ ਸੁੱਖਾਂ ਦਾ ਅਨੁਮਾਨ ਲਾਉਣ ਦਾ ਜਤਨ ਕੀਤਾ ਜਾਂਦਾ ਹੈ। ਦੁਨੀਆਵੀ ਜੀਵ ਪੰਡਤਾਂ, ਪਾਂਧਿਆਂ ਤੇ ਜੋਤਿਸ਼ੀਆਂ ਕੋਲੋਂ ਜੋਤਿਸ਼ ਲਗਵਾਉਂਦੇ ਹਨ ਅਤੇ ਸ਼ੁਭ ਮਹੂਰਤ ਤੇ ਸਾਹੇ ਆਦਿ ਕਢਵਾਉਂਦੇ ਹਨ, ਤਾਂ ਜੋ ਆਉਣ ਵਾਲੇ ਦੁੱਖਾਂ ਦਾ ਪਹਿਲੋਂ ਹੀ ਕੋਈ ਉਪਾਉ ਕਰ ਲਿਆ ਜਾਵੇ। ਗੁਰਬਾਣੀ ਅਨੁਸਾਰ ਇਹ ਸੰਸਾਰ 'ਕਰਮਾਂ ਸੰਦੜਾ ਖੇਤ' ਹੈ। ਇਥੇ ਹਰ ਜੀਵ ਨੂੰ ਓਹੀ ਕੁਝ ਵੱਢਣਾ ਪੈਂਦਾ ਹੈ, ਜੋ ਉਸ ਨੇ ਬੀਜਿਆ ਹੋਵੇ। ਦੁੱਖ-ਸੁੱਖ ਤਾਂ ਸਾਡੇ ਪਿਛਲੇ ਕਰਮਾਂ ਦਾ ਫਲ ਹਨ, ਜਿਨ੍ਹਾਂ ਨੂੰ ਅਸਾਂ ਅਵੱਸ਼ ਭੋਗਣਾ ਹੈ। ਸੱਚੇ ਪਰਮਾਰਥੀ ਅਤੇ ਗੁਰ-ਸਿੱਖ ਨੂੰ ਸਭ ਕੁਝ ਮਾਲਕ ਦਾ ਭਾਣਾ ਮੰਨ ਕੇ ਹੱਸਦਿਆਂ-ਹੱਸਦਿਆਂ ਭੁਗਤ ਲੈਣਾ ਚਾਹੀਦਾ ਹੈ। ਜਦ ਜੋ ਕੁਝ ਭੁਗਤ ਰਹੇ ਹਾਂ, ਆਪਣੇ ਹੀ ਪੂਰਬਲੇ ਕਰਮਾਂ ਦਾ ਫਲ ਹੈ, ਤਾਂ ਮਾਲਕ ਨਾਲ ਰੋਸ ਕਰਨਾ ਵਿਅਰਥ ਜੋਤਿਸ਼ ਜਾਂ ਮੰਤਰ-ਤੰਤਰ ਹੋਣੀ ਨੂੰ ਨਹੀਂ ਟਾਲ ਸਕਦੇ। ਜੋ ਕੁਝ ਅਕਾਲਪੁਰਖ ਨੂੰ ਭਾਉਂਦਾ ਹੈ, ਹੋ ਕੇ ਰਹਿੰਦਾ ਹੈ। ਗੁਰਮੁਖ ਸਗਨ, ਅਪਸਗਨ ਦਾ ਵਿਚਾਰ ਨਹੀਂ ਕਰਦੇ। ਉਹ ਭਾਣਾ ਮੰਨਦੇ ਹਨ, ਸਹਿਜ ਵਿੱਚ ਵਿਚਰਦੇ ਹਨ ਅਤੇ ਦੁੱਖ-ਸੁੱਖ ਦੋਹਾਂ ਵਿੱਚ ਇਕ-ਰਸ ਰਹਿੰਦੇ ਹੋਏ ਨਿਰੰਤਰ 'ਨਾਮ' ਦੀ ਕਮਾਈ ਕਰਦੇ ਹਨ।

1. ਪੜਿ ਪੜਿ ਪੰਡਿਤ ਜੋਤਕੀ[1] [2]ਵਾਦ ਕਰਹਿ ਬੀਚਾਰੁ ॥
ਮਤਿ ਬੁਧਿ ਭਵੀ ਨ ਬੁਝਹੀ ਅੰਤਰਿ ਲੋਭ ਵਿਕਾਰੁ ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥
ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰ ॥ (ਮ: 3—27)

2. ਹਉਮੈ ਸਭਾ ਗਣਤ[3] ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥ (ਮ: 3—36)

3. ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ (ਮ: 1—56)

4. ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥
ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥ (ਮ: 1—60)

---

1. ਜੋਤਸ਼ੀ ਲੋਕ 2. ਵਾਦ-ਵਿਵਾਦ ਕਰਦੇ ਹਨ 3. ਗਿਣਤੀ; ਸਾਹੇ, ਮਹੂਰਤ ਆਦਿ ਦੀ ਗਿਣਤੀ।

5. ਪੜਿ ਪੜਿ 'ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਏ[4] ॥ (ਮ: 3—68)

6. ਪੰਡਿਤ [5]ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥
ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥ (ਮ: 1–419)

7. ਆਗਮ ਨਿਰਗਮ[6] ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ[7] ॥
ਤੰਤ[8] ਮੰਤ੍ਰ ਸਭ ਅਉਖਧ[9] ਜਾਨਹਿ ਅੰਤਿ ਤਊ ਮਰਨਾ ॥ (ਕਬੀਰ, 476)

8. ਸਗੁਨ ਅਪਸਗੁਨ[10] ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥ (ਮ: 5—401)

9. ਸਾਹਾ[11] ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥
ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ[12] ਲਹੀਐ ॥
[13]ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੈ ਸੁਣਾਵੈ ਤਤੁ ਨ ਚੀਨੀ ॥
ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ [14]ਹੋਰ ਕਥਨੀ ਬਦਉ ਨ ਸਗਲੀ ਛਾਰੁ ॥
ਗਣਤ ਗਣੀਐ ਸਹਸਾ ਦੁਖੁ ਜੀਐ ॥ ਗੁਰ ਕੀ ਸਰਣਿ ਪਵੈ ਸੁਖੁ ਥੀਐ ॥
(ਮ: 1—904)

10. ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥
ਸਭ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥ (ਮ: 3—948)

11. ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕ ਵਾਪਾਰਾ ਰਾਮ ॥ (571)

12. [15]ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ॥
ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥
(ਮ: 4–1135)

13. ਇਸੁ ਭਗਤੀ ਨੋ ਸੁਰਿਨਰ[16] ਮੁਨਿਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ ॥
ਪੰਡਿਤ ਪੜਦੇ ਜੋਤਕੀ ਤਿਨ ਬੂਝ ਨ ਪਾਇ ॥ (ਮ: 3–425)

---

4 ਹੁਕਮ ਭਾਣਾ, ਮਰਜ਼ੀ 5. ਪੰਡਤ, ਪਾਧੇ ਜੋਤਸ਼ੀ ਬਾਹਰਲੇ ਪਾਠ ਪੜ੍ਹਦੇ ਹਨ ਪਰ ਅੰਦਰ ਬੈਠੇ ਸ਼ਬਦ ਜਾ ਪਰਮੇਸਰ ਨੂੰ ਨਹੀਂ ਜਾਣਦੇ 6. ਵੇਦ ਦਾ ਮੰਤਰ ਭਾਗ 7. ਵਿਆਕਰਣ ਜਾਂ ਗ੍ਰਾਮਰ 8. ਜਾਦੂ-ਟੂਣੇ 9. ਔਸ਼ਧੀਆਂ. ਦਵਾਈਆਂ 10. ਸਗਨ=ਚੰਗਾ ਮਹੂਰਤ; ਅਪਸਗਨ=ਬੁਰਾ ਮਹੂਰਤ 11. ਮਹੂਰਤ 12. ਸ਼ਬਦ ਦੀ ਸਹਾਇਤਾ ਨਾਲ ਆਪਣਾ ਅਸਲੀ ਘਰ (ਸੱਚ-ਖੰਡ) ਬੁੱਝ ਲੈਣ ਨਾਲ ਹਊਮੈ ਦਾ ਨਾਸ਼ ਹੁੰਦਾ ਹੈ 13. ਜੋਤਸ਼ੀ ਨੇ ਗਿਣਤੀਆਂ ਗਿਣ-ਗਿਣ ਕੇ ਕਾਂਡੀ ਭਾਵ ਜਨਮ-ਪੱਤਰੀ ਬਣਾਈ; ਜਨਮ-ਪੱਤਰੀ ਦੇ ਬਾਰਾਂ ਕਾਂਡ ਹੁੰਦੇ ਹਨ, ਇਸ ਲਈ ਇਸ ਨੂੰ ਕਾਂਡੀ ਕਹਿੰਦੇ ਹਨ 14. ਮੈਂ ਹੋਰ ਗੱਲਾਂ ਨਹੀਂ ਕਰਦਾ ਕਿਉਂਕਿ ਉਹ ਸਭ ਸੁਆਹ ਹਨ ਨਿਕੰਮੀਆਂ ਹਨ 15. ਆਪਣੀ ਮਰਜ਼ੀ ਦੇ ਸਲਾਹ-ਮਸ਼ਵਰੇ 16. ਸੁਰ=ਦੇਵਤਾ, ਨਰ=ਇਨਸਾਨ ।

## ਅਵਤਾਰ

ਅਵਤਾਰ ਦਾ ਅਰਥ ਹੈ ਜਨਮ ਧਾਰਨਾ ਜਾਂ ਹੇਠਾਂ ਉੱਤਰਨਾ। ਪੁਰਾਣਾਂ ਅਨੁਸਾਰ ਕਿਸੇ ਦੇਵਤੇ ਦੇ ਕਿਸੇ ਦੇਹਿ ਵਿੱਚ ਪ੍ਰਗਟ ਹੋਣ ਨੂੰ ਅਵਤਾਰ ਧਾਰਨਾ ਆਖਿਆ ਜਾਂਦਾ ਹੈ। ਗੁਰਮਤਿ ਅਨੁਸਾਰ ਤੇਤੀ ਕਰੋੜ ਦੇਵਤੇ, ਦਸ ਅਵਤਾਰ ਤੇ ਚਉਰਾਸੀ ਸਿੱਧ-ਸਾਧਕ ਆਦਿ ਸਭ ਜਨਮ-ਮਰਨ ਦੇ ਚੱਕਰ ਵਿੱਚ ਹਨ। ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਨਿਹਚਲ ਜਾਂ ਅਮਰ-ਪਦ ਪ੍ਰਾਪਤ ਨਹੀਂ। ਨਾ ਹੀ ਇਨ੍ਹਾਂ ਵਿੱਚੋਂ ਕੋਈ ਉਸ ਅਕਾਲਪੁਰਖ ਦਾ ਅੰਤ ਹੀ ਪਾ ਸਕਦਾ ਹੈ। ਇਹ ਸਾਰੇ ਉਸ ਅਕਾਲਪੁਰਖ ਦੇ ਹੁਕਮ ਵਿੱਚ ਹੀ ਇਸ ਸੰਸਾਰ ਦਾ ਕਾਰ-ਵਿਹਾਰ ਚਲਾਉਂਦੇ ਹਨ ਅਤੇ ਆਪਣਾ ਸਮਾਂ ਪੂਰਾ ਹੋਣ ਪਿੱਛੋਂ ਕੁਲ ਮਾਲਿਕ ਦੇ ਹੁਕਮ ਅਨੁਸਾਰ ਬਿਨਸ ਜਾਂਦੇ ਹਨ। ਦੇਵੀ-ਦੇਵਤਾ, ਅਵਿਤਾਰ ਆਦਿ ਆਪ ਆਵਾਗਵਨ ਦੇ ਚੱਕਰ ਵਿੱਚ ਹਨ, ਉਹ ਕਿਸੇ ਦੂਸਰੇ ਨੂੰ ਸੱਚੀ, ਸਦੀਵੀ ਮੁਕਤੀ ਦੇਣ ਦੇ ਸਮਰੱਥ ਨਹੀਂ ਹੋ ਸਕਦੇ। ਇਸ ਲਈ ਗੁਰਮਤਿ ਵਿੱਚ ਅਵਤਾਰ-ਪੂਜਾ ਸਵੀਕਾਰ ਨਹੀਂ ਕੀਤੀ ਗਈ।

1. [1]ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ *ਰਾਮ ਰਵਾਲ ॥
   ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥ (ਮ: 1—464)
2. [2]ਬ੍ਰਹਮੇ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
   [3]ਮਹਾਦੇਉ ਗਿਆਨੀ ਵਰਤੇ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥ (559)
3. [4]ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥
   ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥ (ਮ: 3—559)
4. ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕ ਤਿਲ ਨਹੀ ਕੀਮਤਿ ਪਾਈ ॥
   [5]ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥ (ਮ: 5—747)

---

*ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੀ ਅਸਲੀਅਤ ਲਈ ਦੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਜੀ ਦੇ ਸਤਿਸੰਗ ਸੰਗ੍ਰਹਿ 'ਸੰਤ ਮਤ ਪ੍ਰਕਾਸ਼ ਭਾਗ ਪਹਿਲਾ' ਵਿੱਚ ਸਤਿਸੰਗ 'ਕਰ ਨੈਨੋਂ ਦੀਦਾਰ ਮਹਲ ਮੇਂ ਪਿਆਰਾ ਹੈ'।

1. ਰਾਮ ਰਵਾਲ=ਰਾਮ ਧੂੜ ਸਮਾਨ ਹਨ; ਕੰਨ=ਕ੍ਰਿਸ਼ਨ; ਭਾਵ, ਉਸ ਇੱਕ ਨਿਰਭਉ ਪਰਮੇਸ਼ਰ ਨੂੰ ਛੱਡ ਕੇ ਅਨੇਕ ਰਾਮ, ਕ੍ਰਿਸ਼ਨ ਆਦਿ ਭਉ ਅਤੇ ਭਰਮ ਵਿੱਚ ਫਸੇ ਹੋਏ ਹਨ 2. ਬ੍ਰਹਮਾ ਵੀ ਵੇਦ ਬਾਣੀ ਰਾਹੀਂ ਮੋਹ-ਮਾਇਆ ਦਾ ਹੀ ਖਲਾਰਾ ਵਧਾਉਂਦਾ ਰਿਹਾ 3. ਮਹਾਦੇਵ ਭਾਵ ਸ਼ਿਵਜੀ ਗਿਆਨੀ ਕਹਾਉਂਦਾ ਹੈ, ਪਰ ਗੁੱਸੇ ਦਾ ਭਰਿਆ ਹੋਇਆ ਹੈ 4. ਕ੍ਰਿਸ਼ਨ ਭਾਵ ਵਿਸ਼ਨੂੰ ਸਦਾ ਅਵਤਾਰ ਧਾਰਨ ਵਿੱਚ ਰੁੱਝਾ ਰਹਿੰਦਾ ਹੈ ਤਾਂ ਫਿਰ ਸੰਸਾਰ ਕਿਸ ਦੇ ਪਿੱਛੇ ਲੱਗ ਕੇ ਤਰੇ ? 5. ਬੜੇ ਬੜੇ ਸਿੱਧ-ਸਾਧਕ ਵੀ ਮਾਇਆ ਦੇ ਮੋਹ ਵਿੱਚ ਫਸ ਕੇ ਵਿਲਕਦੇ ਫਿਰਦੇ ਹਨ।

5. ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ (735)

6. ਦਸ[6] ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥ (ਮ: 5—747)

7. [7]ਕੋਟਿ ਕੋਟਿ ਤੇਤੀਸ ਧਿਆਵਹਿ ਤਾ ਕਾ ਅੰਤੁ ਨ ਪਾਵਹਿ ਪਾਰੇ ॥
ਹਿਰਦੈ ਕਾਮ ਕਾਮਨੀ ਮਾਗਹਿ ਰਿਧਿ ਮਾਗਹਿ ਹਾਥੁ ਪਸਾਰੇ ॥ (ਮ: 4—882)

8. [8]ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥ (ਮ: 1—637)

9. [9]ਕਬੀਰ ਧਰਤੀ ਅਰੁ ਆਕਾਸ ਮਹਿ ਦੋਇ ਤੂੰਬਰੀ ਅਬਧ ॥
ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥ (ਕਬੀਰ, 1375)

## ਸੂਤਕ

ਕਈ ਲੋਕਾਂ ਨੂੰ ਸੂਤਕ ਦਾ ਬੜਾ ਵਹਿਮ ਹੈ। ਉਹ ਭਿੱਟੇ ਜਾਣ ਜਾਂ ਅਪਵਿੱਤਰ ਹੋ ਜਾਣ ਦੇ ਡਰ ਤੋਂ ਸੂਤਕ ਵਾਲੇ ਘਰ ਨਹੀਂ ਜਾਂਦੇ। ਗੁਰਮਤਿ ਅਨੁਸਾਰ ਸੂਤਕ ਦਾ ਖ਼ਿਆਲ ਨਿਰਾ ਭਰਮ ਜਾਂ ਵਹਿਮ ਹੈ। ਜੰਮਣਾ-ਮਰਨਾ ਅਕਾਲਪੁਰਖ ਦੇ ਹੁਕਮ ਵਿੱਚ ਹੁੰਦਾ ਹੈ। ਕੋਈ ਥਾਂ ਐਸੀ ਨਹੀਂ ਜਿਥੇ ਲਗਾਤਾਰ ਜਨਮ-ਮਰਨ ਦਾ ਚੱਕਰ ਨਾ ਚੱਲ ਰਿਹਾ ਹੋਵੇ। ਹਰ ਥਾਂ, ਹਰ ਪਲ ਕਰੋੜਾਂ ਜੀਵ ਜਨਮ ਧਾਰ ਰਹੇ ਹਨ ਅਤੇ ਕਰੋੜਾਂ ਹੀ ਮਰ ਰਹੇ ਹਨ। ਪਾਣੀ ਜੀਵਾਂ ਨਾਲ ਭਰਿਆ ਹੋਇਆ ਹੈ; ਅੰਨ ਦੇ ਦਾਣੇ-ਦਾਣੇ ਵਿੱਚ ਜੀਵ ਹੈ। ਰਸੋਈ ਵਿੱਚ ਬਲ ਰਹੀਆਂ ਲੱਕੜਾਂ ਅਤੇ ਗੋਹੇ ਜੀਵਾਂ ਨਾਲ ਭਰੇ ਪਏ ਹਨ, ਤਾਂ ਫਿਰ ਐਸੇ ਬਾਲਣ ਨਾਲ ਪਕਾਇਆ ਭੋਜਨ ਕਿਵੇਂ ਸੁੱਚਾ ਹੋ ਸਕਦਾ ਹੈ ?

ਗੁਰਮਤਿ ਅਸਲੀ ਤੇ ਅੰਤਰਮੁਖੀ ਸੂਤਕ ਵੱਲ ਸੰਕੇਤ ਕਰਦੀ ਹੈ। ਅਸਲ ਸੂਤਕ ਮਨ ਇੰਦਰੀਆਂ ਦੇ ਵਿਕਾਰ ਹਨ। ਮਨ ਨੂੰ ਲੋਭ ਦਾ, ਜੀਭ ਨੂੰ ਝੂਠ ਬੋਲਣ ਅਤੇ ਪਰ-ਨਿੰਦਿਆ ਕਰਨ ਦਾ, ਅੱਖਾਂ ਨੂੰ ਪਰਾਈ ਇਸਤ੍ਰੀ ਦਾ ਰੂਪ ਵੇਖਣ ਦਾ,

---

6. ਦਸ ਅਵਤਾਰਾਂ ਅਤੇ ਮਹਾਦੇਵ (ਸਿਵਜੀ) ਨੇ ਵੀ ਤੇਰਾ ਅੰਤ ਨਾ ਪਾਇਆ; ਉਹ ਸਭ ਸੁਆਹ (ਬਿਭੂਤ) ਲਾ-ਲਾ ਕੇ ਥੱਕ ਗਏ 7. ਤੇਤੀ ਕ੍ਰੋੜ ਦੇਵਤੇ 8. ਦੇਵੀ-ਦੇਵਤਿਆਂ ਦੀ ਪੂਜਾ ਤੋਂ ਕੀ ਮਿਲਣਾ ਹੈ ? ਪੱਥਰ ਦੀਆਂ ਮੂਰਤੀਆ ਤਾਂ ਖ਼ੁਦ ਪਾਣੀ ਵਿੱਚ ਡੁੱਬ ਜਾਂਦੀਆ ਹਨ, ਉਨ੍ਹਾਂ ਨੇ ਕਿਸੇ ਦੂਸਰੇ ਨੂੰ ਕੀ ਤਾਰਨਾ ਹੈ ! 9. ਸਾਰੀ ਧਰਤੀ ਸਾਰੇ ਅਕਾਸ਼ ਵਿੱਚ ਦਵੈਤ ਦੀਆਂ ਤੂੰਬੜੀਆਂ ਵੱਜ ਰਹੀਆਂ ਹਨ; ਛੇ ਦਰਸ਼ਨ ਅਤੇ ਚੁਰਾਸੀ ਸਿੱਧ ਸਭ ਭਰਮ ਵਿੱਚ ਫਸੇ ਹੋਏ ਹਨ।

ਕੰਨਾਂ ਨੂੰ ਨਿੰਦਿਆ-ਚੁਗਲੀ ਸੁਣਨ ਦਾ ਸੂਤਕ ਚਿੰਬੜਿਆ ਹੋਇਆ ਹੈ। ਇਸ ਸੂਤਕ ਕਾਰਨ ਜੀਵ ਸਦਾ ਅਪਵਿੱਤਰ ਰਹਿੰਦਾ ਹੈ, ਉਸ ਦੀ ਕਰਨੀ ਮੈਲੀ ਰਹਿੰਦੀ ਹੈ ਅਤੇ ਉਹ ਜਮਾਂ ਦੀਆਂ ਚੋਟਾਂ ਸਹਿੰਦਾ ਹੈ।

ਇਹ ਸੂਤਕ ਬਾਹਰਲੀ ਸੁੱਚ, ਸਫ਼ਾਈ ਨਾਲ ਨਹੀਂ, ਸਗੋਂ ਮਨ-ਆਤਮਾ ਦੀ ਸਫ਼ਾਈ ਨਾਲ ਹੀ ਦੂਰ ਹੁੰਦਾ ਹੈ। ਨਾਮ ਜਾਂ ਸ਼ਬਦ ਨਿਰਮਲ ਹੈ ਅਤੇ ਹਰ ਪ੍ਰਕਾਰ ਦੀਆਂ ਮੈਲਾਂ ਦੂਰ ਕਰ ਸਕਦਾ ਹੈ। ਜਿੱਥੇ ਨਾਮ ਨਹੀਂ ਉਥੇ ਇਕ ਨਹੀਂ ਅਨੇਕ ਪ੍ਰਕਾਰ ਦੀ ਗੰਦਗੀ, ਭਿੱਟ ਜਾਂ ਸੂਤਕ ਹੈ, ਪਰ ਜਿੱਥੇ ਨਾਮ ਹੈ ਓਥੇ ਕਿਸੇ ਤਰ੍ਹਾਂ ਦੀ ਅਪਵਿੱਤਰਤਾ ਜਾਂ ਸੂਤਕ ਲਈ ਕੋਈ ਸਥਾਨ ਨਹੀਂ ਹੈ।

1. ਜੇਕਰਿ ਸੂਤਕੁ ਮੰਨੀਐ ਸਭਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ[1] ॥
ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ[2] ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ[3] ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ[4] ਬਧੇ ਜਮਪੁਰਿ ਜਾਹਿ ॥
ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ॥ (ਮ: 1—472)

1. ਸਭ ਥਾਂਈਂ 2. ਪਰਾਈ ਇਸਤਰੀ ਦੇ ਰੂਪ ਅਤੇ ਪਰਾਏ ਧਨ ਨੂੰ ਦੇਖ ਕੇ ਲਲਚਾਉਣਾ ਅੱਖਾਂ ਦਾ ਸੂਤਕ ਹੈ 3. ਲੋਕਾਂ ਦੀ ਚੁਗਲੀ ਸੁਣਨਾ 4. ਹੰਸ ਰੂਪ ਜੀਵ।

## ਜਾਤ-ਪਾਤ

ਗੁਰਬਾਣੀ ਜਾਤ-ਪਾਤ ਦੇ ਸੰਕਲਪ ਨੂੰ ਸਵੀਕਾਰ ਨਹੀਂ ਕਰਦੀ ਹੈ। ਸਭ ਜੀਵ ਪਰਮੇਸ਼ਰ ਦੇ ਪੁੱਤਰ ਹਨ; ਸਭਨਾ ਦੇ ਅੰਦਰ ਇੱਕੋ ਪਰਮੇਸ਼ਰ ਹੈ, ਇਸ ਲਈ ਨਾ ਕੋਈ ਉੱਚੀ ਜਾਤ ਵਾਲਾ ਹੈ, ਨਾ ਕੋਈ ਛੋਟੀ ਜਾਤ ਵਾਲਾ ਹੈ। ਗੁਰੂ ਸਾਹਿਬਾਨ ਦਾ ਮਤ ਹੈ ਕਿ ਕੁਲ-ਮਾਲਕ ਦੀ ਦਰਗਾਹ ਵਿੱਚ ਜਿੱਥੇ ਸਾਡੇ ਕਰਮਾਂ ਦਾ ਲੇਖਾ ਪੁੱਛਿਆ ਜਾਂਦਾ ਹੈ, ਉੱਥੇ ਸਾਡੀ ਜਾਤ-ਪਾਤ ਤੇ ਦੇਹ ਨਾਲ ਨਹੀਂ ਜਾਂਦੀ। ਮੌਤ ਤੋਂ ਪਿੱਛੋਂ ਕਿਸੇ ਦੀ ਜਾਤ-ਪਾਤ ਧਰਤੀ ਵਿੱਚ ਦੱਬੀ ਜਾਂਦੀ ਹੈ, ਕਿਸੇ ਦੀ ਅਗਨੀ ਦੇ ਸਪੁਰਦ ਹੋ ਜਾਂਦੀ ਹੈ। ਇਸ ਲਈ ਸਾਨੂੰ ਉੱਚੀ ਜਾਤ, ਪਦਵੀ ਜਾਂ ਕੁਲ ਦਾ ਅਭਿਮਾਨ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਕਿਸੇ ਦੀ ਛੋਟੀ ਜਾਤ ਵੇਖ ਕੇ ਉਸ ਨਾਲ ਘਿਰਣਾ ਕਰਨੀ ਚਾਹੀਦੀ ਹੈ। ਜਦ ਉਸ ਪਰਮਾਤਮਾ ਦੀ ਕੋਈ ਜਾਤ ਨਹੀਂ ਤਾਂ ਸਾਡੀ ਆਤਮਾ, ਜਿਹੜੀ ਪਰਮਾਤਮਾ ਦੀ ਅੰਸ਼ ਹੈ, ਉਸ ਦੀ ਕੀ ਜਾਤ-ਪਾਤ ਹੋ ਸਕਦੀ ਹੈ ?

ਅਸਲ ਵਿੱਚ ਜੀਵ ਦੀ ਉਹੀ ਜਾਤ-ਪਾਤ ਹੈ, ਜਿਹੋ ਜਿਹੇ ਉਹ ਕਰਮ ਕਰਦਾ ਹੈ। ਜਾਤ ਉਨ੍ਹਾਂ ਲੋਕਾਂ ਦੀ ਹੀ ਛੋਟੀ ਹੈ, ਜਿਹੜੇ 'ਸੱਚੇ ਸ਼ਬਦ' ਜਾਂ 'ਸੱਚੇ ਨਾਮ' ਦੀ ਕਮਾਈ ਨਹੀਂ ਕਰਦੇ ਅਤੇ ਜੋ 'ਦੂਜੇ ਭਾਵ' ਅਤੇ ਵਿਸ਼ੇ-ਵਿਕਾਰਾਂ ਆਦਿ ਦਾ ਸ਼ਿਕਾਰ ਹਨ।

ਜੀਵਨ, ਮਰਨ ਅਤੇ ਜਮਾਂ ਦੇ ਭੈਅ ਤੋਂ ਛੁਟਕਾਰਾ ਤਾਂ ਕੇਵਲ ਸੱਚੀ ਕਰਨੀ ਦੁਆਰਾ ਹੀ ਹੋ ਸਕਦਾ ਹੈ। ਜਿਹੜੇ ਵਿਰਲੇ ਲੋਕ ਜਾਤ-ਪਾਤ ਤੋਂ ਉੱਪਰ ਉੱਠ ਕੇ ਸਤਿਗੁਰੂ ਦੀ ਦੱਸੀ ਜੁਗਤੀ ਅਨੁਸਾਰ 'ਸ਼ਬਦ' ਜਾਂ 'ਨਾਮ' ਦੀ ਕਮਾਈ ਕਰਦੇ ਹਨ ਉਹ ਉੱਤਮ ਪਦਵੀ ਪ੍ਰਾਪਤ ਕਰ ਲੈਂਦੇ ਹਨ।

ਕੋਈ ਵਿਅਕਤੀ ਕੇਵਲ ਇਸ ਲਈ ਪਰਮੇਸ਼ਰ ਪ੍ਰਾਪਤੀ ਦਾ ਅਧਿਕਾਰੀ ਨਹੀਂ ਬਣ ਜਾਂਦਾ ਕਿ ਉਸ ਦਾ ਉੱਚੀ ਜਾਤ ਵਿੱਚ ਜਨਮ ਹੋਇਆ ਹੈ। ਨਾ ਹੀ ਕੋਈ ਜੀਵ ਸਿਰਫ਼ ਇਸ ਲਈ ਪ੍ਰਭੂ-ਪ੍ਰਾਪਤੀ ਤੋਂ ਵੰਚਿਤ ਰਹਿ ਜਾਵੇਗਾ ਕਿ ਉਸਦਾ ਛੋਟੀ ਜਾਤੀ ਵਿੱਚ ਜਨਮ ਹੋ ਗਿਆ ਹੈ। ਕਬੀਰ ਸਾਹਿਬ, ਰਵਿਦਾਸ ਜੀ ਤੇ ਨਾਮ ਦੇਵ ਜੀ ਆਦਿ ਸੰਤਾਂ-ਭਗਤਾਂ ਨੇ ਛੋਟੀ ਜਾਤ ਦੇ ਘਰਾਣੇ ਵਿੱਚ ਪੈਦਾ ਹੋ ਕੇ ਵੀ 'ਸ਼ਬਦ' ਜਾਂ 'ਨਾਮ' ਦੀ ਕਮਾਈ ਕਰ ਕੇ ਉੱਚੀ ਤੋਂ ਉੱਚੀ ਪਦਵੀ ਪ੍ਰਾਪਤ ਕੀਤੀ। ਜੀਵ ਨੂੰ ਸੱਚੀ ਵਡਿਆਈ ਪਰਮੇਸ਼ਰ-ਭਗਤੀ, ਨਾਮ ਦੀ ਕਮਾਈ ਅਤੇ ਸ਼ੁਭ ਕਰਮਾਂ ਕਰ ਕੇ ਮਿਲਦੀ ਹੈ, ਜਾਤ-ਪਾਤ ਕਾਰਨ ਨਹੀਂ।

## ਜਾਤ-ਪਾਤ

1. ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥
ਸਾਚਿ ਰਤੇ ਸੇ ਉਬਰੇ[1] ਦੁਖੀਏ ਦੂਜੈ ਭਾਇ ॥ (ਮ: 3—1346)
2. ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਮ: 1—1330)
3. ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ[2] ॥
ਅਗੈ ਜਾਤਿ ਨ ਪੁਛੀਐ ਕਰਣੀ[3] ਸਬਦੁ ਹੈ ਸਾਰੁ ॥ (ਮ: 3—1093)
4. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਮ: 1—15)
5. ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥
ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ[4] ॥ (ਮ: 5—300)
6. ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥
ਜਾਤਿ ਵਰਨ ਤੇ ਭਏ ਅਤੀਤਾ[5] ਮਮਤਾ ਲੋਭੁ ਚੁਕਾਇਆ ॥ (ਮ: 1—1345)
7. [6]ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥
ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥ (ਮ: 5—498)
8. ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ ॥
[7]ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥ (ਮ: 3—67)
9. ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
ਪੂਛਹੁ ਬਿਦਰ[8] ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ ॥ (733)
10. ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ[9] ਇਕ ਗਾਇ ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ॥(ਮ: 4, 733)
11. ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥ (733)
12. ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥

---

1. ਤਰ ਗਏ 2. ਕਲਿਆਨ, ਪਾਰ-ਉਤਾਰਾ 3. ਸ਼ਬਦ ਜਾਂ ਨਾਮ ਦੀ ਕਮਾਈ ਹੀ ਹਰ ਤਰ੍ਹਾਂ ਦੀ ਕਰਣੀ ਦਾ ਸਾਰ ਜਾਂ ਤੱਤ ਹੈ ਭਾਵ ਇਹੋ ਅਸਲ ਕਰਣੀ ਹੈ 4. ਚਰਨਾਂ ਦੀ ਧੂੜ 5. ਨਿਰਲੇਪ 6. ਨੀਵਿਆਂ, ਪਾਪੀਆਂ ਨੂੰ ਅਪਣਾ ਕੇ ਪਵਿੱਤਰ ਕਰ ਲਿਆ; ਹੁਣ ਕੋਈ ਉਨ੍ਹਾਂ ਦੀ ਜਾਤ ਨਹੀਂ ਪੁੱਛਦਾ, ਸਭ ਉਨ੍ਹਾਂ ਨੂੰ ਨਮਸਕਾਰਦੇ ਹਨ, ਉਨ੍ਹਾਂ ਦੇ ਚਰਨਾ ਦੀ ਧੂੜ ਮੰਗਦੇ ਹਨ 7. ਬ੍ਰਹਮ-ਵੇਤਾ, ਬ੍ਰਹਮ ਦੇ ਗਿਆਤਾ 8. ਦਾਸੀ ਸੁੱਤ=ਦਾਸੀ ਦਾ ਪੁੱਤਰ; ਬਿਦਰ ਨੀਚ ਜਾਤੀ ਵਾਲਾ ਭਗਵਾਨ ਕ੍ਰਿਸ਼ਨ ਦਾ ਪ੍ਰੇਮੀ ਭਗਤ ਸੀ। ਉਸ ਦੇ ਪ੍ਰੇਮ ਕਾਰਨ ਭਗਵਾਨ ਕ੍ਰਿਸ਼ਨ ਰਾਜਾ ਦਰਯੋਧਨ ਦਾ ਘਰ ਛੱਡ ਕੇ ਉਸ ਦੇ ਘਰ ਪਧਾਰੇ 9. ਅੱਖ-ਫੋਰ ਲਈ, ਭਾਵ ਬਹੁਤ ਥੋੜ੍ਹੇ ਸਮੇਂ ਲਈ।

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ[10] ॥
ਸੁਆਨ[11] ਸਤ੍ਰੁ ਅਜਾਤੁ ਸਭ ਤੇ ਕ੍ਰਿਸਨ ਲਾਵੈ ਹੇਤੁ ॥
ਲੋਗੁ ਬਪੁਰਾ[12] ਕਿਆ ਸਰਾਹੈ[13] ਤੀਨਿ ਲੋਕ ਪ੍ਰਵੇਸ ॥ (ਰਵਿਦਾਸ, 1124)

13. ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥ (ਮ: 3—426)

14. ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥
ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥ (ਮ: 3—429)

15. ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ (ਮ: 1—469)

16. ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥
ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥ (ਮ: 3—994)

17. ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ ॥
[14]ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ ॥ (ਕਬੀਰ, 1373)

18. ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮਪਦਾਰਥੁ[15] ਪਾਇਆ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥ (ਮ: 4, 574)

19. ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ ॥
ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ ॥ (ਮ: 4—995)

20. ਹਮਰੀ ਜਾਤਿ ਪਾਤਿ ਗੁਰੁ ਸਤਿਗੁਰ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥ (731)

---

10. ਬਿਸੇਖ=ਵਿਸ਼ੇਸ਼, ਭਗਵਾਨ ਦੀ ਭਗਤੀ ਹੀ ਵਿਸੇਸ਼ ਵਸਤੂ ਹੈ 11. ਸੁਆਨ-ਸਤ੍ਰੁ=ਕੁੱਤਿਆਂ ਦਾ ਦੁਸ਼ਮਣ ਜਾਂ ਕੁੱਤੇ ਮਾਰਨ ਵਾਲਾ; ਅਜਾਤ=ਨੀਵੀਂ ਜਾਤ ਦਾ ਬਾਲਮੀਕ 12. ਵਿਚਾਰੇ, ਬੇਸਮਝ 13. ਸਲਾਹੁਣਾ 14. ਦੁਨੀਆਂ ਵਿੱਚ ਇਸ ਤਰ੍ਹਾਂ ਚੱਲਦਾ ਹੈ ਕਿ ਕੁਲ ਨੂੰ ਲਾਜ ਨਾ ਲੱਗੇ, ਪਰ ਜਦ ਸ਼ਮਸ਼ਾਨ ਭੂਮੀ ਵਿੱਚ ਲੈ ਜਾਣਗੇ ਤਾਂ ਕਿਸ ਦੇ ਕੁਲ ਨੂੰ ਲਾਜ ਆਵੇਗੀ ? 15. ਸਭ ਤੋਂ ਉੱਚੀ ਵਸਤੂ ਭਾਵ ਨਾਮ ।

## ਸ਼ਰਾਬ

ਪੂਰਨ ਸੰਤ ਮਹਾਤਮਾਂ ਕਿਸੇ ਮਜ਼੍ਹਬ, ਮੁਲਕ, ਵਕਤ ਅੰਦਰ ਕਿਉਂ ਨਾ ਆਏ ਹੋਣ ਉਹ ਜੀਵ ਨੂੰ ਸ਼ਰਾਬ ਅਤੇ ਨਸ਼ਿਆਂ ਦੇ ਹਾਨੀਕਾਰਕ ਨਤੀਜਿਆਂ ਤੋਂ ਖ਼ਬਰ-ਦਾਰ ਕਰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਦੀ ਸਖ਼ਤ ਮਨਾਹੀ ਕਰਦੇ ਹਨ। ਗੁਰੂ ਸਾਹਿਬਾਨ ਨੇ ਤਾਂ 'ਅੰਨ ਪਾਣੀ ਥੋੜ੍ਹਾ ਖਾਇਆ,' ਤਕ ਦਾ ਉਪਦੇਸ਼ ਦਿੱਤਾ ਹੈ, ਇਸ ਲਈ ਉਨ੍ਹਾਂ ਦੁਆਰਾ ਸ਼ਰਾਬ ਆਦਿ ਨਸ਼ਿਆਂ ਦੀ ਆਗਿਆ ਦਿੱਤੇ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸ਼ਰਾਬ ਨੂੰ ਅਨੇਕ ਵਿਕਾਰਾਂ ਅਤੇ ਪਾਪਾਂ ਦੀ ਜਨਮ-ਦਾਤਾ ਮੰਨਿਆ ਗਿਆ ਹੈ। ਜੀਵ ਦਾ ਆਦਰਸ਼ ਚੇਤੰਨ ਅਵਸਥਾ ਤੋਂ ਉੱਪਰ ਜਾਣ ਦਾ ਹੈ ਪਰੰਤੂ ਸ਼ਰਾਬ ਆਦਿ ਨਸ਼ੇ ਉਸ ਦੀ ਪਹਿਲੀ ਮੱਤ ਵੀ ਮਾਰ ਲੈਂਦੇ ਹਨ ਅਤੇ ਉਹ ਇੰਦਰੀਆਂ ਅਤੇ ਜੜਤਾ ਤੋਂ ਉੱਪਰ ਉਠਣ ਦੇ ਕਾਬਲ ਨਹੀਂ ਰਹਿੰਦਾ।

ਸ਼ਰਾਬ ਆਦਿ ਦੇ ਪ੍ਰਭਾਵ ਅਧੀਨ ਜੀਵ ਨੂੰ ਆਪਣੇ ਪਰਾਏ, ਭਲੇ-ਬੁਰੇ ਦੀ ਪਛਾਣ ਨਹੀਂ ਰਹਿੰਦੀ ਅਤੇ ਉਹ ਐਸੇ ਭੈੜੇ-ਖੋਟੇ ਪਾਪ ਕਰ ਬੈਠਦਾ ਹੈ, ਜਿਸ ਨਾਲ ਉਸ ਦੇ ਕਰਮਾਂ ਦੇ ਬੋਝ ਵਿੱਚ ਢੇਰ ਵਾਧਾ ਹੋ ਜਾਂਦਾ ਹੈ, ਜਿਸ ਦਾ ਫਲ ਉਸ ਨੂੰ ਜਨਮਾਂ-ਜਨਮਾਂਤਰਾਂ ਤਕ ਭੁਗਤਣਾ ਪੈਂਦਾ ਹੈ। ਸ਼ਰਾਬ ਆਦਿ ਨਸ਼ੇ ਜੀਵ ਦੇ ਸਰੀਰਕ, ਮਾਨਸਿਕ,ਆਤਮਿਕ ਵਿਨਾਸ਼ ਦਾ ਕਾਰਨ ਸਿੱਧ ਹੁੰਦੇ ਹਨ। ਕਬੀਰ ਸਾਹਿਬ ਕਹਿੰਦੇ ਹਨ ਕਿ ਸ਼ਰਾਬ ਆਦਿ ਦੀ ਵਰਤੋਂ ਕਰਨ ਵਾਲੇ ਵਿਅਕਤੀ ਚਾਹੇ ਕਰੋੜਾਂ ਸ਼ੁਭ ਕਰਮ ਜਾਂ ਪੁੰਨ ਕਰ ਲੈਣ, ਉਹ ਨਰਕਾਂ ਦੀ ਅਗਨੀ ਤੋਂ ਨਹੀਂ ਬਚ ਸਕਦੇ।

ਗੁਰੂ ਸਾਹਿਬ ਨੇ ਸ਼ਰਾਬ ਅਤੇ ਇਸ ਦੇ ਨਸ਼ੇ ਨੂੰ ਝੂਠਾ ਕਿਹਾ ਹੈ ਅਤੇ ਨਾਮ-ਰੂਪੀ ਸ਼ਰਾਬ ਪੀਣ ਦਾ ਉਪਦੇਸ਼ ਦਿੱਤਾ ਹੈ, ਜਿਸ ਦਾ ਨਸ਼ਾ ਸੱਚਾ ਅਤੇ ਸਦੀਵੀ ਹੈ। ਸ਼ਰਾਬ ਮਾਇਆ ਦੇ ਨਸ਼ੇ ਨੂੰ ਗੂੜ੍ਹਾ ਕਰਦੀ ਹੈ ਅਤੇ ਪਰਮੇਸ਼ਰ ਤੋਂ ਦੂਰ ਲਿਜਾਂਦੀ ਹੈ; ਇਹ ਲੋਕ ਪਰਲੋਕ ਦੋਹਾਂ ਦੀ ਨਾਸ਼ ਕਰਤਾ ਹੈ ਪਰੰਤੂ ਪਰਮੇਸ਼ਰ ਦਾ ਨਾਮ ਅਤੇ ਪ੍ਰੇਮ ਲੋਕ-ਪਰਲੋਕ ਦੋਹਾਂ ਨੂੰ ਸੁਖੀ ਅਤੇ ਸਫਲ ਬਣਾਉਣ ਵਾਲੇ ਹਨ।

**1. ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥**
**ਜਿਤੁ ਪੀਤੈ ਮਤਿ[1] ਦੂਰਿ ਹੋਇ ਬਰਲੁ[2] ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ[3] ਧਕੇ ਖਾਇ ॥**

---

1. ਅਕਲ ਮਾਰੀ ਜਾਵੇ 2. ਪਾਗਲਪਣ, ਭੱਲ ਜਾਂ ਸ਼ੁਦਾਅ ਹੋ ਜਾਵੇ 3. ਪਰਮੇਸ਼ਰ ਵੱਲੋਂ ਧੱਕੇ ਵੱਜਦੇ ਹਨ।

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ[4] ਮੂਲਿ ਨ ਪੀਚਈ ਜੇ ਕਾ [5]ਪਾਰਿ ਵਸਾਇ ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ (554)

2. [6]ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ (ਮ: 5—399)

3. [7]ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥
[8]ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥ (ਮ: 1—553)

4. [9]ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥ (ਕਬੀਰ, 1377)

---

4. ਝੂਠੀ ਸ਼ਰਾਬ ਬਿਲਕੁਲ ਨਹੀਂ ਪੀਣੀ ਚਾਹੀਦੀ 5. ਪੂਰੀ ਵਾਹ ਲਾ ਕੇ ਵੀ 6. ਸ਼ਰਾਬ ਨੂੰ ਬੁਰੀ ਮੱਤ ਵਾਲੀ, ਬੁਰੇ ਆਚਾਰ ਵਾਲੀ ਅਤੇ ਬੇਵਕੂਫ਼ ਕਹਿ ਰਹੇ ਹਨ 7. ਪਹਿਲੋਂ ਮਨਮੁੱਖਾਂ ਦੀ ਸ਼ਰਾਬ ਬਾਰੇ ਦੱਸਿਆ ਹੈ ਕਿ ਕਲਾ. ਵਰਤਾਵਾ ਹੈ ਕਾਮ ਦੀ ਸ਼ਰਾਬ ਹੈ, ਮਨ ਪੀਣ ਵਾਲਾ ਹੈ, ਕ੍ਰੋਧ ਦੇ ਪਿਆਲੇ ਵਿੱਚ ਪਾਈ ਹੋਈ ਹੈ, ਹੰਕਾਰ ਪਿਲਾਉਣ ਵਾਲਾ ਹੈ, ਝੂਠ ਦੀ ਮਹਿਫ਼ਲ ਹੈ ਅਤੇ ਪੀਣ ਵਾਲੇ ਪੀ ਕੇ ਖੁਆਰ ਹੁੰਦੇ ਹਨ 8. ਹੁਣ ਗੁਰਮੁੱਖਾਂ ਦੀ ਸ਼ਰਾਬ ਬਾਰੇ ਦੱਸਦੇ ਹਨ ਕਿ ਨੇਕ ਕਰਮਾਂ ਦਾ ਮੱਟ ਲਉ; ਸੱਚ ਦਾ ਗੁੜ ਪਾ ਕੇ ਸੱਚੇ ਨਾਮ ਦੀ ਸੱਚੀ ਸ਼ਰਾਬ ਬਣਾਓ. ਸੁਭ ਗੁਣਾਂ ਦੇ ਮੰਡੇ (ਰੋਟੀਆਂ) ਕਾਮ ਨੂੰ ਵੱਸ ਕਰਨ ਭਾਵ ਭਲਮਾਣਸੀ ਜਾਂ ਸ਼ਰਾਫ਼ਤ ਦਾ ਘਿਓ ਲਉ ਅਤੇ ਸ਼ਰਮ-ਹਯਾ (ਲੱਜਿਆ) ਦਾ ਮਾਸ ਲਵੋ । ਇਨ੍ਹਾਂ ਦੇ ਸੇਵਣ ਨਾਲ ਗੁਰਮੁੱਖਾਂ ਦੇ ਵਿਕਾਰ ਦੂਰ ਹੁੰਦੇ ਹਨ 9. ਭੰਗ, ਮਛਲੀ (ਮਾਸ) ਅਤੇ ਸ਼ਰਾਬ ਪੀਣ ਵਾਲੇ ਚਾਹੇ ਜਿੰਨੇ ਵੀ ਨੇਕ ਕਰਮ ਕਿਉਂ ਨਾ ਕਰ ਲੈਣ, ਉਹ ਸਭ ਰਸਾਤਲ, ਭਾਵ ਨਰਕ ਨੂੰ ਜਾਣਗੇ ।

## ਮਾਸ

ਸਾਡੇ ਭੋਜਨ ਦਾ ਸਾਡੇ ਉੱਤੇ ਬਹੁਤ ਅਸਰ ਪੈਂਦਾ ਹੈ। ਰਾਜਸਿਕ ਤੇ ਤਾਮਸਿਕ ਭੋਜਨ, ਜਿਸ ਵਿੱਚ ਮਾਸ, ਸ਼ਰਾਬ ਆਦਿ ਸ਼ਾਮਲ ਹਨ, ਸਾਡੇ ਮਨ ਨੂੰ ਬਹੁਤ ਚੰਚਲ ਬਣਾਉਂਦਾ ਹੈ ਅਤੇ ਸਾਨੂੰ ਵਿਸ਼ੇ-ਵਿਕਾਰਾਂ ਵਿੱਚ ਪਰਵਿਰਤ ਕਰਦਾ ਹੈ। ਅਭਿਆਸੀ ਦਾ ਸੰਘਰਸ਼ ਹੀ ਮਨ ਜਾਂ ਵਿਸ਼ੇ-ਵਿਕਾਰਾਂ ਨਾਲ ਹੈ। ਮਨ ਨੂੰ ਤਾਮਸਿਕ ਭੋਜਨ ਅਥਵਾ ਮਾਸ ਸ਼ਰਾਬ ਨਾਲ ਉਤੇਜਿਤ ਕਰਕੇ, ਇਸ ਕੋਲੋਂ ਸ਼ਾਂਤੀ ਤੇ ਟਿਕਾਉ ਦੀ ਆਸ ਕਰਨਾ ਅਸੰਭਵ ਨੂੰ ਸੰਭਵ ਬਣਾਉਣ ਦੀ ਕੋਸ਼ਿਸ਼ ਕਰਨਾ ਹੈ।

ਗੁਰਮਤਿ ਵਿੱਚ ਜੀਵ-ਹੱਤਿਆ ਨੂੰ ਬਹੁਤ ਬੁਰਾ ਸਮਝਿਆ ਗਿਆ ਹੈ। ਦਇਆ ਹਰ ਧਰਮ ਦਾ ਮੂਲ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਜਿਸ ਹਿਰਦੇ ਵਿੱਚ ਦਇਆ ਨਹੀਂ ਉੱਥੇ ਜੋਤਿ ਦਾ ਪ੍ਰਕਾਸ਼ ਨਹੀਂ ਹੋ ਸਕਦਾ : 'ਨਿਰ ਦਇਆ ਨਹੀ ਜੋਤਿ ਉਜਾਲਾ' (ਮ: 1 ਪੰ: 903) ਗੁਰਬਾਣੀ ਵਿੱਚ ਥਾਂ-ਥਾਂ ਕਿਹਾ ਗਿਆ ਹੈ ਕਿ ਹਰ ਜੀਵ ਵਿੱਚ ਇੱਕੋ ਹੀ ਜੋਤਿ ਪੱਸਰ ਰਹੀ ਹੈ। ਇਸ ਲਈ ਕਿਸੇ ਵੀ ਜੀਵ ਦੀ ਹੱਤਿਆ ਕਰਕੇ, ਆਪਣਾ ਭੋਜਨ ਤਿਆਰ ਕਰਨਾ ਬਹੁਤ ਵੱਡਾ ਗੁਨਾਹ ਹੈ। ਇਸ ਤੋਂ ਬਿਨਾਂ ਹਰ ਜੀਵ ਨੂੰ ਆਪਣੇ ਹਰ ਕਰਮ ਦਾ ਹਿਸਾਬ ਦੇਣਾ ਪੈਂਦਾ ਹੈ। ਜੀਵ-ਹੱਤਿਆ ਜਾਂ ਮਾਸ ਦਾ ਭੋਜਨ ਕਰਨ ਨਾਲ, ਜੀਵ ਦੇ ਕਰਮਾਂ ਦਾ ਬੋਝਾ ਇਤਨਾ ਭਾਰਾ ਹੋ ਜਾਂਦਾ ਹੈ ਕਿ ਇਸ ਨੂੰ ਮਾਲਿਕ ਦੀ ਦਰਗਾਹ ਵਿੱਚ ਲੇਖਾ ਦੇਣਾ ਔਖਾ ਹੋ ਜਾਂਦਾ ਹੈ। ਜੀਵ ਨੀਵਿਆਂ ਜਾਮਿਆਂ ਵਿੱਚ ਗਿਰ ਜਾਂਦਾ ਹੈ ਅਤੇ ਚੁਰਾਸੀ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਫ਼ਸ ਜਾਂਦਾ ਹੈ। ਇਸ ਲਈ ਗੁਰਬਾਣੀ ਮਾਸ ਖਾਣ ਦੇ ਸਖ਼ਤ ਵਿਰੁਧ ਹੈ ਤੇ ਜੀਵ ਨੂੰ ਕੇਵਲ ਸਾਦਾ ਤੇ ਸਾਤਵਿਕ ਭੋਜਨ ਖਾਣ ਦੀ ਹੀ ਆਗਿਆ ਦੇਂਦੀ ਹੈ।

1. ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
   [1]ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥
   ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
   ਦਫਤਰਿ ਲੇਖਾ ਨੀਕਸੈ[2] ਮਾਰ ਮੁਹੈ ਮੁਹਿ ਖਾਇ ॥ (ਕਬੀਰ, 1375)
2. ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ[3] ॥

---

1. ਜਦ ਦਰਗਾਹ ਵਿੱਚ ਹਿਸਾਬ ਹੋਵੇਗਾ ਤਾਂ ਕੀ ਹਾਲ ਹੋਵੇਗਾ ? 2. ਨਿਕਲਦਾ ਹੈ 3. ਲੂਣ

ਹੇਰਾ[4] ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ (ਕਬੀਰ, 1374)

3. [5]ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥
ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥ (ਕਬੀਰ, 483)

4. ਪਕਰਿ ਜੀਉ ਆਨਿਆ[6] ਦੇਹ ਬਿਨਾਸੀ ਮਾਟੀ ਕਉ ਬਿਸਮਿਲਿ[7] ਕੀਆ ॥
ਜੋਤਿ ਸਰੂਪਿ[8] ਅਨਾਹਤਿ ਲਾਗੀ ਕਹੁ ਹਲਾਲੁ ਕਿਆ ਕੀਆ ॥ ਕਬੀਰ, 1350

5. [9]ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
[10]ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥(ਕਬੀਰ,1103)

6. ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥ (ਕਬੀਰ, 1374)

7. ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥
ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥ (ਮ: 5—43)

8. ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾਨੰਦ[11] ਸਾਧ ਸੰਗਤਿ ਮਿਲਿ ਕਥਾ ਪੁਨੀਤ[12] ਨ ਚਾਲੀ ॥ (1253)

9. [13]ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ ॥
ਸੀਹੁ ਪੁਛੈ ਵਿਸਮਾਦੁ[14] ਹੁਇ ਇਤੁ ਅਉਸਰ ਕਿਤੁ ਰਹਸਿ ਰਹਸੀ ॥
ਬਿਨਉ ਕਰੇਦੀ ਬਕਰੀ ਪੁੱਤ੍ਰ ਅਸਾਡੇ ਕੀਚਨਿ ਖਸੀ ॥
ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ ॥
ਮਾਸ ਖਾਨਿ ਗਲ ਵਢਿਕੈ ਹਾਲੁ ਤਿਨਾੜਾ ਕਉਣੁ ਹੋਵਸੀ ॥
ਗਰਬੁ ਗਰੀਬੀ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ ॥
ਜਗਿ ਆਇਆ ਸਭ ਕੋਇ ਮਰਸੀ ॥ (ਭਾ: ਗੁਰਦਾਸ, 25—17)

---

4. ਮਾਸ ਦੀ ਰੋਟੀ ਖਾ ਕੇ ਆਪਣਾ ਗਲਾ ਕਟਾਉਣ ਦਾ ਸਮਾਨ ਕੌਣ ਤਿਆਰ ਕਰੇ ? ਭਾਵ ਇੱਥੇ ਤਾਂ ਜੀਭ ਦੇ ਚਸਕੇ ਲਈ ਮਾਸ ਖਾ ਲਿਆ, ਪਰ ਅੱਗੇ ਜਾ ਕੇ ਸਜਾ ਵੀ ਆਪ ਨੂੰ ਹੀ ਭੁਗਤਣੀ ਪਵੇਗੀ 5. ਇੱਕ ਪਾਸੇ ਰੋਜਾ ਰੱਖ ਕੇ ਅੱਲਾ ਨੂੰ ਖੁਸ਼ ਕਰਨ ਦੀ ਕੋਸਿਸ ਕਰਦਾ ਹੈ, ਦੂਜੇ ਪਾਸੇ ਸੁਆਦ ਖ਼ਾਤਰ ਜੀਵਾਂ ਨੂੰ ਮਾਰਦਾ ਹੈ ਅਤੇ ਕਿਸੇ ਦੂਸਰੇ ਨੂੰ ਆਪਣੇ ਵਰਗਾ ਨਹੀਂ ਸਮਝਦਾ। ਇਹ ਝੱਖ ਮਾਰਨ ਸਮਾਨ ਹੈ 6. ਲਿਆਂਦਾ 7. ਮਾਰਿਆ, ਕੋਹਿਆ 8. ਆਤਮਾ ਜੋਤਿ-ਸਰੂਪ ਪਰਮਾਤਮਾ ਦੀ ਅੰਸ ਹੋਣ ਕਾਰਨ ਉਸ ਨਾਲ ਮਿਲਦੀ ਹੈ, ਹਲਾਲ ਕਿਹੜੀ ਚੀਜ਼ ਹੁੰਦੀ ਹੈ ? 9. ਜੇ ਜੀਵਾਂ ਨੂੰ ਮਾਰਨਾ ਧਰਮ ਹੈ ਤਾਂ ਅਧਰਮ ਕੀ ਹੁੰਦਾ ਹੈ ? 10. ਜੇ ਜੀਵ ਹੱਤਿਆ ਕਰਨ ਵਾਲੇ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਰਿਸ਼ੀ, ਮੁਨੀ ਸਮਝਦੇ ਹੋ ਤਾਂ ਕਸਾਈ ਕਿਸ ਨੂੰ ਕਹੋਗੇ ? 11. ਬਾਰਸੀ, ਜਿਲਾ ਸੋਲ੍ਹਾਪੁਰ ਦਾ ਵਸਨੀਕ ਇੱਕ ਪ੍ਰਸਿੱਧ ਭਗਤ 12. ਪਵਿੱਤਰ 13. ਪਹੁੰਚ ਕੇ 14. ਹੈਰਾਨ; ਜਦ ਸ਼ੇਰ ਬੱਕਰੀ ਨੂੰ ਖਾਣ ਲੱਗਾ ਤਾਂ ਉਹ ਹੱਸ ਪਈ। ਸ਼ੇਰ ਨੇ ਹੈਰਾਨ ਹੋ ਕੇ ਪੁੱਛਿਆ ਕਿ ਤੂੰ ਐਸੇ ਮੌਕੇ ਉੱਤੇ ਕਿਸ ਭੇਦ ਕਾਰਨ ਹੱਸੀ ਹੈਂ ? ਬੱਕਰੀ ਨੇ ਜੁਆਬ ਦਿੱਤਾ ਕਿ ਸਾਡੀ, ਜੋ ਅੱਕ-ਧਤੂਰਾ (ਭਾਵ ਘਾਹ-ਫੂਸ, ਜੜ੍ਹਾਂ-ਬੂਟੀਆਂ) ਖਾ ਕੇ ਗੁਜ਼ਾਰਾ ਕਰਦੇ ਹਾਂ, ਇਹ ਹਾਲਤ ਹੁੰਦੀ ਹੈ ਕਿ ਸਾਨੂੰ ਕੋਹਿਆ ਜਾਂਦਾ ਹੈ ਤਾਂ ਜੋ ਲੋਕ ਜਾਨਵਰਾਂ ਦਾ ਗਲ ਵੱਢਦੇ ਅਤੇ ਮਾਸ ਖਾਂਦੇ ਹਨ ਉਨ੍ਹਾਂ ਦੀ ਕੀ ਹਾਲਤ ਹੋਵੇਗੀ ?

10. [15]ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ ॥
ਹਸਿ ਹਸਿ ਬੋਲੇ ਕੁਹੀਦੀ ਖਾਧੇ ਅਕ ਹਾਲ ਇਹ ਹੋਆ ॥
ਮਾਸ ਖਾਨ ਗਲ ਛੁਰੀ ਦੇ ਹਾਲ ਤਿਨਾੜਾ ਕਉਣੁ ਅਲੋਆ ॥
[16]ਜੀਭੈ ਹੰਦਾ ਫੇੜਿਐ ਖਉ ਦੰਦਾ ਮੁਹ ਭੰਨਿ ਵਿਗੋਆ ॥
[17]ਪਰਤਨ ਪਰਧਨ[18] ਨਿੰਦ ਕਰਿ ਹੋਆ ਦੁਜੀਭਾ ਬਿਸਿਅਰੁ[19] ਭੋਆ ॥
ਵਸਿ ਆਵੈ ਗੁਰੁਮੰਤ ਸੁਣਿ ਨਿਗੁਰਾ ਮਨਮੁਖ ਸੁਣੇ ਨ ਸੋਆ ॥
ਵੇਖਿ ਨ ਚਲੈ ਅਗੈ ਟੋਆ ॥ (ਭਾ: ਗੁਰਦਾਸ, 37—21)

## ਤੀਰਥ

ਗੁਰਮਤਿ ਤੀਰਥ ਇਸ਼ਨਾਨ ਨੂੰ ਸਿਰਫ ਬਾਹਰਮੁਖੀ ਕਰਮਕਾਂਡ ਸਮਝਦੀ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਜੇ ਕਰ ਜੀਵ ਦਾ ਮਨ ਖੋਟਾ ਅਥਵਾ ਮੈਲਾ ਹੈ, ਅੰਦਰ ਲਬ, ਲੋਭ ਤੇ ਝੂਠ ਦੀ ਦੁਰਗੰਧ ਭਰੀ ਪਈ ਹੈ, ਉਹ ਵਿਸ਼ੇ-ਵਿਕਾਰਾਂ ਤੇ ਰਸਾਂ-ਕਸਾਂ ਵੱਲ ਰੁਚਿਤ ਹੈ, ਤਾਂ ਬਾਹਰੋਂ ਤਨ ਧੋਣ ਦਾ ਤੇ ਤੀਰਥ-ਇਸ਼ਨਾਨ ਦਾ ਕੋਈ ਲਾਭ ਨਹੀਂ, ਕਿਉਂਕਿ ਮਨ ਦੀ ਮੈਲ ਤਨ ਧੋਤਿਆਂ ਦੂਰ ਨਹੀਂ ਹੋ ਸਕਦੀ। ਜੇ ਕਰ ਤੁੰਮਾਂ ਅਠਾਹਠ ਤੀਰਥ ਵੀ ਨਹਾ ਲਵੇ ਤਾਂ ਉਸ ਦੀ ਕੁੜੱਤਣ ਨਹੀਂ ਜਾਂਦੀ। ਡੱਡੂ ਹਰ ਸਮੇਂ ਜਲ ਵਿੱਚ ਇਸ਼ਨਾਨ ਕਰਦਾ ਰਹਿਣ ਦੇ ਬਾਵਜੂਦ, ਮੁਕਤੀ ਪ੍ਰਾਪਤ ਨਹੀਂ ਕਰ ਲੈਂਦਾ। ਬਿਨਾਂ ਮਨ ਨੂੰ ਸ਼ੁੱਧ ਕੀਤੇ ਤੀਰਥ-ਇਸ਼ਨਾਨ ਵਿਅਰਥ ਹੈ।

ਗੁਰਮਤਿ ਅਨੁਸਾਰ ਸਾਧ-ਸੰਗਤ ਅਤੇ ਸੱਚਾ ਨਾਮ ਹੀ ਸੱਚਾ ਤੀਰਥ ਹੈ ਜਿਸ ਵਿੱਚ ਨਹਾਤਿਆਂ ਜਨਮਾਂ-ਜਨਮਾਂ ਦੀਆਂ ਮੈਲਾਂ ਉੱਤਰ ਜਾਂਦੀਆਂ ਹਨ ਅਤੇ ਮਨ ਨਿਰਮਲ ਹੋ ਜਾਂਦਾ ਹੈ।

ਜੀਵ ਤੁੱਛ ਬੁੱਧੀ ਦਾ ਮਾਲਕ ਹੈ। ਇਹ ਚਾਹੇ ਦੇਸ-ਦੇਸਾਂਤਰ ਕਿਉਂ ਨਾ ਭਉਂਦਾ ਫਿਰੇ ਬਿਨਾ ਪੂਰਨ ਗਿਆਨਵਾਨ ਰਹਬਰ ਦੇ ਇਸ ਨੂੰ 'ਆਤਮਤੀਰਥ' ਦੀ ਸੋਝੀ ਨਹੀਂ ਪੈ ਸਕਦੀ। ਗੁਰੂ ਸਾਹਿਬ ਦਸਦੇ ਹਨ ਕਿ ਮੇਰੇ ਸਤਿਗੁਰੂ ਨੇ ਮੈਨੂੰ ਘਟ

---

15. ਮਾਰ ਕੇ: ਜਦ ਕਸਾਈ ਬੱਕਰੀ ਨੂੰ ਮਾਰਨ ਲੱਗਾ ਤਾਂ ਬੱਕਰੀ ਬੋਲੀ ਕਿ ਅਸਾਂ ਤਾਂ ਘਾਹ-ਬੂਟੀਆਂ ਖਾਧੀਆਂ ਤਾਂ ਸਾਡਾ ਇਹ ਹਾਲ ਹੋ ਰਿਹਾ ਹੈ ਤਾਂ ਜਿਹੜੇ ਛੁਰੀਆਂ ਚਲਾਉਂਦੇ ਅਤੇ ਮਾਸ ਖਾਂਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ ? 16. ਜੀਭ ਦੇ ਮੰਦੇ ਬਚਨਾਂ ਕਾਰਨ ਬੁਰਾ ਬੋਲਣ ਵਾਲੇ ਦੇ ਦੰਦ ਵੀ ਟੁੱਟਦੇ ਜਾਂਦੇ ਹਨ ਅਤੇ ਮੂੰਹ ਵੀ ਭੱਜਦਾ ਹੈ 17. ਪਰਾਇਆ ਤਨ 18. ਪਰਾਇਆ ਧਨ 19. ਨਿੰਦਕ ਜਾਂ ਮਨਮੁੱਖ ਦੀ ਜੀਭ ਸੱਪ ਵਰਗੀ ਹੁੰਦੀ ਹੈ ਪਰ ਨਿੰਦਕ ਅਤੇ ਮਨਮੁੱਖ ਸਾਹਮਣੇ ਪਏ ਟੋਏ ਨੂੰ ਵੀ ਨਹੀਂ ਦੇਖਦੇ।

ਅੰਦਰ ਹੀ ਅਠਾਹਠ ਤੀਰਥ ਵਿਖਾ ਦਿਤੇ ਹਨ ਅਤੇ ਮੈਂ ਰਾਤ-ਦਿਨ ਆਪਣੇ ਅੰਦਰ ਹੀ 'ਨਾਮ' ਜਾਂ 'ਸ਼ਬਦ' ਰੂਪੀ ਤੀਰਥ ਦੇ ਇਸ਼ਨਾਨ ਵਿੱਚ ਲੱਗਾ ਰਹਿੰਦਾ ਹਾਂ ਤਾਂ ਜੋ ਤਨ, ਮਨ ਅਤੇ ਆਤਮਾ ਦੀ ਸ਼ੁੱਧੀ ਪ੍ਰਾਪਤ ਕੀਤੀ ਜਾ ਸਕੇ ।

1. ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
[1]ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ [2]ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥ (ਮ: 1—789)
2. ਅਠਸਠਿ[3] ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥ (495)
3. [4]ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥ (ਮ: 5—747)
4. ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥ (ਮ: 3—644)
5. ਤੀਰਥਿ ਨਾਇ ਅਰੁ ਧਰਨੀ[5] ਭ੍ਰਮਤਾ ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨਾ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥ (216)
6. ਅੰਦਰਹੁ ਝੂਠੇ ਪੈਜ[6] ਬਾਹਰਿ ਦੁਨੀਆ ਅੰਦਰਿ ਫੈਲੁ ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ (ਮ: 1—473)
7. ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥ (ਕਬੀਰ, 484)
8. ਮਨਿ ਮੈਲੇ ਸਭ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ (ਮ: 3—558)
9. [7]ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥ (ਰਵਿਦਾਸ, 346)

---

1. ਭਾਉ ਜਾਂ ਭਾ=ਹਿੱਸਾ; ਤੀਰਥ ਉੱਤੇ ਨਹਾਉਣ ਨਾਲ ਇੱਕ ਹਿੱਸਾ ਮੈਲ ਉੱਤਰੀ ਤਾਂ ਦੋ ਹਿੱਸੇ ਹੋਰ ਚੜ੍ਹ ਗਈ ਭਾਵ ਮੈਲ ਦੂਣੀ ਹੋ ਗਈ 2. ਜ਼ਹਿਰ ਹੀ ਜ਼ਹਿਰ 3. ਅੱਠ+ਸੱਠ=ਅਠਾਹਠ; ਮਜਨੁ=ਇਸ਼ਨਾਨ, ਭ੍ਰਮ=ਫਿਰ ਆਏ 4. ਕਲਜੁਗ ਵਿੱਚ ਕਰੋੜਾਂ ਤੀਰਥਾਂ ਦੇ ਇਸ਼ਨਾਨ ਨਾਲ ਵੀ ਮੈਲ ਉੱਤਰਦੀ ਨਹੀ, ਚੜ੍ਹਦੀ ਹੈ 5. ਧਰਤੀ 6. ਵਡਿਆਈ ਇੱਜ਼ਤ 7. ਜੇ ਬਾਹਰੋਂ ਸਫ਼ਾਈ ਕਰਦਾ ਹੈ ਪਰ ਅੰਦਰੋਂ ਵਿਕਾਰਾਂ ਨਾਲ ਭਰਿਆ ਪਿਆ ਹੈ ਤਾਂ ਉਹ ਸ਼ੁੱਧ ਕਿਸ ਤਰ੍ਹਾਂ ਹੋ ਸਕਦਾ ਹੈ ? ਉਹਦੀ ਹਾਲਤ ਤਾਂ ਉਸ ਹਾਥੀ ਵਰਗੀ ਹੈ ਜੋ ਨਹਾ ਕੇ ਮਿੱਟੀ ਵਿੱਚ ਲੇਟ ਕੇ ਹੋਰ ਵੱਧ ਗੰਦਾ ਹੋ ਜਾਂਦਾ ਹੈ ।

10. ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥ (637)

11. ਵਸਤ੍ਰ ਪਖਾਲਿ[8] ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥
ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥ (ਮ: 1—139)

12. ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ (ਮ: 1—61)

13. ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥
ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ (ਮ: 3—87)

14. ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥ (598)

15. [9]ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉ ਗੋ ॥
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉ ਗੋ ॥ (ਨਾਮਦੇਵ,973)

## ਮੂਰਤੀ ਪੂਜਾ

ਸੰਸਾਰ ਵਿੱਚ ਹਰ ਪਾਸੇ ਬਾਹਰਮੁਖੀ ਪੂਜਾ ਦਾ ਜ਼ੋਰ ਹੈ। ਬਹੁਤ ਸਾਰੇ ਲੋਕ ਤਾਂ ਮੂਰਤੀ ਪੂਜਾ ਨੂੰ ਹੀ ਰੱਬ ਦੀ ਭਗਤੀ ਸਮਝਦੇ ਹਨ—ਹਾਲਾਂ ਕਿ ਚੇਤਨ ਜੀਵ ਦਾ ਜੜ ਮੂਰਤੀਆਂ ਦੀ ਪੂਜਾ ਕਰਨਾ ਸਭ ਤੋਂ ਨਿਕ੍ਰਿਸ਼ਟ ਭਗਤੀ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਿਹੜੇ ਪੱਥਰ ਖ਼ੁਦ ਡੁੱਬ ਜਾਂਦੇ ਹਨ, ਉਹ ਦੂਸਰਿਆਂ ਨੂੰ ਕਿਵੇਂ ਤਾਰ ਸਕਦੇ ਹਨ? ਇਸ ਲਈ ਜਿਹੜੇ ਮੂਰਖ ਲੋਕ ਅਗਿਆਨਤਾ-ਵੱਸ ਮੂਰਤੀਆਂ ਪੂਜਦੇ ਹਨ, ਉਨ੍ਹਾਂ ਦੀ ਸਾਰੀ ਘਾਲ ਵਿਅਰਥ ਚਲੀ ਜਾਂਦੀ ਹੈ।

ਅਸਲ ਅਤੇ ਕਲਿਆਣਕਾਰੀ ਪੂਜਾ ਨਾਮ ਜਾਂ ਸ਼ਬਦ ਦੀ ਕਮਾਈ ਹੈ। ਇਸ ਪੂਜਾ ਲਈ ਨਾ ਕਿਤੇ ਬਾਹਰ ਜਾਣ ਦੀ ਲੋੜ ਹੈ, ਨਾ ਕਿਸੇ ਬਾਹਰਲੇ ਇਸ਼ਟ ਦੀ ਜ਼ਰੂਰਤ ਹੈ। ਗੁਰਮਤਿ ਵਿੱਚ ਆਤਮਾ ਆਪਣੇ ਅੰਦਰੋਂ ਹੀ ਪਰਮੇਸ਼ਰ ਰੂਪੀ ਸੱਚੇ ਠਾਕਰ ਦੀ ਪੂਜਾ ਅਤੇ ਪ੍ਰਾਪਤੀ ਕਰ ਸਕਦੀ ਹੈ।

---

8. ਕਪੜੇ ਅਤੇ ਸਰੀਰ ਧੋਤਾ। 9. ਤੀਰਥਾਂ ਵਿੱਚ ਨ੍ਹਾ ਕੇ ਪਾਣੀ ਦੇ ਜੀਵਾਂ ਨੂੰ ਨਹੀਂ ਸਤਾਵਾਂਗਾ ਮੇਰੇ ਗੁਰੂ ਨੇ ਅਠ+ਸੱਠ=ਅਠਾਹਟ ਤੀਰਥ ਘੱਟ ਵਿੱਚ ਹੀ ਦਿਖਾ ਦਿੱਤੇ ਹਨ ਅਤੇ ਮੈਂ ਇਨ੍ਹਾਂ ਵਿੱਚ ਹੀ ਨ੍ਹਾਵਾਂਗਾ।

## ਮੂਰਤੀ ਪੂਜਾ

1. [1]ਪਾਖਾਨ ਗਢਿ[2] ਕੈ ਮੂਰਤਿ ਕੀਨ੍ਹੀ ਦੇਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ[3] ਖਾਉ ॥
ਭਾਤੁ[4] ਪਹਿਤਿ[5] ਅਰੁ ਲਾਪਸੀ[6] ਕਰਕਰਾ[7] ਕਾਸਾਰੁ[8] ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥ (ਕਬੀਰ, 479)

2. ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨ ਹਠਿ ਤੀਰਥ ਜਾਹਿ ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥
ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥ (ਕਬੀਰ, 1371)

3. ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ [9]ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥ (ਕਬੀਰ, 654)

4. [10]ਕਬੀਰ ਕਾਗਦ ਕੀ ਓਬਰੀ ਮਸ ਕੇ ਕਰਮ ਕਪਾਟ ॥
ਪਾਹਨ ਬੋਰੀ ਪ੍ਰਿਥਮ ਪੰਡਿਤ ਪੜੀ ਬਾਟ ॥ (ਕਬੀਰ, 1371)

5. ਕੈਸੇ ਤੋਹਿ ਤਾਰ ਹੈ ਸੁਨਿ ਜੜ ਆਪ ਡੁਬਯੋ ਭਵਸਾਗਰ ॥
ਛੁਟਿ ਹੋ ਕਾਲ ਫਾਸ ਤੇ ਤਬ ਹੀ ਗਹੋ ਸਰਣਿ ਜਗਤਾ ਗੁਰ ॥

6. [11]ਪੜ ਪੁਸਤਕ ਸੰਧਿਆ ਬਾਦੰ ॥ [12]ਸਿਲ ਪੂਜਸਿ ਬਗੁਲ ਸਮਾਧੰ ॥
[13]ਮੁਖਿ ਝੂਠ ਬਿਭੂਖਨ ਸਾਰੰ ॥ [14]ਤ੍ਰੈਪਾਲ ਤਿਹਾਲ ਬਿਚਾਰੰ ॥
[15]ਗਲਿ ਮਾਲਾ ਤਿਲਕ ਲਿਲਾਟੰ ॥ [16]ਦੁਇ ਧੋਤੀ ਬਸਤ੍ਰ ਕਪਾਟੰ ॥
[17]ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥ (ਮ: 1—1353)
[18]ਕਹੁ ਨਾਨਕ ਨਿਸਚੌ ਧ੍ਯਿਾਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥

7. ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ (ਮ: 1—556)

---

1. ਪੱਥਰ 2. ਘੜ ਕੇ 3. ਮੂਰਤੀਕਾਰ ਨੂੰ 4. ਭੱਤ, ਚਾਵਲ 5. ਦਾਲ 6. ਲੱਪੀ 7. ਕਰਾਰੀ 8. ਪੰਜੀਰੀ 9. ਸਿਰ ਨਿਵਾ-ਨਿਵਾ, ਸਜਦੇ ਕਰ-ਕਰ 10. ਓਬਰੀ=ਕੋਠੜੀ; ਮਸ=ਸਿਆਹੀ; ਲੋਕ ਕਾਗਜ਼ਾਂ ਦੇ ਬਣੇ ਸਿਆਹੀਆਂ ਦੇ ਲਿਖੇ ਸ਼ਾਸਤਰਾਂ ਅਤੇ ਕਰਮ-ਕਾਂਡ ਆਦਿ ਦੇ ਕੈਦੀ ਹਨ 11. ਸੰਧਿਆ ਕਰਦੇ ਅਤੇ ਝਗੜਦੇ ਹਨ 12. ਪੱਥਰ ਪੂਜਦੇ ਅਤੇ ਬਗਲਿਆਂ ਵਾਂਗ ਸਮਾਧੀ ਲਾਉਂਦੇ ਹਨ 13. ਮੂੰਹੋਂ ਝੂਠ ਬੋਲਦੇ ਹਨ ਅਤੇ ਲੋਹੇ ਦੇ ਗਹਿਣਿਆਂ ਨੂੰ ਸੋਨੇ ਦੇ ਸਾਬਤ ਕਰ ਦਿੰਦੇ ਹਨ 14. ਤ੍ਰੈ=ਤਿੰਨ; ਪਾਲ=ਪੰਕਤੀ, ਭਾਵ ਤਿੰਨਾਂ ਲਾਈਨਾਂ ਵਾਲੀ ਗਾਇਤ੍ਰੀ ਦਾ ਤਿੰਨ ਵਾਰ ਪਾਠ ਕਰਦੇ ਹਨ 15. ਗੱਲ ਵਿੱਚ ਮਾਲਾ ਪਾਉਂਦੇ ਹਨ, ਮੱਥੇ ਉੱਤੇ ਤਿਲਕ ਲਾਉਂਦੇ ਹਨ 16. ਧੋਤੀ ਕਪੜੇ ਸਿਰ ਉੱਤੇ ਰਖਦੇ ਹਨ 17. ਜੇ ਬ੍ਰਹਮ ਨੂੰ ਪ੍ਰਸੰਨ ਕਰਨ ਵਾਲੇ ਅਸਲੀ ਕਰਮ ਜਾਣਦੇ ਤਾਂ ਇਹ ਸਾਰੇ ਕਰਮ ਅਤੇ ਵਿਸ਼ਵਾਸ ਝੂਠੇ ਪ੍ਰਤੀਤ ਹੁੰਦੇ 18. ਜਿਨਾਂ ਮਰਜ਼ੀ ਧਿਆਉਂਦਾ ਰਹੋ, ਬਿਨਾ ਸਤਿਗੁਰੂ ਦੇ ਪਰਮੇਸ਼ਰ ਪ੍ਰਾਪਤੀ ਦਾ ਰਾਹ ਨਹੀਂ ਮਿਲਦਾ।

8. ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥
ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ ॥
ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥ (ਕਬੀਰ, 479)

## ਸੱਚਾ-ਤੀਰਥ

ਪੂਰਨ ਸੰਤ ਜੀਵ ਨੂੰ ਬਾਹਰਲੇ ਕਰਮ-ਕਾਂਡ ਵਿੱਚ ਨਹੀਂ ਬੰਨ੍ਹਦੇ। ਉਹ ਬਾਹਰਲੇ ਤੀਰਥਾਂ ਨੂੰ ਮੁਕਤੀ ਦੀ ਪ੍ਰਾਪਤੀ ਅਤੇ ਪਰਮੇਸ਼ਰ ਨਾਲ ਮਿਲਾਪ ਦਾ ਸਾਧਨ ਨਹੀਂ ਮੰਨਦੇ। ਗੁਰੂ ਸਾਹਿਬਾਨ ਨੇ ਫ਼ਰਮਾਇਆ ਹੈ ਕਿ ਸੱਚਾ-ਤੀਰਥ ਸਾਡੀ ਆਪਣੀ ਕਾਇਆ ਅੰਦਰ ਹੈ ਅਤੇ ਅੰਦਰੋਂ ਖੋਜਣ ਉੱਤੇ ਹੀ ਇਸ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਤੀਰਥ ਨੂੰ ਬਾਣੀ ਵਿੱਚ 'ਸੱਚਾ ਅੰਮ੍ਰਿਤਸਰ', 'ਸੰਤੋਖ ਸਰ', 'ਮਾਨਸਰੋਵਰ', 'ਪਰਾਗ', 'ਤ੍ਰਿਬੇਣੀ', 'ਸੰਗਮ', 'ਗਿਆਨ-ਤੀਰਥ', 'ਦਸਮ-ਦੁਆਰ', ਆਦਿ ਕਈ ਨਾਵਾਂ ਨਾਲ ਬਿਆਨ ਕੀਤਾ ਗਿਆ ਹੈ।

ਗੁਰੂ ਸਾਹਿਬਾਨ ਨੇ 'ਸ਼ਬਦ' ਜਾਂ 'ਨਾਮ' ਨੂੰ ਸੱਚਾ ਤੀਰਥ ਮੰਨਿਆ ਹੈ। ਬਾਹਰਲੇ ਤੀਰਥ ਕਿਤਨੇ ਹੀ ਪਵਿੱਤਰ ਕਿਉਂ ਨਾ ਹੋਣ, ਇਨ੍ਹਾਂ ਦਾ ਇਸ਼ਨਾਨ ਸਰੀਰ ਦੀਆਂ ਮੈਲਾਂ ਤਾਂ ਦੂਰ ਕਰ ਸਕਦਾ ਹੈ, ਪਰ ਮਨ ਦੀਆਂ ਮੈਲਾਂ ਕੇਵਲ ਸਰੀਰ ਦੇ ਅੰਦਰ ਵੜ ਕੇ ਨਾਮ ਰੂਪੀ ਇਸ਼ਨਾਨ ਕਰਨ ਨਾਲ ਹੀ ਉੱਤਰਦੀਆਂ ਹਨ। ਜਦ ਜੀਵ ਸ਼ਬਦ ਵਿੱਚ ਲੀਨ ਹੋ ਕੇ ਦਸਮ-ਦੁਆਰ ਦੇ 'ਆਤਮ-ਤੀਰਥ' ਵਿੱਚ ਇਸ਼ਨਾਨ ਕਰਦਾ ਹੈ, ਤਾਂ ਤਿੰਨਾਂ ਗੁਣਾਂ, ਪੰਜਾਂ ਤੱਤਾਂ, ਪੰਜ ਵਿਕਾਰਾਂ, ਸੰਚਿਤ ਕਰਮਾਂ, ਮਨ-ਮਾਇਆ ਦੀਆਂ ਹਰ ਪ੍ਰਕਾਰ ਦੀਆਂ ਮੈਲਾਂ ਉੱਤਰ ਜਾਂਦੀਆਂ ਹਨ। ਆਤਮਾ ਨਿਰਮਲ ਹੋ ਕੇ ਆਪਣੇ ਆਪ ਨੂੰ ਪਛਾਣ ਲੈਂਦੀ ਹੈ ਅਤੇ ਪਰਮਾਤਮਾ ਨੂੰ ਪਛਾਣਨ ਦੇ ਕਾਬਲ ਬਣ ਜਾਂਦੀ ਹੈ। ਇਹੋ ਉਹ ਤੀਰਥ ਹੈ ਜਿਸ ਵਿੱਚ ਨਹਾ ਕੇ ਕਾਂ, ਹੰਸ ਹੋ ਜਾਂਦਾ ਹੈ; ਭਾਵ ਜੀਵ ਮਨਮੁੱਖ ਤੋਂ ਗੁਰਮੁੱਖ ਬਣ ਜਾਂਦਾ ਹੈ।

ਗੁਰਬਾਣੀ ਵਿੱਚ ਪੂਰਨ ਸਤਿਗੁਰੂ ਦੀ ਸੰਗਤ ਨੂੰ ਵੀ ਸੱਚਾ ਤੀਰਥ ਕਿਹਾ ਗਿਆ ਹੈ, ਕਿਉਂਕਿ ਸਤਿਗੁਰੂ ਦੀ ਸੰਗਤ ਵਿੱਚ ਆ ਕੇ ਜੀਵ ਦੀਆਂ ਵਿਸ਼ੇ-ਵਿਕਾਰਾਂ, ਹਉਮੈ-ਮਮਤਾ, ਭਰਮ-ਸੰਸੇ, ਅਗਿਆਨਤਾ ਅਤੇ ਕਰਮਾਂ ਦੀਆਂ ਅਨੇਕ ਪ੍ਰਕਾਰ ਦੀਆਂ ਮੈਲਾਂ ਧੋਤੀਆਂ ਜਾਂਦੀਆਂ ਹਨ ਅਤੇ ਜੀਵ ਪਰਮੇਸ਼ਰ ਪ੍ਰਾਪਤੀ ਦੇ ਕਾਬਲ ਹੋ ਜਾਂਦਾ ਹੈ।

## ਸੱਚਾ ਤੀਰਥ

1. ਸਤਿਗੁਰੁ ਪੁਰਖੁ ਅੰਮ੍ਰਿਤਸਰੁ ਵਡਭਾਗੀ ਨਾਵਹਿ ਆਇ ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥ (ਮ: 4–40)

2. ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥
[1]ਅਠਸਠਿ ਤੀਰਥ ਮਜਨਾ ਗੁਰਦਰਸੁ ਪਰਾਪਤਿ ਹੋਇ ॥ (ਮ: 1—597)

3. ਮਨ ਕਰਹਲਾ[2] ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥ (234)

4. ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ[3] ॥
ਸਤਿਗੁਰਿ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ[4] ਕਰੈ ॥ (ਮ: 1–1329)

5. ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ[5] ਜਿਤੁ ਨਾਤੈ ਕਊਆ ਹੰਸੁ ਹੋਹੈ ॥
ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥
(ਮ: 4—493)

6. [6]ਗੁਰੁ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥ (150)

7. ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ[7] ਨਾਤੇ ।
ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮਨਾਮ ਰੰਗਿ ਰਾਤੇ ॥ (ਮ: 4—169)

8 ਗੁਰੁ ਸਾਗਰੁ ਅੰਮ੍ਰਿਤਸਰੁ ਜੋ ਇਛੇ ਸੋ ਫਲੁ ਪਾਏ ॥
ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥ (ਮ: 1—1012)

9. ਸਚਾ ਤੀਰਥੁ ਜਿਤੁ ਸਤਸਰਿ[8] ਨਾਵਣੁ ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥ (ਮ: 3,753)

10. ਅੰਤਰਿ ਤੀਰਥ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤਸਰਿ ਤੀਰਥਿ ਨਾਇ ॥ (ਮ: 3—587)

11 ਇਹੁ ਮਨੁ ਕਾਸੀ[9] ਸਭਿ ਤੀਰਥ ਸਿਮ੍ਰਿਤਿ[10] ਸਤਿਗੁਰ ਦੀਆ ਬੁਝਾਇ ॥

---

1. ਅਠਾਹਠ ਤੀਰਥ 2. ਭਟਕਣ ਵਾਲੇ ਮਨ ਨੂੰ ਪਿਆਰੇ ਮਨ, ਮੇਰੀ ਜਾਨ ! ਕਰ ਕੇ ਸੰਬੋਧਨ ਕੀਤਾ ਹੈ 3. ਦੁਰਮਤ ਦੀ ਮੈਲ ਲਹਿੰਦੀ ਹੈ 4 ਪ੍ਰੇਤ ਤੋਂ ਦੇਵਤਾ ਬਣਾ ਦਿੰਦਾ ਹੈ 5. ਸੱਚੇ ਧਰਮ-ਕਰਮ ਵਾਲਾ, ਸਤਿ ਦਾ ਪ੍ਰਚਾਰ ਕਰਨ ਵਾਲਾ 6. ਗੁਰੂ ਸਮੁੰਦਰ ਹੈ ਸਭ ਸਿੱਖ ਨਦੀਆਂ ਹਨ, ਜਿਨ੍ਹਾਂ ਵਿੱਚ ਨਹਾਉਣ ਨਾਲ ਵਡਿਆਈ ਮਿਲਦੀ ਹੈ । ਜੇ ਸਿਰਖੁੱਥੇ. ਭਾਵ ਮਨਮੁੱਖ ਇਨ੍ਹਾਂ ਵਿੱਚ ਇਸ਼ਨਾਨ ਨਾ ਕਰਨ ਤਾਂ ਉਨ੍ਹਾਂ ਦੇ ਸਿਰ ਵਿੱਚ ਸੱਤ ਬੁੱਕ (ਚੱਟੇ) ਸੁਆਹ ਦੇ ਪਾਓ 7. ਸੰਤੋਖ ਦਾ ਸਰੋਵਰ ਸੰਤੋਖ ਦਾਤਾ 8. ਸੱਚਾ ਸਰੋਵਰ 9. ਬਨਾਰਸ 10. ਸਿਮ੍ਰਿਤੀਆਂ; ਹਿੰਦੂ ਧਰਮ ਦੇ ਛੇ ਦਰਸ਼ਨ ਅਤੇ ਸਤਾਈ ਸਿਮ੍ਰਤੀਆਂ ਪ੍ਰਸਿੱਧ ਹਨ ।

ਅਠਸਠਿ ਤੀਰਥ ਤਿਸੁ ਸੰਗ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥
(ਮ: 3—491)

12. ਗੁਰੁ ਸਰਵਰੁ ਮਾਨਸਰੋਵਰੁ ਹੈ ਵਡਭਾਗੀ ਪੁਰਖ ਲਹੰਨਿ੍[11] ॥
ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥ (ਮ: 3—756)

13. ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ[12] ਸਤਿਗੁਰੁ ਭਾਈ ॥
[13]ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥ (ਮ: 1—505)

14. ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ[14] ਹੋਵਹਿ ਨਾਸੁ ॥
ਪੰਚਭੂਆਤਮਾ[15] ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥ (ਮ: 3—491)

15. ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਨੀ ਮਨੁ ਲਾਗ ॥
ਅਠਸਠਿ ਤੀਰਥ ਨਾਮੁ ਪ੍ਰਭ ਨਾਨਕ ਜਿਸੁ ਮਸਤਕਿ ਭਾਗ ॥ (ਮ: 1—990)

16. ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥
ਦੁਰਮਤਿ ਮੈਲੁ ਗਈ ਸਭ ਨੀਕਰਿ[16] ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥(984)

17. ਹਮ ਮੈਲੁ ਭਰੇ ਦੁਰਚਾਰੀਆ[17] ਹਰਿ ਰਾਖਹੁ ਅੰਗੀ ਅੰਙੁ[18] ॥
ਗੁਰਿ ਅੰਮ੍ਰਿਤਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ[19] ॥(ਮ: 4,732)

18. ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ ॥
ਅਠਸਠਿ ਤੀਰਥ ਮਜਨੁਕੀਨੋ ਸਾਧੂ ਧੂਰੀ ਨਾਤਾ ॥ (ਮ: 5—532)

19. ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥
ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ[20] ॥ (828)

20. ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ[21] ਲਾਗੈ ਭਾਉ ॥ (ਮ: 1—358)

21. ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ[22] ॥ (ਬੇਣੀ, 974)

---

11. ਲੱਭਦੇ ਹਨ; ਪ੍ਰਾਪਤ ਕਰਦੇ ਹਨ 12. ਇਸ਼ਨਾਨ 13. ਦੁਬਾਰਾ 14. ਮਹਾਂ ਪਾਪ 15. ਪੰਜ ਸੂਖਮ ਤੱਤਾਂ ਤੋਂ ਬਣੇ ਮਨ 16. ਨਿਕਲ ਗਈ 17. ਬੁਰੇ ਕਰਮ ਕਰਨ ਵਾਲਾ 18. ਪੱਖ—ਹੇ ਪੱਖ ਪੂਰਨ ਵਾਲੇ ਹਰੀ ਸਹਾਇਤਾ ਕਰੋ 19. ਸਭ ਚਿੱਕੜ ਭਾਵ ਪਾਪ ਲੱਥ ਗਏ 20. ਕਲੰਕ, ਪਾਪ 21. ਦਿਨ ਰਾਤ 22. ਜਿੱਥੇ ਗੰਗਾ, ਜਮਨਾ, ਸਰਸਵਤੀ ਮਿਲਦੀਆਂ ਹਨ ਉਸ ਨੂੰ ਪਰਾਗ, ਸੰਗਮ ਜਾਂ ਤ੍ਰਿਬੇਣੀ ਕਿਹਾ ਜਾਂਦਾ ਹੈ। ਬੇਣੀ ਸਾਹਿਬ ਕਹਿੰਦੇ ਹਨ ਸੱਚਾ ਪਰਾਗ ਜਾਂ ਸੰਗਮ ਜੀਵ ਦੇ ਆਪਣੇ ਅੰਦਰ ਹੈ, ਜਿਥੇ ਖੱਬੀ ਨਾੜੀ (ਇੰਗਲਾ), ਸੱਜੀ ਨਾੜੀ (ਪਿੰਗਲਾ) ਅਤੇ ਦਰਮਿਆਨੀ ਨਾੜੀ (ਸੁਖਮਨਾ) ਦਾ ਮਿਲਾਪ ਹੁੰਦਾ ਹੈ—ਇਹੋ ਸੱਚਾ ਤੀਰਥ ਹੈ ਜਿੱਥੇ ਇਸ਼ਨਾਨ ਕਰਨਾ ਚਾਹੀਦਾ ਹੈ।

22. ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥
ਕਾਇਆ ਅੰਦਰਿ ਅੰਮ੍ਰਿਤਸਰੁ ਸਾਚਾ ਮਨੁ ਪੀਵੈ[23] ਭਾਇ ਸੁਭਾਈ ਹੇ ॥(1046)
23. ਹਉ ਵਾਰੀ ਜੀਉ ਵਾਰੀ ਗੁਰਚਰਣੀ ਚਿਤੁ ਲਾਵਣਿਆ ॥
ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥ (ਮ:3,113)
24. ਹਰਿ ਸਰੁ ਸਾਗਰੁ ਨਿਰਮਲੁ ਸੋਈ ॥ ਸੰਤ ਚੁਗਹਿ ਨਿਤ ਗੁਰਮੁਖਿ ਹੋਈ[24] ॥
ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥(ਮ:3,128)
25. ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ ॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ ਸਬਦੇ ਮੈਲੁ ਗਵਾਈ ॥ (909)
26. ਹਉਮੈ ਲੋਭ ਲਹਰਿ ਲਬ[25] ਥਾਕੇ ਪਾਏ ਦੀਨ ਦਇਆਲਾ ॥
ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥(ਮ: 1—437)
27. ਹਉ ਸਤਿਗੁਰੁ ਸੇਵੀ ਆਪਣਾ ਇਕਮਨਿ ਇਕਚਿਤਿ ਭਾਇ ॥
ਸਤਿਗੁਰੁ ਮਨਕਾਮਨਾ[26] ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥ (ਮ: 3—26)
28. ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥
ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ[27] ॥ (ਮ: 5—47)
29. ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥
ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤਸਰਿ ਸਦ ਹੀ ਭਰਪੂਰਾ ॥ (375)
30. ਗੁਰਸਬਦੀ ਹਰਿ ਮਨਿ ਵਸੈ ਹਰਿ ਸਹਜੇ ਜਾਤਾ ॥
ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤਸਰਿ ਨਾਤਾ ॥ (ਮ: 3—510)

---

23. ਪ੍ਰੇਮ ਪੂਰਵਕ 24. ਸੰਤ ਜਾਂ ਗੁਰਮੁਖ ਰੂਪੀ ਹੰਸ ਪਰਮੇਸ਼ਰ ਰੂਪੀ ਸਾਗਰ ਵਿੱਚੋਂ (ਨਾਮ ਰੂਪੀ) ਮੋਤੀ ਚੁਗਦੇ ਹਨ 25. ਲਾਲਚ 26. ਇੱਕ ਤੀਰਥ ਦਾ ਨਾਮ 27. ਇਹੋ ਸੱਚਾ ਲਾਭ ਹੈ।

## ਬਾਣੀ

'ਬਾਣੀ' ਇੱਕ ਬੜਾ ਗੰਭੀਰ ਵਿਸ਼ਾ ਹੈ। ਆਮ ਲੋਕ ਬਾਣੀ ਕੇਵਲ ਉਨ੍ਹਾਂ ਬਚਨਾਂ ਨੂੰ ਹੀ ਆਖਦੇ ਹਨ ਜਿਹੜੇ ਪੜ੍ਹਨ, ਲਿਖਣ ਤੇ ਬੋਲਣ ਵਿੱਚ ਆਉਂਦੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਬਾਣੀ' ਪਦ ਬਹੁਤ ਡੂੰਘੇ ਅਰਥਾਂ ਵਿੱਚ ਵਰਤਿਆ ਗਿਆ ਹੈ।

'ਨਾਮ' ਜਾਂ 'ਬਾਣੀ' ਚਾਹੇ ਕਿਸੇ ਮੁਲਕ ਦੀ ਭਾਸ਼ਾ ਵਿੱਚ ਹੋਵੇ ਦੋ ਪ੍ਰਕਾਰ ਦੀ ਹੁੰਦੀ ਹੈ: ਵਰਣਾਤਮਿਕ ਤੇ ਧੁਨਿ-ਆਤਮਿਕ। ਵਰਣ-ਆਤਮਿਕ ਬਾਣੀ ਅੱਖਰਾਂ ਦੁਆਰਾ ਲਿਖਣ, ਬੋਲਣ ਤੇ ਪੜ੍ਹਨ ਵਿੱਚ ਆ ਸਕਦੀ ਹੈ। ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ 'ਪਤ੍ਰਿਣ ਦੀ ਬਾਣੀ' ਅਰਥਾਤ 'ਤੱਤਾਂ ਦੀ ਬਾਣੀ' ਕਰ ਕੇ ਵਰਣਨ ਕੀਤਾ ਗਿਆ ਹੈ। ਇਹ 'ਬਾਣੀ' ਹਵਾ ਦੇ ਰਾਹੀਂ ਹੀ ਆਵਾਜ਼ ਪੈਦਾ ਕਰਦੀ ਤੇ ਸੁਣਾਈ ਦੇਂਦੀ ਹੈ, ਇਸ ਲਈ 'ਪਤ੍ਰਿਣਾ ਦੀ ਬਾਣੀ' ਹੈ।

'ਧੁਨਿ-ਆਤਮਕ ਬਾਣੀ'—ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ 'ਸੱਚੀ ਬਾਣੀ, 'ਗੁਪਤੀ ਬਾਣੀ' ਵੀ ਕਿਹਾ ਗਿਆ ਹੈ—ਲਿਖਣ ਜਾਂ ਬੋਲਣ ਵਿੱਚ ਨਹੀਂ ਆ ਸਕਦੀ। ਇਹ ਤੱਤਾਂ ਦੀ ਹੱਦ ਤੋਂ ਉੱਪਰ ਹੈ। ਸਰੀਰ ਦੇ ਛੇ ਚੱਕਰਾਂ ਤੋਂ ਉੱਪਰ, ਤ੍ਰਿਕੁਟੀ ਦੀ ਹੱਦ ਦਸਮ ਦੁਆਰ ਤਕ ਸਭ ਤ੍ਰਿਗੁਣੀ ਬਾਣੀ ਹੈ। ਇਸ ਨੂੰ ਗੁਰੂ ਸਾਹਿਬਾਨ ਨੇ 'ਤ੍ਰਿਗੁਣ ਬਾਣੀ ਬ੍ਰਹਮ ਜੰਜਾਲਾ' ਭਾਵ ਬ੍ਰਹਮ ਦਾ ਜਾਲ ਕਿਹਾ ਹੈ। ਇਹ ਤ੍ਰਿਗੁਣ ਬਾਣੀ ਕਾਲ ਦੀ ਹੱਦ ਦੇ ਅੰਦਰ ਹੈ, ਇਸ ਕਰਕੇ ਨਾਸ਼ ਹੋ ਜਾਣ ਵਾਲੀ ਹੈ।

ਕੇਵਲ ਉਹ ਗੁਪਤੀ ਬਾਣੀ ਜਾਂ ਸੱਚੀ ਬਾਣੀ—ਜਿਸ ਨੂੰ 'ਸਾਰ ਸ਼ਬਦ', 'ਸੱਚਾ ਨਾਮ' ਵੀ ਕਿਹਾ ਜਾਂਦਾ ਹੈ—ਕਾਲ ਦੀ ਹੱਦ ਤੋਂ ਪਾਰ ਹੈ। ਕੇਵਲ ਉਸ ਵਿੱਚ ਹੀ ਅਮਰ ਜੀਵਨ ਦੇਣ ਅਤੇ ਮਾਲਕ ਨਾਲ ਮਿਲਾਉਣ ਦੀ ਸਮਰੱਥਾ ਹੈ।

ਇਸ ਦਾ ਇਹ ਭਾਵ ਨਹੀਂ ਕਿ ਗੁਰੂ ਸਾਹਿਬਾਨ ਤੇ ਹੋਰ ਸੰਤਾਂ-ਮਹਾਤਮਾਂ ਦੀ ਉਚਾਰਨ ਕੀਤੀ ਹੋਈ ਬਾਣੀ ਦੀ ਕੋਈ ਮਹਾਨਤਾ ਹੈ। ਉਨ੍ਹਾਂ ਦੇ ਅਨੁਭਵੀ ਬਚਨ ਪਰਮਾਰਥ ਦੇ ਪ੍ਰੇਮੀਆਂ ਲਈ ਪਥ-ਪ੍ਰਦਰਸ਼ਕ ਦਾ ਕੰਮ ਦੇਂਦੇ ਹਨ। ਉਹ ਬਚਨ ਮਨ-ਬੁੱਧੀ ਦੇ ਘਾਟ ਉੱਤੇ ਬੈਠ ਕੇ ਨਹੀਂ, ਸਗੋਂ ਅਧਿਆਤਮਿਕ ਅਨੁਭਵ ਦੀ ਅਨੂਪਮ ਅਵਸਥਾ ਵਿੱਚ ਪ੍ਰਭੂ-ਪ੍ਰੇਰਣਾ ਦੁਆਰਾ ਉਚਾਰਨ ਕੀਤੇ ਗਏ ਹਨ। ਇਹ ਬਾਣੀ, 'ਧੁਨਆਤਮਕ ਬਾਣੀ' ਜਾਂ 'ਸੱਚੇ ਨਾਮ' 'ਸੱਚੇ ਸ਼ਬਦ' ਜਾਂ 'ਸੱਚੀ ਬਾਣੀ' ਨੂੰ

ਮਿਲਾਉਣ ਦਾ ਮਹੱਤਵਪੂਰਣ ਸਾਧਨ ਹੈ। ਇਸ ਬਾਣੀ ਤੋਂ ਬਿਨਾਂ ਸਾਨੂੰ 'ਸੱਚੀ ਬਾਣੀ' ਦੀ ਖ਼ਬਰ ਨਹੀਂ ਮਿਲਦੀ।

ਸੱਚੀ ਬਾਣੀ ਅੰਦਰ ਪ੍ਰਕਾਸ਼ ਹੈ ਤੇ ਇਸ ਵਿੱਚ ਇੱਕ ਨਿਰੰਤਰ ਧੁਨਿ ਰਾਤ ਦਿਨ ਧੁਨਕਾਰਾਂ ਦੇਂਦੀ ਰਹਿੰਦੀ ਹੈ। ਕੋਈ ਵੀ ਘਟ ਇਸ 'ਸੱਚੀ ਬਾਣੀ' ਦੀ ਧੁਨਕਾਰ ਤੋਂ ਖ਼ਾਲੀ ਨਹੀਂ। ਜਦੋਂ ਕੋਈ ਭਾਗਾਂ ਵਾਲਾ ਜੀਵ ਆਪਣੇ ਖ਼ਿਆਲ ਨੂੰ ਨੌਂ ਦੁਆਰਿਆਂ ਵਿੱਚੋਂ ਸਮੇਟ ਕੇ ਤੀਜੇ ਤਿਲ ਉੱਤੇ, (ਆਪਣੀਆਂ ਅੱਖਾਂ ਦੇ ਪਿੱਛੇ ਦੋ ਭਰਵੱਟਿਆਂ ਵਿਚਕਾਰ) ਇਕੱਠਾ ਕਰ ਲੈਂਦਾ ਹੈ, ਤਾਂ ਉਸ ਨੂੰ ਅੰਦਰ ਜੋਤਿ ਦਾ ਪ੍ਰਕਾਸ਼ ਨਜ਼ਰ ਆਉਂਦਾ ਹੈ, ਅਤੇ ਇਸ ਵਿੱਚੋਂ ਨਿਕਲ ਰਹੀ 'ਗੁਪਤੀ ਬਾਣੀ' ਵੀ ਸੁਣਾਈ ਦਿੰਦੀ ਹੈ। ਇਹ ਹੀ ਬਾਣੀ ਪਰਮੇਸ਼ਰ ਦੀ ਸਿਰਜਣਾਤਮਕ ਸ਼ਕਤੀ ਹੈ ਅਤੇ ਇਸ ਰੂਪ ਵਿੱਚ ਸਮਸਤ ਕਾਇਨਾਤ ਦਾ ਆਧਾਰ ਹੈ। ਇਸ ਬਾਣੀ ਦੀ ਸ਼ਕਤੀ ਦੁਆਰਾ ਹੀ ਜ਼ਿੰਦਗੀ ਕਾਇਮ ਹੈ। ਇਹ ਥਾਨ-ਥਾਨੰਤਰ, ਸਭਨੀਂ ਥਾਈਂ ਵਿਆਪਕ ਹੈ। ਸਾਰੀ ਰਚਨਾ ਇਸ ਬਾਣੀ ਦਾ ਜ਼ਹੂਰ ਹੈ ਅਤੇ ਇਹ ਬਾਣੀ ਸਾਰੀ ਸ੍ਰਿਸ਼ਟੀ ਦੀ ਕਰਤਾ ਹੈ।

ਇਹ 'ਸੱਚੀ ਬਾਣੀ' ਅਨੰਤ ਕਾਲ ਥੀਂ 'ਜੁਗੋ-ਜੁਗ' ਵੱਜਦੀ ਆ ਰਹੀ ਹੈ ਤੇ ਵਜਦੀ ਰਹੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸੇ ਨੂੰ 'ਬਾਣੀ, ਗੁਰੂ, ਗੁਰੂ ਹੈ ਬਾਣੀ' ਆਖਿਆ ਗਿਆ ਹੈ ਕਿਉਂਕਿ ਇਹ ਸ਼ਬਦ ਰੂਪੀ ਅਕਾਲ ਬਾਣੀ ਜਿਹੜੀ ਅੰਦਰ ਪ੍ਰਤੱਖ ਹੁੰਦੀ ਹੈ, ਹੀ ਸਾਡਾ ਅਸਲ ਗੁਰੂ ਹੈ। ਸਤਿਗੁਰੂ ਇਸ ਬਾਣੀ ਵਿੱਚ ਅਭੇਦ ਹੁੰਦਾ ਹੈ, ਇਸੇ ਲਈ ਗੁਰੂ, 'ਬਾਣੀ-ਸਰੂਪ' ਜਾਂ 'ਸ਼ਬਦ-ਰੂਪ' ਹੁੰਦਾ ਹੈ। ਸੇਵਕ ਦੀ ਸੁਰਤਿ ਵੀ ਇਸੇ ਬਾਣੀ ਦੀ ਸ਼ਿਸ਼ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਇਸੇ ਬਾਣੀ ਨੂੰ 'ਅਨਹਦ ਬਾਣੀ', 'ਅਘੜ ਬਾਣੀ' 'ਗੁਪਤੀ ਬਾਣੀ', 'ਸਚੀ ਬਾਣੀ', 'ਗੁਰਮੁਖ ਬਾਣੀ', 'ਇੱਕੋ ਬਾਣੀ', 'ਸੁੱਖ ਬਾਣੀ', 'ਸਹਿਜ ਬਾਣੀ', 'ਨਿਰਮਲ ਬਾਣੀ', 'ਅੰਮ੍ਰਿਤ ਬਾਣੀ', 'ਉਤਮ ਬਾਣੀ', 'ਨਿਰੰਤਰ ਬਾਣੀ', 'ਧੁਰ ਕੀ ਬਾਣੀ', 'ਆਦਿ ਬਾਣੀ', 'ਬਾਣੀਆ ਸਿਰ ਬਾਣੀ' ਆਦਿ ਨਾਵਾਂ ਨਾਲ ਵੀ ਸਲਾਹਿਆ ਗਿਆ ਹੈ।

ਇਸ ਬਾਣੀ ਦੀ ਕਮਾਈ ਹੀ ਸੱਚੀ ਪ੍ਰਭੂ-ਭਗਤੀ ਹੈ। ਇਹ ਬਾਣੀ ਹਰ ਜੀਵ ਅੰਦਰ ਸੁਖਮਨ ਦੇ ਸਥਾਨ ਉੱਤੇ ਗੁਪਤ ਰੂਪ ਵਿੱਚ ਰਾਤ-ਦਿਨ ਧੁਨਕਾਰਾਂ ਦੇ ਰਹੀ ਹੈ। ਇਸ ਦਾ ਭੇਦ ਕੇਵਲ ਪੂਰਨ ਤੇ ਸੱਚੇ ਗੁਰੂ ਪਾਸੋਂ ਹੀ ਮਿਲਦਾ ਹੈ। ਗੁਰ-ਵਾਕ ਹੈ : 'ਅਨਹਦ ਬਾਣੀ ਪੂੰਜੀ, ਸੰਤਨ ਹਥ ਰਾਖੀ ਕੂੰਜੀ'।

ਇਸ ਬਾਣੀ ਦੁਆਰਾ ਹੀ ਹਉਮੈ ਦਾ ਨਾਸ਼ ਹੁੰਦਾ ਹੈ, ਪੰਜ ਵਿਕਾਰ ਵੱਸ ਵਿੱਚ

ਆਉਂਦੇ ਹਨ, ਮਾਇਆ ਦਾ ਮੋਹ ਟੁੱਟਦਾ ਹੈ ਅਤੇ ਜੀਵ ਚਉਰਾਸੀ ਦੇ ਚੱਕਰ ਤੋਂ ਛੁਟਕਾਰਾ ਪਾ ਕੇ ਮੁਕਤ ਹੋ ਜਾਂਦਾ ਹੈ। ਇਹ ਬਾਣੀ ਹੀ ਅਮਰ ਕਰਨ ਵਾਲਾ ਸੱਚਾ ਅੰਮ੍ਰਿਤ ਹੈ।

1. ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥
   *ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥ (ਮ: 1—35)
2. ਸਦਾ ਹਜੂਰਿ ਰਵਿਆ[1] ਸਭ ਠਾਈ ਹਿਰਦੈ ਨਾਮੁ ਅਪਾਰਾ[2] ॥
   ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥ (602)
3. [3]ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
   ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥ (ਮ: 1—945)
4. ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥
   ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ[4] ॥ (ਮ: 1—21)
5. [5]ਗੁਪਤੀ ਬਾਣੀ ਪਰਗਟੁ ਹੋਇ ॥ ਨਾਨਕ ਪਰਖਿ ਲਏ ਸਚੁ ਸੋਇ ॥ (ਮ:1,868)
6. [6]ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
   ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (ਮ: 4—982)

---

*'ਬਾਣੀ ਵਜੀ ਚਹੁ ਜੁਗੀ'—ਫ਼ਰਮਾਉਂਦੇ ਹਨ (i) ਸੱਚੀ ਬਾਣੀ ਪੰਜ-ਸੱਤ ਸੌ, ਹਜ਼ਾਰ ਸਾਲ ਪੁਰਾਣੀ ਨਹੀਂ। ਇਹ ਚਹੁਆਂ ਜੁਗਾਂ ਤੋਂ, ਅਰਥਾਤ ਆਦਿ ਕਾਲ ਤੋਂ ਚੱਲੀ ਆ ਰਹੀ ਹੈ। (ii) ਇਹ ਬਾਣੀ ਹਿੰਦੀ, ਪੰਜਾਬੀ ਸੰਸਕ੍ਰਿਤ ਜਾਂ ਕਿਸੇ ਖਾਸ ਭਾਸ਼ਾ ਵਿੱਚ ਨਹੀਂ ਹੈ। (iii)'ਵੱਜੀ', ਭਾਵ ਇਹ ਧੁਨਾਤਮਕ ਬਾਣੀ ਹੈ ਜੋ ਬਿਨਾਂ ਵਜਾਇਆਂ ਸਦਾ ਤੋਂ ਵੱਜ ਰਹੀ ਹੈ।

'ਬਾਣੀ' ਸੰਬੰਧੀ ਵਧੇਰੇ ਜਾਣਕਾਰੀ ਲਈ ਦੇਖੋ ਹਜ਼ੂਰ ਮਹਾਰਾਜ ਸਾਵਣ ਸਿੰਘ ਰਚਿਤ ਵੱਡਾ 'ਗੁਰਮਤ ਸਿੱਧਾਂਤ' ਪ੍ਰਸੰਗ : ਬਾਣੀ, ਗੁਰਬਾਣੀ, ਸ਼ਬਦ ਨਾਮੁ, ਹੁਕਮ।

1. ਰਮਿਆ ਹੋਇਆ 2. ਹਰ ਜੁਗ ਵਿੱਚ ਨਾਮ ਜਾਂ ਸ਼ਬਦ ਰੂਪੀ ਮਿੱਠੀ ਬਾਣੀ ਹੀ ਉਹ ਅਪਰ ਅਪਾਰ ਵਸਤੂ ਰਹੀ ਹੈ, ਜਿਸ ਨਾਲ ਉਸ ਸਰਵ-ਵਿਆਪਕ ਅਤੇ ਹਿਰਦੇ ਵਿੱਚ ਵੱਸ ਰਹੇ ਪਰਮੇਸ਼ਰ ਦੀ ਸੋਝੀ ਹੁੰਦੀ ਹੈ 3. ਜਿਸ ਅਨਹਦ ਬਾਣੀ ਦਾ ਗੁਰਮੁਖਾਂ ਨੂੰ ਗਿਆਨ ਹੈ, ਵਿਰਲੇ ਜੀਵ ਹੀ ਉਸ ਨੂੰ ਸਮਝਦੇ ਹਨ 4. ਓਸ ਦੇ 5. ਇਹ ਅਨਹਦ ਬਾਣੀ ਅੰਦਰ-ਬਾਹਰ ਗੁਪਤ ਹੈ। ਜਦ ਇਹ (ਪੂਰੇ ਸਤਿਗੁਰੂ ਦੀ ਦਇਆ ਨਾਲ) ਪਰਗਟ ਹੋ ਜਾਂਦੀ ਹੈ, ਤਾਂ ਸੱਚ, ਭਾਵ ਪਰਮੇਸ਼ਰ ਦੀ ਸੋਝੀ ਹੋ ਜਾਂਦੀ ਹੈ। ਇਸ ਗੁਪਤੀ ਬਾਣੀ ਨੂੰ ਹੀ 'ਸੱਚਾ ਨਾਮ', 'ਸੱਚਾ ਸ਼ਬਦ' ਕਿਹਾ ਗਿਆ ਹੈ। ਇਹ ਬਾਣੀ ਸੱਚ ਖੰਡ ਤੋਂ ਆ ਰਹੀ ਹੈ, ਇਸੇ ਲਈ ਇਸ ਨੂੰ 'ਧੁਰ ਦੀ ਬਾਣੀ' ਕਿਹਾ ਹੈ 6. ਇਸ ਅਨਹਦ ਬਾਣੀ ਨੂੰ ਹੀ ਸਭ ਅੰਮ੍ਰਿਤਾਂ ਦਾ ਸੋਮਾਂ ਕਿਹਾ ਹੈ। ਸੱਚੇ ਸਤਿਗੁਰੂ ਦਾ ਅਸਲ ਸਰੂਪ ਵੀ ਸ਼ਬਦ ਜਾਂ ਬਾਣੀ ਹੁੰਦਾ ਹੈ। ਇਸੇ ਲਈ ਸਤਿਗੁਰੂ ਨੂੰ ਦੇਹਿਧਾਰੀ ਸ਼ਬਦ ਨਰ-ਹਰਿ ਕਿਹਾ ਗਿਆ ਹੈ। ਜਿਹੜਾ ਸੇਵਕ ਇਸ ਬਾਣੀ ਦੀ ਕਮਾਈ ਕਰਦਾ ਹੈ, ਉਸ ਨੂੰ ਅੰਦਰ ਬਾਣੀ ਰੂਪੀ ਸਤਿਗੁਰੂ ਦੇ ਸਾਖਸ਼ਾਤ ਦਰਸ਼ਨ ਹੋ ਜਾਂਦੇ ਹਨ ਅਤੇ ਉਸਦਾ ਪਾਰ ਉਤਾਰ ਹੋ ਜਾਂਦਾ ਹੈ।

7. ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥
ਘਟ[7] ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥ (ਮ. 3—769)

8. [8]ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥
ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥ (ਮ: 3—33)

9. ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥
[9]ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ (634)

10. [10]ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥
ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥ (ਮ: 3—564)

11. [11]ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜਘਰਿ ਆਵੈਗੋ ॥
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ [12]ਨੀਝਰ ਧਾਰ ਚੁਆਵੈਗੋ ॥ (1308)

12. [13]ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥ (ਮ: 3—909)

13. [14]ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥
ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥ (ਮ: 5—781)

14. ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥ (638)

---

7 ਇਹ ਸੱਚੀ ਬਾਣੀ ਸਾਡੇ ਆਪਣੇ ਅੰਦਰ ਹੈ, ਹਰ ਪ੍ਰਾਣੀ ਦੇ ਆਪਣੇ ਅੰਦਰ ਹੈ। ਗੁਰਵਾਕ (1) 'ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ (ਮ: 1, 634) (2) "ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥ ਆਪਿ ਸੁਣੀ ਤੈ ਆਪਿ ਵਖਾਣੀ ॥ ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾ ਹੈ।" (ਮ: 5, ਪੰ. 1075) 8. ਸੱਚੀ ਬਾਣੀ ਨੂੰ ਹੀ ਸੱਚਾ ਸ਼ਬਦ ਅਤੇ ਸੱਚਾ ਨਾਮ ਕਿਹਾ ਹੈ; ਇਹੋ ਹਉਮੈ ਨੂੰ ਨਿਵਾਰਨ (ਦੂਰ ਕਰਨ) ਦਾ ਇੱਕੋ-ਇੱਕ ਸਾਧਨ ਹੈ 9. ਕੋਹਾਂ ਅੱਖਾਂ ਤੋਂ ਉੱਪਰ ਅਤੇ ਪਿੱਛੇ ਤੀਸਰੇ ਤਿਲ ਵਿੱਚ ਜੋਤਿ ਜਗ ਰਹੀ ਹੈ, ਜਿਸ ਵਿੱਚੋਂ ਇਹ ਅਨਹਦ ਬਾਣੀ ਨਿਕਲ ਰਹੀ ਹੈ। ਗੁਰੂ ਅਮਰ ਦਾਸ ਜੀ ਅਨੰਦ' ਵਿੱਚ ਰਹਿੰਦੇ ਹਨ ਕਿ ਪਰਮੇਸ਼ਰ ਨੇ ਨੌਂ ਦੁਆਰੇ ਪ੍ਰਗਟ ਕੀਤੇ ਹਨ, ਦਸਵਾਂ ਗੁਪਤ ਰੱਖਿਆ ਹੈ। ਜਿਸ ਕਿਸੇ ਨੂੰ ਗੁਰੂ ਦੀ ਕਿਰਪਾ ਨਾਲ ਇਸ ਦਸਵੇਂ ਦਰਵਾਜ਼ੇ ਦਾ ਪਤਾ ਲੱਗਦਾ ਹੈ ਉਸ ਨੂੰ ਇਸ ਸੱਚੇ ਸ਼ਬਦ ਜਾ ਸੱਚੀ ਬਾਣੀ ਦਾ ਗਿਆਨ ਹੁੰਦਾ ਹੈ (ਮ: 3, ਪੰ. 922) 10 ਸੱਚੀ ਬਾਣੀ ਸੱਚੀ ਧੁਨ ਜਾਂ ਸੱਚੇ ਸ਼ਬਦ ਦੀ ਕਮਾਈ ਨੂੰ ਸੱਚ, ਭਾਵ ਪਰਮੇਸ਼ਰ ਦੀ ਸੱਚੀ ਭਗਤੀ ਕਹਿ ਰਹੇ ਹਨ 11. ਇਸ ਬਾਣੀ ਨੂੰ ਅੰਦਰੋਂ ਸੁਣ ਕੇ ਮਨ ਪਤੀਜ ਗਿਆ, ਪ੍ਰਸੰਨ ਹੋ ਗਿਆ ਅਤੇ ਨਿਜ ਘਰ ਵਾਪਸ ਆ ਗਿਆ 12. ਇੱਕ-ਰਸ 13. ਜਿਸ ਬਾਣੀ ਦੀ ਭਗਤ-ਜਨ ਉਪਮਾ, ਅਰਾਧਨਾ ਕਰਦੇ ਹਨ, ਉਹ ਜੁਗਾਂ-ਜੁਗਾਂ ਤੋਂ ਚੱਲੀ ਆ ਰਹੀ ਹੈ, ਕਦੇ ਬਦਲਦੀ ਨਹੀਂ 14. ਜਿਸ ਅਨਹਦ ਬਾਣੀ ਦਾ ਗੁਰਮੁੱਖ ਜਸ ਗਾਉਂਦੇ ਹਨ, ਉਸ ਨੂੰ ਸੁਣ ਕੇ ਤਨ, ਮਨ ਹਰਿਆ ਹੋ ਜਾਂਦਾ ਹੈ।

15. ਇਕਾ ਬਾਣੀ[15] ਇਕੁ ਗੁਰੁ ਇਕੋ ਸਬਦੁ ਵੀਚਾਰਿ ॥
[16]ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥ (ਮ: 3—646)

16. ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿਨਾਮੁ ਹਰਿ ਰਸੁ ਭੋਗੋ[17] ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥ (ਮ: 3—921)

17. [18]ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥ (ਮ: 3—602)

18. [19]ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥ (ਮ: 4—442)

19. [20]ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥ (ਮ: 1—935)

20. [21]ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥ (442)

21. [22]ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥
ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥ (ਮ: 4—1423)

22. ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ[23] ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥(ਮ: 4—773)

23. ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮਨਾਮੁ ਮੁਖਿ ਬਾਣੀ ॥
ਆਵਣ ਜਾਣ ਰਹੇ ਸੁਖੁ ਪਾਇਆ [24]ਘਰਿ ਅਨਹਦ ਸੁਰਤਿ ਸਮਾਣੀ ॥ (772)

24. [25]ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ ॥

---

15. ਇਹ ਅਨਹਦ ਬਾਣੀ ਕਈ ਭਾਸ਼ਾਵਾਂ ਦੀ ਨਹੀਂ; ਇਹ ਇੱਕ ਹੈ। ਇਹ ਬਾਣੀ, ਸ਼ਬਦ ਅਤੇ ਸਤਿਗੁਰੂ ਇੱਕ ਰੂਪ ਹੁੰਦੇ ਹਨ। ਸੱਚੇ ਸਤਿਗੁਰੂ ਇਸ ਬਾਣੀ ਜਾਂ ਸ਼ਬਦ ਦਾ ਰੂਪ ਹੁੰਦੇ ਹਨ। ਸਤਿਗੁਰੂ ਇਸ ਬਾਣੀ ਦਾ ਦਾਤਾ ਹੁੰਦਾ ਹੈ ਇਸ ਲਈ ਇਸ ਬਾਣੀ ਨੂੰ 'ਗੁਰਬਾਣੀ' ਵੀ ਕਿਹਾ ਹੈ 16. ਇਹ ਬਾਣੀ ਸੱਚਾ ਸੌਦਾ, ਸੱਚੀ ਹੱਟੀ ਹੈ ਅਤੇ ਇਸ ਦੀ ਕਮਾਈ ਕਰਨਾ ਹੀ ਸੱਚੇ ਰਤਨਾਂ ਦੇ ਭੰਡਾਰ ਭਰਨਾ ਹੈ 17. ਇਹ ਅਨਹਦ ਬਾਣੀ ਗੁਰੂ ਦੇ ਸ਼ਬਦ ਦੁਆਰਾ ਪ੍ਰਾਪਤ ਹੁੰਦੀ ਹੈ, ਇਸ ਦੇ ਮਿਲਣ ਨਾਲ ਹੀ ਉਹ ਕਰਣ-ਕਾਰਨ ਸਮਰੱਥ ਪਰਮੇਸ਼ਰ ਮਿਲਦਾ ਹੈ 18 ਹਿਰਦੇ-ਕੰਵਲ ਖਿੜ ਗਿਆ 19. ਅਨਹਦ ਬਾਣੀ ਨੂੰ ਧਿਆਉਣ ਨਾਲ ਜੋਤੀ ਜੋਤਿ ਵਿੱਚ ਸਮਾ ਗਈ, ਆਤਮਾ ਪਰਮਾਤਮਾ ਵਿੱਚ ਮਿਲ ਗਈ 20. ਇਹ ਉਸ ਪਰਮੇਸ਼ਰ ਰੂਪੀ ਮਹਾਂ-ਪੁਰਖ ਦੀ ਬਾਣੀ ਹੈ, ਜਿਸ ਨੂੰ ਕੋਈ ਵਿਰਲਾ ਵਿਚਾਰਦਾ ਹੈ, ਪਰ ਜੋ ਇਸ ਨੂੰ ਪ੍ਰਾਪਤ ਕਰਦਾ ਹੈ, ਉਸ ਨੂੰ ਨਿੱਜ ਘਰ (ਸੱਚ ਖੰਡ) ਦੀ ਪ੍ਰਾਪਤੀ ਹੋ ਜਾਂਦੀ ਹੈ 21. ਜਿਹੜੇ ਅੰਦਰੋਂ ਇਸ ਅਨਹਦ ਬਾਣੀ ਨਾਲ ਜੁੜੇ ਉਨ੍ਹਾਂ ਨੂੰ ਨਾਮ-ਰੂਪੀ ਅਤੁੱਲ, ਅਮੁੱਲ ਰਤਨ ਪ੍ਰਾਪਤ ਹੋਇਆ 22. ਗੁਰਮੁਖਾਂ ਦੇ ਮਨ ਵਿੱਚ ਵੱਸਣ ਵਾਲੀ ਇਹ ਬਾਣੀ ਹੀ ਸੱਚਾ ਅੰਮ੍ਰਿਤ ਅਤੇ ਸਾਰ ਵਸਤੂ ਹੈ 23. ਇੱਥੇ ਇਸ਼ਾਰਾ ਪੰਜ ਸ਼ਬਦਾਂ ਵੱਲ ਹੈ; ਪੰਜ ਸ਼ਬਦ ਲਈ ਦੇਖੋ ਇੱਸੇ ਪੁਸਤਕ ਵਿੱਚ ਸ਼ਬਦ ਦਾ ਪ੍ਰਸੰਗ ਪੰਨਾ 17—20 ਅਤੇ ਮਹਾਰਾਜ ਸਾਵਣ ਸਿੰਘ ਜੀ ਦੇ ਵੱਡੇ 'ਗੁਰਮਤ ਸਿਧਾਂਤ' ਵਿੱਚ 'ਸ਼ਬਦ' ਦਾ ਪ੍ਰਸੰਗ 24. ਆਪਣੇ ਅੰਦਰੋਂ ਸੁਰਤ ਨੂੰ ਇਸ ਅਨਹਦ ਬਾਣੀ ਵਿੱਚ ਲੀਨ ਕੀਤਾ 25. ਇੱਥੇ ਇਸ ਬਾਣੀ ਨੂੰ 'ਸੱਚਾ ਸੋਹਿਲਾ' ਕਹਿ ਰਹੇ ਹਨ।

ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ ਸਬਦੇ ਹੀ ਸੁਖੁ ਹੋਈ ॥(ਮ: 4—771)

25. [26]ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ ਅਨਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥
ਸਚੁ ਸੰਤੋਖੁ ਸਹਜਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥ (ਮ: 3—115)

26. ਪੂਰੇ ਗੁਰ ਕੀ ਸਾਚੀ ਬਾਣੀ ॥ [27]ਸੁਖਮਨ ਅੰਤਰਿ ਸਹਿਜ ਸਮਾਣੀ ॥ (663)

27. [28]ਸਚ ਮੰਤ੍ਰ ਤੁਮਾਰਾ ਅੰਮ੍ਰਿਤ ਬਾਣੀ ॥
ਸੀਤਲ ਪੁਰਖ ਸੁ ਦਰਿਸਟ ਸੁਜਾਨੀ ॥ (ਮ: 3—518)

## ਸਹਿਜ

ਗੁਰਮਤਿ ਅਨੁਸਾਰ ਸਹਿਜ ਉਸ ਅਡੋਲ, ਆਨੰਦਮਈ ਅਵੱਸਥਾ ਦਾ ਨਾਮ ਹੈ ਜੋ ਆਤਮਾ ਨੂੰ ਮਨ-ਮਾਇਆ ਅਤੇ ਕਾਲ ਦੇ ਤ੍ਰਿਗੁਣੀ ਮੰਡਲਾਂ ਤੋਂ ਪਰੇ ਚੌਥੇ ਪਦ ਜਾਂ ਸਤਿਲੋਕ ਵਿੱਚ ਪਹੁੰਚ ਕੇ ਪ੍ਰਾਪਤ ਹੁੰਦੀ ਹੈ। ਸਹਿਜ ਦੀ ਪ੍ਰਾਪਤੀ ਨੂੰ ਸਾਰੀ ਲੋਕਾਈ ਲੋਚਦੀ ਹੈ, ਪਰ ਸਤਿਗੁਰ ਦੀ ਦਇਆ ਮਿਹਰ ਤੋਂ ਬਿਨਾਂ ਇਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਦੋਂ ਜੀਵ ਗੁਰਮਤਿ ਅਨੁਸਾਰ ਸੁਰਤਿ-ਸ਼ਬਦ-ਯੋਗ ਦਾ ਅਭਿਆਸ ਕਰਦਾ ਹੈ ਤਾਂ ਉਸ ਦੇ ਅੰਦਰ ਸਹਿਜ-ਧੁਨਿ ਉਪਜਦੀ ਹੈ ਤੇ ਸੁਰਤਿ ਸ਼ਬਦ ਦਾ ਰਸ ਮਾਣਨਾ ਸ਼ੁਰੂ ਕਰ ਦਿੰਦੀ ਹੈ। ਸ਼ਬਦ ਦੀ ਕਮਾਈ ਨਾਲ ਆਤਮਾ ਤ੍ਰਿਗੁਣੀ ਮਾਇਆ ਦੇ ਦਾਇਰੇ ਤੋਂ ਪਾਰ, ਤ੍ਰਿਕੁਟੀ ਤੋਂ ਉਪਰ ਚੌਥੇ ਪਦ ਵਿੱਚ ਪੁੱਜਦੀ ਹੈ ਤੇ ਸਹਿਜ ਅਵਸਥਾ ਪ੍ਰਾਪਤ ਕਰ ਲੈਂਦੀ ਹੈ।

ਇਸ ਅਵਸਥਾ ਵਿੱਚ ਸੱਚ ਦੇ ਸਾਖਸ਼ਾਤ ਗਿਆਨ ਅਤੇ ਪ੍ਰਕਾਸ਼ ਕਾਰਨ ਸਭ ਸੰਸੇ, ਭਰਮ ਦੂਰ ਹੋ ਜਾਂਦੇ ਹਨ, ਦਵੈਤ ਮਿਟ ਜਾਂਦੀ ਹੈ ਅਤੇ ਜੀਵ ਸਮਦਰਸ਼ੀ ਹੋ ਜਾਂਦਾ ਹੈ। ਉਹ ਅਮਰ ਖੇੜੇ ਦੀ ਐਸੀ ਅਟੱਲ, ਅਡੋਲ, ਨਿਹਚਲ ਅਵੱਸਥਾ ਪ੍ਰਾਪਤ

---

26. ਇਹ ਬਾਣੀ ਐਸਾ ਪ੍ਰੇਮ ਭਰਿਆ ਭੋਜਨ ਹੈ ਜਿਸ ਦੇ ਮਿਲਣ ਨਾਲ ਸੰਸਾਰ ਦੇ ਹਰ ਤਰ੍ਹਾਂ ਦੇ ਰਸਾਂ ਦਾ ਪਿਆਰ ਖ਼ਤਮ ਹੋ ਜਾਂਦਾ ਹੈ। ਇਹ ਬਾਣੀ ਸੱਚੇ ਸੰਤੋਖ, ਸੱਚੇ ਸਹਿਜ, ਸੱਚੇ ਸੁੱਖ ਦੀ ਦਾਤਾ ਹੈ ਅਤੇ ਇਹ ਪ੍ਰਾਪਤ ਪੂਰੇ ਸਤਿਗੁਰੂ ਦੇ ਪ੍ਰਸੰਨ ਹੋਣ ਨਾਲ ਹੁੰਦੀ ਹੈ 27. ਪੂਰੇ ਸਤਿਗੁਰੂ ਦੀ ਇਹ ਸੱਚੀ ਬਾਣੀ ਸਹਿਜ ਰੂਪ ਵਿੱਚ ਸੁਖਮਨਾ ਵਿੱਚ ਹੋ ਰਹੀ ਹੈ। ਸੱਚੇ ਸ਼ਬਦ ਦੇ ਅਭਿਆਸ ਨਾਲ ਇੜਾ (ਖੱਬੇ ਪਾਸੇ) ਅਤੇ ਪਿੰਗਲਾ (ਸੱਜੇ ਪਾਸੇ) ਦੀ ਨਾੜੀ ਵਿੱਚ ਨਹੀਂ, ਦਰਮਿਆਨ ਵਿੱਚ ਸੁਖਮਨਾ ਵਿੱਚ ਪਹੁੰਚ ਕੇ ਇਹ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ 28. ਇਸ ਬਾਣੀ ਨੂੰ ਇੱਥੇ ਸੱਚਾ ਮੰਤਰ ਕਹਿ ਰਹੇ ਹਨ ਪੂਰੇ ਸਤਿਗੁਰੂ ਦਾ ਗੁਰ-ਮੰਤਰ ਅੰਦਰੋਂ ਇਸ ਬਾਣੀ ਨਾਲ ਜੋੜਨਾ ਅਤੇ ਅੰਦਰੋਂ ਇਸ ਬਾਣੀ ਨੂੰ ਸੁਣਨ ਦੀ ਜੁਗਤੀ ਦੱਸਣਾ ਹੈ, ਗੁਰਵਾਕ : 'ਗੁਰਮੰਤ੍ਰ ਸਬਦ ਸਚੁ ਦੀਤਾ ਰਾਮ' (ਮ: 5, ਪੰ. 531)

ਕਰ ਲੈਂਦਾ ਹੈ ਕਿ ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਵਿੱਚ ਕਦੇ ਨਹੀਂ ਡੋਲਦਾ। ਉਹ ਪਰਮੇਸ਼ਰ ਵਾਲੇ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ, ਸਗੋਂ ਪਰਮੇਸ਼ਰ ਦਾ ਹੀ ਰੂਪ ਹੋ ਜਾਂਦਾ ਹੈ। ਇਸ ਅਵਸਥਾ ਦੀ ਪ੍ਰਾਪਤੀ ਗੁਰਮਤਿ ਦੇ ਸਹਿਜ-ਯੋਗ ਨਾਲ ਹੁੰਦੀ ਹੈ—ਕਿਸੇ ਤਰ੍ਹਾਂ ਦੀ ਦੂਸਰੀ ਕਰਨੀ ਨਾਲ ਨਹੀਂ।

1. ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥
ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥
ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥
ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥
ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥
ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ [1]ਕਥਨੀ ਬਾਦਿ ॥
[2]ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥
ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ[3] ਜੀਵਣੁ ਬਾਦਿ ॥
ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥
ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥
ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿਰਸੁ ਖਾਇ ॥
ਸਹਜੇ ਕਾਲੁ ਵਿਡਾਰਿਆ[4] ਸਚ ਸਰਣਾਈ ਪਾਇ ॥
ਸਹਜੇ ਹਰਿਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥
ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥
ਮਾਇਆ ਵਿਚਿ ਸਹਜੁ ਨ ਊਪਜੈ [5]ਮਾਇਆ ਦੂਜੈ ਭਾਇ ॥
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥
[6]ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈਗੁਣ ਭਰਮਿ ਭੁਲਾਇ ॥
ਪੜੀਐ ਗੁਣੀਐ[7] ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥
[8]ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥

---

1. ਸਹਿਜ ਬਿਨਾਂ ਕਥਨੀ ਝਗੜੇ ਵਾਲੀ ਹੋ ਜਾਂਦੀ ਹੈ 2. ਸਹਿਜ ਨਾਲ ਹੀ ਭਗਤੀ, ਵੈਰਾਗ ਪੈਦਾ ਹੁੰਦਾ ਹੈ 3. ਸਹਿਜ ਤੋਂ ਬਿਨਾਂ ਜੀਵਨ ਲੜਾਈ-ਝਗੜਾ ਹੈ, ਵਿਅਰਥ ਹੈ 4. ਕਾਲ ਨੂੰ ਮਾਰ ਦਿੱਤਾ 5. ਮਾਇਆ ਦਵੈਤ-ਭਾਵ ਪੈਦਾ ਕਰਦੀ ਹੈ 6. ਤਿੰਨ ਗੁਣ ਭਰਮ ਪੈਦਾ ਕਰਦੇ ਹਨ 7 ਪੜ੍ਹਨ ਆਦਿ ਦਾ ਕੀ ਲਾਭ ਹੈ ਜੇ ਸ਼ੁਰੂ ਵਿੱਚ ਰਸਤਾ ਹੀ ਗ਼ਲਤ ਫੜ ਲਈਏ 8. ਸਹਿਜ ਚੌਥੇ ਪਦ (ਸੱਚ ਖੰਡ) ਵਿੱਚ ਪਹੁੰਚ ਕੇ ਪ੍ਰਾਪਤ ਹੁੰਦਾ ਹੈ ਅਤੇ ਕਿਸੇ ਵਿਰਲੇ ਗੁਰਮੁੱਖ ਨੂੰ ਇਹ ਅਵੱਸਥਾ ਪ੍ਰਾਪਤ ਹੁੰਦੀ ਹੈ।

[9]ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥
[10]ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥
ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥
ਬਿਨ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ[11] ॥
ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥
ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥
ਸਹਜੇ ਅਦਿਸਟੁ[12] ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥
ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥
ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥
[13]ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥
ਅਨਦਿਨੁ ਲਾਹਾ ਹਰਿਨਾਮੁ ਲੈਨਿ ਅਖੁਟ ਭਰੇ ਭੰਡਾਰ ॥ (ਮ: 3—68)

2. ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ ॥
ਸਬਦਿ ਰਤੇ ਸੇ [14]ਰੰਗਿ ਚਲੂਲੇ ਰਾਤੇ ਸਹਜਿ ਸੁਭਾਈ ॥ (ਮ: 3—1234)

3. ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥
ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥ (ਮ: 3—1234)

4. ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥
ਗੁਰ ਕੈ ਸਬਦਿ ਰਤਾ ਬੈਰਾਗੀ ਨਿਜਘਰਿ ਤਾੜੀ ਲਾਈ ॥ (ਮ: 1—1232)

5. ਗੁਰ ਵਿਣੁ ਸਹਜ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥
[15]ਖਿਨੁ ਪਲੁ ਹਰਿਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥ (ਮ: 3—87)

6. ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥
ਸਬਦੈ ਸਾਦੁ ਨ ਪਾਇਓ [16]ਮਨ ਹਠਿ ਕਿਆ ਗੁਣ ਗਾਇ ॥ (ਮ: 3—549)

7. [17]ਤ੍ਰਿਬਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥
[18]ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥(ਮ: 1—18)

---

9. ਨਾਮ ਤਿੰਨਾਂ ਗੁਣਾਂ ਤੋਂ ਉੱਪਰਲਾ ਖਜ਼ਾਨਾ ਹੈ 10. ਗੁਣਵਾਨ ਜੀਵਤਮਾਂ ਨਾਮ ਦੀ ਕਮਾਈ ਕਰਦੀਆਂ ਹਨ ਅਤੇ ਸੱਚੀ ਸ਼ੋਭਾ ਪ੍ਰਾਪਤ ਕਰਦੀਆਂ ਹਨ 11. ਅੰਧਕਾਰ 12. ਅਦ੍ਰਿਸ਼ਟ, ਭਾਵ ਜਿਹੜਾ ਪਰਮੇਸ਼ਰ ਹੁਣ ਨਜ਼ਰ ਨਹੀਂ ਆਉਂਦਾ, ਉਸ ਦੀ ਸੋਝੀ ਹੋ ਜਾਂਦੀ ਹੈ 13. ਗਿਆਨੀਆਂ ਦਾ ਧਨ ਸੱਚਾ ਨਾਮ ਹੈ ਅਤੇ ਉਹ ਰੋਜ਼ ਇਸ ਦੇ ਭੰਡਾਰ ਭਰਨ ਵਿੱਚ ਲੱਗੇ ਰਹਿੰਦੇ ਹਨ 14. ਗੂੜ੍ਹੇ ਲਾਲ ਰੰਗ ਵਾਲੇ 15. ਨਾਮ ਦੇ ਪਲ ਭਰ ਲਈ ਹਿਰਦੇ ਵਿੱਚ ਪ੍ਰਗਟ ਹੋਣ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ ਵਿੱਚ ਆ ਗਿਆ 16. ਹੱਠ ਦੀ ਭਗਤੀ ਦਾ ਕੋਈ ਲਾਭ ਨਹੀਂ 17. ਰਜੋ ਤਮੋ ਅਤੇ ਸਤੋ ਗੁਣ ਵਾਲੀ ਅਵੱਸਥਾ ਦੇ ਕਰਮ ਆਸਾ-ਮਨਸਾ, ਭਰਮ-ਡਰ ਦੂਰ ਨਹੀਂ ਕਰ ਸਕਦੇ 18. ਇਨ੍ਹਾਂ ਕਰਮਾਂ ਦੀ ਗੰਢ ਸਤਿਗੁਰੂ ਤੋਂ ਬਿਨਾਂ ਨਹੀਂ ਖੁਲ੍ਹ ਸਕਦੀ ।

8. ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ[19] ਨ ਪਾਈ ॥ (ਮ: 1—635)
9. ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥
ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥ (1265)
10. [20]ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥
ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥
ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥
ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮਨਾਮਿ ਲਿਵ ਲਾਗੀ ॥(ਮ: 1—1126)
11. [21]ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥
ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥(1199)
12. [22]ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥
ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ[23] ਆਪਿ ਆਪਾਇਓ ॥ (1215)
13. ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ [24]ਅਤੀਤੁ ਬੈਰਾਗੀ ॥
[25]ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮਨਾਮਿ ਲਿਵ ਲਾਗੀ ॥ (ਮ: 4—690)
14. ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥ (ਮ:3,773)
15. ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥
ਸਹਜੇ ਸਹਜਿ ਮਿਲਿਆ ਜਗ ਜੀਵਨੁ ਨਾਨਕ[26] ਸੁੰਨਿ ਸਮਾਏ ॥ (ਮ:4,774)
16. ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥ (ਰਵਿਦਾਸ,658)
17. [27]ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥

---

19. ਮਾਰਗ, ਰਸਤਾ 20. ਕੰਨ ਬੋਲੇ ਹਨ. ਅਕਲ ਹੋਛੀ (ਗੰਦੀ, ਮਾੜੀ) ਹੈ, ਜੋ ਸ਼ਬਦ ਦੀ ਕਮਾਈ ਕਰ ਕੇ ਸਹਿਜ ਅਵੱਸਥਾ ਪ੍ਰਾਪਤ ਨਹੀਂ ਕੀਤੀ 21. ਪਰਮੇਸ਼ਰ ਨਾਲ ਲਿਵ ਲਾ ਕੇ ਬੁੱਧੀ ਪ੍ਰਕਾਸ਼ ਨਾਲ ਭਰ ਗਈ; ਅੰਦਰ ਜੋਤਿ ਪ੍ਰਗਟ ਹੋ ਗਈ, ਉਸ ਜੋਤਿ ਨੂੰ ਦੇਖ ਕੇ ਮਨ ਨਿਹਚਲ ਹੋ ਗਿਆ ਅਤੇ ਸਹਿਜ-ਸਮਾਧੀ ਦੀ ਅਵੱਸਥਾ ਪ੍ਰਾਪਤ ਹੋ ਗਈ 22. ਹਰ ਤਰ੍ਹਾਂ ਦੇ ਰਾਗ-ਰੰਗ ਖੇਲ੍ਹ-ਤਮਾਸ਼ੇ ਦੇ ਉੱਚਤਮ ਅਨੰਦ ਤੋਂ ਵੱਡੇ ਆਨੰਦ ਸਹਿਜ ਅਵਸਥਾ ਵੱਚ ਸਮਾਏ ਹੋਏ ਹਨ 23. ਉਹ ਪਰਮੇਸ਼ਰ ਆਪ ਹੀ ਇਹ ਅਵੱਸਥਾ ਬਖ਼ਸ਼ਦਾ ਹੈ 24. ਮਾਇਆ ਤੋਂ ਉਦਾਸ, ਉਪਰਾਮ 25. ਲੋਕ, ਪਰਲੋਕ ਦੋਹਾਂ ਵਿੱਚ 26. ਅਫਰ, ਅਡੋਲ ਸਮਾਧੀ ਦੀ ਅਵਸਥਾ 27. ਕਰਮ-ਕਾਂਡ ਆਦਿ ਨਾਲ ਸਹਿਜ ਨਹੀਂ ਉਪਜਦਾ, ਬਿਨਾ ਸਹਿਜ ਉਤਪੰਨ ਹੋਣ ਦੇ ਕਿਸੇ ਵੀ ਸਾਧਨ ਨਾਲ ਸੰਸੇ, ਭਰਮ ਦੂਰ ਨਹੀਂ ਹੁੰਦੇ ।

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥ (919)

18. ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥
ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥ (ਮ: 5—782)

## ਭਉ-ਭਾਉ

'ਭਉ' ਦੇ ਅਰਥ ਹਨ ਡਰ ਅਤੇ 'ਭਾਉ' ਦੇ ਅਰਥ ਹਨ, ਪਿਆਰ ਜਾਂ ਸ਼ਰਧਾ ਆਦਿ। ਗੁਰੂ ਸਾਹਿਬਾਨ ਨੇ 'ਭੈ' ਅਤੇ 'ਭਾਉ', ਡਰ ਅਤੇ ਪ੍ਰੇਮ ਨੂੰ ਗੁਰਮਤਿ ਦਾ ਆਧਾਰ ਬਣਾਇਆ ਹੈ। ਜੋ ਕਰਮ ਜਾਂ ਗੁਣ ਮਾਲਕ ਨੂੰ ਭਾਉਂਦੇ ਹਨ, ਉਨ੍ਹਾਂ ਨੂੰ ਖਿੜੇ ਮੱਥੇ ਤੇ ਪ੍ਰੇਮ-ਪੂਰਵਕ ਅਪਣਾਉਣਾ 'ਭਾਉ' ਹੈ ਅਤੇ ਜੋ ਕੁਝ ਪ੍ਰੀਤਮ ਨੂੰ ਪਸੰਦ ਨਹੀਂ ਉਸ ਤੋਂ ਬਚ ਕੇ ਰਹਿਣ ਜਾਂ ਡਰਨ ਦਾ ਨਾਂ ਹੀ 'ਭਉ' ਹੈ। ਗੁਰਬਾਣੀ ਵਿੱਚ ਆਤਮਾ-ਪਰਮਾਤਮਾ ਦੇ ਰਿਸ਼ਤੇ ਨੂੰ ਇਸਤਰੀ-ਪੁਰਸ਼ ਦੇ ਰਿਸ਼ਤੇ ਨਾਲ ਪ੍ਰਗਟ ਕੀਤਾ ਗਿਆ ਹੈ। ਇਸ ਰਿਸ਼ਤੇ ਦਾ ਆਧਾਰ ਵੀ ਭਉ ਅਤੇ ਭਾਉ ਹੈ—ਇਸਤਰੀ ਪਤੀ ਨਾਲ ਪ੍ਰੇਮ ਵੀ ਕਰਦੀ ਹੈ, ਉਸ ਨੂੰ ਸੱਚਾ ਸੁਖ ਵੀ ਪਤੀ ਦੇ ਪ੍ਰੇਮ ਵਿੱਚੋਂ ਮਿਲ ਸਕਦਾ ਹੈ ਅਤੇ ਉਹ ਪਤੀ ਦੇ ਹੁਕਮ ਵਿੱਚ ਵੀ ਰਹਿੰਦੀ ਹੈ। ਇਸੇ ਤਰ੍ਹਾਂ ਜੀਵਾਤਮਾ, ਜਦ ਵੀ ਪਤੀ-ਪਰਮੇਸ਼ਰ ਨੂੰ ਪ੍ਰਸੰਨ ਕਰ ਸਕਦੀ ਹੈ, ਭਉ ਅਤੇ ਭਾਉ ਨਾਲ। ਜਿੱਥੇ ਪ੍ਰੇਮ ਹੁੰਦਾ ਹੈ, ਉਥੇ ਅਦਬ ਅਤੇ ਸਤਿਕਾਰ ਵੀ ਹੁੰਦਾ ਹੈ। ਇਹ ਡਰ ਜਾਂ ਭਉ ਦੂਹਰਾ ਕਾਰਜ ਕਰਦਾ ਹੈ : ਇਕ ਤਾਂ ਐਸੇ ਔਗੁਣਾਂ ਤੋਂ ਦੂਰ ਰੱਖਦਾ ਹੈ, ਜੋ ਪ੍ਰਭੂ-ਪ੍ਰੀਤਮ ਨੂੰ ਪਸੰਦ ਨਹੀਂ, ਦੂਜੇ ਅਕਾਲਪੁਰਖ ਦੇ ਹੁਕਮ ਨੂੰ ਮੰਨਣ ਦੀ ਸ਼ਕਤੀ ਦਿੰਦਾ ਹੈ। ਇਹ ਨੁਕਸਾਨ, ਦੁੱਖ ਆਦਿ ਦੇ ਡਰ ਵਰਗਾ ਡਰ ਨਹੀਂ ਹੈ। ਇਹ ਪ੍ਰੀਤਮ ਨੂੰ ਨਾਰਾਜ਼ ਨਾ ਕਰਨ ਦਾ ਉਸਾਰੂ ਡਰ ਹੈ।

ਪ੍ਰੇਮ ਸੱਚੀ ਨਿਮਰਤਾ, ਸੱਚੇ ਤਿਆਗ, ਸੱਚੀ ਸੇਵਾ ਦੀ ਜਾਚ ਸਿਖਾਉਂਦਾ ਹੈ। ਸੇਵਾ ਪ੍ਰੇਮ ਵਿਚ ਹੀ ਹੋ ਸਕਦੀ ਹੈ ਅਤੇ ਆਪਾ ਵੀ ਪ੍ਰੇਮ ਵਿੱਚ ਹੀ ਵਾਰਿਆ ਜਾ ਸਕਦਾ ਹੈ। ਇਸ ਲਈ ਸੱਚੀ ਭਗਤੀ ਵਿੱਚ ਸਦਾ 'ਭਾਉ' ਅਤੇ 'ਭਉ' ਦਾ ਸੁੰਦਰ ਮਿਸ਼ਰਨ ਹੁੰਦਾ .ਹੈ। 'ਭਉ-ਭਾਉ' ਦੇ ਸਾਹਮਣੇ ਸਭ ਕਰਮ, ਧਰਮ, ਅਤੇ ਪਾਠ-ਪੂਜਾ ਤੁੱਛ ਅਤੇ ਨਿਹਫਲ ਹਨ। 'ਭਉ-ਭਾਉ' ਦਾ ਸ਼ਿੰਗਾਰ ਕਰਨ ਵਾਲੀ ਜੀਵਾਤਮਾ ਹੀ ਆਪਣੇ ਪ੍ਰੀਤਮ ਦੀ ਪਿਆਰੀ ਹੋ ਸਕਦੀ ਹੈ ਅਤੇ ਸੱਚੀ ਸੁਹਾਗਣ ਬਣ ਸਕਦੀ ਹੈ। ਸਤਿਗੁਰੂ ਦਾ 'ਭਉ-ਭਾਉ' ਪ੍ਰਭੂ ਦੇ 'ਭਉ-ਭਾਉ' ਵਿੱਚ ਆਉਣ ਦੀ ਜੁਗਤੀ ਸਿਖਾਉਣ ਵਾਲਾ ਸਫਲ ਸਾਧਨ ਹੈ। ਬਿਨਾਂ 'ਭਉ-ਭਾਉ' ਦੇ ਸਾਧਕ ਨਾ ਸੱਚੇ ਮਾਰਗ ਉੱਤੇ ਦ੍ਰਿੜ੍ਹ ਰਹਿ ਸਕਦਾ ਹੈ, ਨਾ ਸ਼ਬਦ ਦੀ ਕਮਾਈ ਕਰ ਸਕਦਾ ਹੈ।

## ਭਉ-ਭਾਉ

1. [1]ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥ (ਮ: 3–427)
2. ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥
ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥ (ਮ: 3—788)
3. ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ[2] ॥
ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ ॥ (1093)
4. [3]ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥
[4]ਜਿਉ ਬੈਸੰਤਰਿ ਧਾਤੁ ਸੁਧ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥
(ਮ: 3—949)
5. [5]ਭੈ ਬਿਚਿ ਭਾਉ ਭਾਇ ਕੋਊ ਬੂਝੈ ਹਰਿ ਰਸੁ ਪਾਵੈ ਭਾਈ ॥
ਜੇਤੇ ਘਟ[6] ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥ (ਕਬੀਰ, 1123)
6. ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਈ ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥ (ਮ: 3—645)
7. [7]ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥ (ਮ: 1—722)
8. [8]ਕਾਮਣਿ ਗੁਣਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥
ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥(ਮ: 3, 123)
9. ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ ॥
ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥ (ਮ: 3–788)
10. ਗੁਰਮਤੀ ਭਉ ਮਨਿ ਪਵੈ ਤਾਂ ਹਰਿ ਰਸਿ ਲਗੈ ਪਿਆਰਿ ॥
ਨਾਉ ਮਿਲੈ ਧੁਰਿ ਲਿਖਿਆ ਜਨ ਨਾਨਕ ਪਾਰਿ ਉਤਾਰਿ ॥ (ਮ: 3—1414)
11. [9]ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥
ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥

---

1. ਭੈ ਤੋਂ ਬਿਨਾਂ ਪ੍ਰੇਮ ਦੀ ਲਾਗ ਨਹੀਂ ਲੱਗਦੀ ਤੇ ਮਨ ਨਿਰਮਲ ਨਹੀਂ ਹੁੰਦਾ 2. ਬੂੰਦ-ਮਾਤਰ, ਥੋੜ੍ਹਾ ਜਿਹਾ 3. ਭੈ ਨਾਲ ਤਨ ਖੀਣ ਹੁੰਦਾ ਹੈ, ਭਾਵ ਸਥੂਲਤਾ, ਜੜ੍ਹਤਾ ਘਟਦੀ ਹੈ ਅਤੇ ਲੋਭ ਰੂਪੀ ਲਹੂ ਸੁੱਕ ਜਾਂਦਾ ਹੈ 4. ਜਿਸ ਤਰ੍ਹਾਂ ਅੱਗ ਸੋਨੇ ਆਦਿ ਧਾਤ ਨੂੰ ਸ਼ੁੱਧ ਕਰ ਦਿੰਦੀ ਹੈ. ਇਸੇ ਤਰ੍ਹਾਂ (ਅਕਾਲ ਪੁਰਖ ਜਾਂ ਸਤਿਗੁਰੂ ਦਾ) ਭਉ ਭੈੜੀ ਮੱਤ ਦੀ ਮੈਲ ਨੂੰ ਜਲਾ ਦਿੰਦਾ ਹੈ 5. ਭੈ ਵਿੱਚ ਪ੍ਰੇਮ ਪਿਆਰ ਪੈਦਾ ਕਰਨ ਨਾਲ ਹਰਿ-ਰਸ ਦੀ ਪ੍ਰਾਪਤੀ ਹੁੰਦੀ ਹੈ 6. ਘੜੇ, ਜੀਵ 7. ਭੈ ਦਾ ਸੁਰਮਾ ਪਾਵੇ, ਪਿਆਰ ਦਾ ਸ਼ਿੰਗਾਰ ਕਰੇ 8. ਇਸਤਰੀ 9. ਹਰੀ ਦੇ ਗੁਣ ਉਹਦੇ ਹਿਰਦੇ ਵਿੱਚ ਵੱਸਦੇ ਹਨ, ਜਿਸਦੇ ਅੰਦਰ ਭਉ ਅਤੇ ਸ਼ਰਧਾ ਜਾਂ ਪ੍ਰੇਮ ਹੋਣ ।

ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ ॥
ਤੇਰੀ ਭਗਤਿ ਭੰਡਾਰ ਅਸੰਖ ਜਿਸ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥
(ਮ: 4—1116)

12. ਜਨਮ ਜਨਮ ਕੇ ਕਿਲਵਿਖ[10] ਕਾਟੈ ਮਜਨੁ ਹਰਿਜਨ ਧੂਰਿ ॥
ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥ (ਮ: 5—406)

13. ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ ॥
ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥ (ਮ: 3—1420)

14. [11]ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ (ਮ: 1—468)

15. ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ[12] ॥
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥ (ਮ: 3—638)

16. ਕਾਮਣਿ ਗੁਣ ਵੰਤੀ ਹਰਿ ਪਾਏ ॥ ਭੈ ਭਾਇ ਸੀਗਾਰੁ ਬਣਾਏ ॥
ਸਤਿਗੁਰੁ ਸੇਵਿ ਸਦਾ ਸੁਹਾਗਣਿ ਸਚ ਉਪਦੇਸਿ ਸਮਾਵਣਿਆ ॥ (ਮ:3—173)

---

10. ਪਾਪ 11. ਭੈ ਦੀ ਭੱਠੀ ਹੋਵੇ ਅਤੇ ਸਰਮ ਦੀ ਪਾਹ ਜਾਂ ਮਾਇਆ 12. ਭਉ ਸੱਚੀ ਕਰਣੀ ਦਾ ਸਾਰ ਹੈ। ਭਉ ਬੁਰੇ ਕਰਮਾਂ ਅਤੇ ਪਾਪਾਂ ਤੋਂ ਦੂਰ ਰੱਖਦਾ ਹੈ। ਜਦ ਗ਼ਲਤ ਰਸਤੇ ਉੱਤੇ ਚੱਲਣ ਤੋਂ ਡਰਦੇ ਹਾਂ, ਤਾਂ ਹੀ ਠੀਕ ਰਸਤੇ ਉੱਤੇ ਚੱਲ ਸਕਦੇ ਹਾਂ।

## ਸੇਵਾ

ਸੇਵਾ ਸਭ ਕਰਨੀਆਂ ਦਾ ਸਾਰ ਹੈ। ਹਉਮੈ ਤਿਆਗ ਕੇ ਨਿਮਰਤਾ ਭਾਵ ਨਾਲ ਸੇਵਾ ਕਰਨ ਵਾਲਾ ਜੀਵ ਸੇਵਾ ਕਰ ਕੇ ਸੇਵਕ ਤੋਂ ਸੁਆਮੀ ਬਣ ਜਾਂਦਾ ਹੈ। ਗੁਰਮਤਿ ਅਨੁਸਾਰ ਸੇਵਾ ਚਾਰ ਪ੍ਰਕਾਰ ਦੀ ਹੈ : ਤਨ, ਮਨ, ਧਨ ਤੇ ਸੁਰਤਿ ਦੀ। ਸਤਿਗੁਰੂ ਤੇ ਸਾਧ-ਸੰਗਤ ਦੀ ਸਰੀਰ ਦੁਆਰਾ ਕੀਤੀ ਗਈ ਸੇਵਾ ਨੂੰ, ਤਨ ਦੀ ਸੇਵਾ ਆਖਿਆ ਜਾਂਦਾ ਹੈ। ਸਾਧ ਸੰਗਤ ਦੇ ਸੁੱਖ ਅਤੇ ਭਲਾਈ ਵਾਸਤੇ ਮਾਇਆ ਆਦਿ ਦਾ ਖ਼ਰਚ ਕਰਨਾ, ਧਨ ਦੀ ਸੇਵਾ ਹੈ। ਮਨ ਨੂੰ ਵਿਸ਼ੇ-ਵਿਕਾਰਾਂ ਤੋਂ ਰੋਕਣਾ ਅਤੇ ਮਾਲਿਕ ਤੇ ਸਤਿਗੁਰੂ ਦੇ ਹੁਕਮ ਜਾਂ ਭਾਣੇ ਵਿੱਚ ਰੱਖਣਾ, ਮਨ ਦੀ ਸੇਵਾ ਹੈ। ਤਨ ਦੀ ਸੇਵਾ ਨਾਲ ਤਨ ਨਿਰਮਲ ਹੁੰਦਾ ਹੈ ਤੇ ਨਿਮਰਤਾ ਆਉਂਦੀ ਹੈ। ਧਨ ਦੀ ਸੇਵਾ ਨਾਲ ਸੰਸਾਰਿਕ ਪਦਾਰਥਾਂ ਤੋਂ ਮੋਹ ਟੁੱਟਦਾ ਹੈ ਅਤੇ ਕਮਾਈ ਸਫਲ ਹੁੰਦੀ ਹੈ। ਧਨ ਵਿਸ਼ੇ-ਵਿਕਾਰਾਂ ਅਤੇ ਸੰਸਾਰਿਕ ਭੋਗਾਂ ਵਿੱਚ ਖ਼ਰਚ ਹੋਣ ਦੀ ਥਾਂ ਪਰਮਾਰਥ ਵਿੱਚ ਖ਼ਰਚ ਹੁੰਦਾ ਹੈ। ਮਨ ਦੀ ਸੇਵਾ ਨਾਲ ਮਨ ਪਵਿੱਤਰ ਹੁੰਦਾ ਹੈ ਅਤੇ ਹਉਮੈ ਨਾਸ਼ ਹੁੰਦੀ ਹੈ।

ਸਤਿਗੁਰੂ ਦੀ ਸੇਵਾ ਸਭ ਤੋਂ ਉੱਤਮ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ : ਗੁਰੂ ਨੂੰ ਪੱਖਾਂ ਫੇਰਾਂ, ਜਿਹੜਾ ਮਹਾਂ ਅਗਨ ਤੋਂ ਹੱਥ ਦੇ ਕੇ ਬਚਾ ਲੈਂਦਾ ਹੈ; ਉਸ ਦੇ ਗ੍ਰਿਹ ਵਿਖੇ ਨਿਤ ਚੱਕੀ ਪੀਸਾਂ, ਜਿਸ ਦੀ ਕ੍ਰਿਪਾ ਨਾਲ ਸਭ ਵੈਰੀ ਮੀਤ ਬਣ ਜਾਂਦੇ ਹਨ। ਸਤਿਗੁਰੂ ਦੀ ਅਸਲ ਸੇਵਾ ਸਤਿਗੁਰੂ ਦੁਆਰਾ ਦੱਸੇ ਹੋਏ ਅਸੂਲਾਂ ਉੱਤੇ ਚੱਲਣਾ ਅਤੇ ਸਤਿਗੁਰੂ ਦੀ ਦੱਸੀ ਹੋਈ ਜੁਗਤੀ ਅਨੁਸਾਰ ਭਜਨ-ਸਿਮਰਨ ਕਰਨਾ ਹੈ।

**ਸੁਰਤਿ ਦੀ ਸੇਵਾ** : ਇਹ ਸਭ ਤੋਂ ਉੱਤਮ ਸੇਵਾ ਹੈ। ਉੱਪਰ ਦੱਸੀ ਤਿੰਨੇ ਪ੍ਰਕਾਰ ਦੀ ਸੇਵਾ ਦਾ ਅਸਲ ਮੰਤਵ ਸੁਰਤਿ-ਸ਼ਬਦ ਦੀ ਸੇਵਾ ਦੇ ਯੋਗ ਬਣਨਾ ਹੈ। ਬਾਕੀ ਤਿੰਨ ਤਰ੍ਹਾਂ ਦੀ ਸੇਵਾ ਸਾਧਨ ਹੈ ਅਤੇ ਇਸ ਦੀ ਸੇਵਾ ਪ੍ਰਾਪਤੀ ਅਸਲ ਮੰਤਵ ਹੈ। ਇਹ ਸੇਵਾ ਗੁਰਮਤਿ ਦਾ ਸਾਰ ਹੈ। ਸਰੀਰ ਦੇ ਲੂੰ-ਲੂੰ ਵਿੱਚ ਫੈਲੀ ਹੋਈ ਸੁਰਤਿ ਨੂੰ ਸਿਮਰਨ ਅਤੇ ਧਿਆਨ ਦੁਆਰਾ ਸਰੀਰ ਦੇ ਨੌਂ ਦੁਆਰਿਆਂ ਵਿੱਚੋਂ ਸਮੇਟ ਕੇ ਤੀਸਰੇ ਤਿਲ ਉੱਤੇ ਖੜ੍ਹਾ ਕਰ ਕੇ ਸ਼ਬਦ ਨਾਲ ਜੋੜਨਾ 'ਸੁਰਤਿ-ਸ਼ਬਦ ਦੀ ਸੇਵਾ' ਹੈ। ਇਹ ਸੇਵਾ ਸਰਵ-ਸ੍ਰੇਸ਼ਟ ਹੈ ਕਿਉਂਕਿ ਇਹੋ ਸੇਵਾ ਮਾਲਿਕ ਨਾਲ ਮਿਲਾਪ ਦਾ ਅਸਲ ਸਾਧਨ ਹੈ। ਜਪ-ਤਪ, ਪੂਜਾ-ਪਾਠ, ਪੁੰਨ-ਦਾਨ ਆਦਿ ਹਰ ਪ੍ਰਕਾਰ ਦੀ ਕਰਨੀ ਦਾ ਫਲ ਸੁਰਤਿ-ਸ਼ਬਦ ਦੀ ਸੇਵਾ ਵਿੱਚ ਆ ਜਾਂਦਾ ਹੈ। ਇਹ ਸੇਵਾ ਕੁਲ ਮਾਲਕ ਦੀ ਆਪਣੀ ਦਇਆ ਨਾਲ ਹੁੰਦੀ ਹੈ ਅਤੇ ਇਸ ਦੀ ਜੁਗਤੀ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦੀ ਹੈ। ਇਸ ਸੇਵਾ ਨਾਲ ਜੀਵ ਸਹਿਜੇ ਹੀ ਭਵ-ਸਾਗਰ ਸੰਸਾਰ ਤੋਂ ਪਾਰ ਹੋ ਜਾਂਦਾ ਹੈ ਅਤੇ ਅਮਰ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ।

1. ਸਤਿਗੁਰ ਕੀ ਸੇਵਾ ਗਾਖੜੀ[1] ਸਿਰੁ ਦੀਜੈ[2] ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥ (ਮ: 3—649)

2. ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ (ਮ: 3—27)

8. ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥
ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ (ਮ: 3—1247)

4. ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ (ਮ: 3—28)

5. [3]ਹਸਤੀ ਸਿਰਿ ਜਿਉ ਅੰਕਸੁ ਹੈ [4]ਅਹਰਣਿ ਜਿਉ ਸਿਰੁ ਦੇਇ ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ (ਮ: 3—644)

6. ਸੋ ਸੇਵਕ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ[5] ॥
ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ (ਮ: 3—28)

7. ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ [6]ਕਸੰਮਲ ਭੰਨੇ ॥ (ਮ: 4—314)

8. ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥
ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ (ਮ: 3—34)

9. ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸ ਮਿਲੈ ਲਗਾ ਸੋ ਪਰਵਾਨ ॥ (ਮ: 2—474)

10. [7]ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨ ਪਾਰਾਵਾਰੁ ॥
ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ ॥ (ਮ: 5—137)

11. [8]ਨੈਨਹੁ ਸੰਗਿ ਸੰਤਨ ਕੀ ਸੇਵਾ [9]ਚਰਨ ਝਾਰੀ ਕੇਸਾਇਓ ॥
ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ ॥(ਮ:5, 1217)

12. ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੇ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥ (ਮ: 3—34)

13. ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥

---

1. ਔਖੀ 2. ਆਪਾ-ਭਾਵ, ਹਉਮੈ 3 ਜਿਵੇਂ ਹਾਥੀ ਦੇ ਸਿਰ ਕੁੰਡਾ ਹੈ 4. ਜਿਸ ਤਰ੍ਹਾਂ ਲੋਹੇ ਦੀ ਆਹਰਣ ਲੁਹਾਰ ਸਾਹਮਣੇ ਆਪਣਾ ਸਿਰ ਰੱਖ ਦਿੰਦੀ ਹੈ, ਇਸੇ ਤਰ੍ਹਾਂ ਤਨ ਮਨ ਸਤਿਗੁਰੂ ਅੱਗੇ ਰੱਖ ਕੇ ਸੇਵਾ ਕਰਨੀ ਚਾਹੀਦੀ ਹੈ 5. ਅੰਦਰ ਧਾਰਨਾ 6. ਪਾਪ ਨਸ਼ਟ ਹੋ ਗਏ 7. ਪ੍ਰਭੂ ਅਨੰਤ, ਅਪਾਰ ਹੈ 8. ਅੱਖਾਂ ਨਾਲ ਸੰਤਾਂ ਦੀ ਸੇਵਾ ਕਰੇ, ਭਾਵ ਨੈਣਾਂ ਨਾਲ ਉਨ੍ਹਾਂ ਦੇ ਦਰਸ਼ਨ ਕਰਦਾ ਰਹੇ 9. ਕੇਸਾਂ ਨਾਲ ਉਨ੍ਹਾਂ ਦੇ ਚਰਨ ਝਾੜੇ ।

ਸਤਿਗੁਰੁ ਦਾਤਾ ਸਭਨਾ ਵਥੂ[10] ਕਾ ਪੂਰੈ ਭਾਗਿ ਮਿਲਾਵਣਿਆ (ਮ: 3—116)

14. ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥(ਮ: 3,110)

15. ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥
ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥
ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰ ਚੋਟਾ ਖਾਵਣਿਆ ॥ (115)

16. ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥
ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥ (ਮ: 4—1323)

17. ਕੇਸਾ ਕਾ ਕਰਿ ਬੀਜਨਾ[11] ਸੰਤ ਚਉਰੁ ਢੁਲਾਵਉ[12] ॥
[13]ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥ (ਮ: 5—745)

18. [14]ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥ (ਕਬੀਰ, 969)

19. ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣਧੂੜਿ ਮੁਖਿ ਲਾਈ ॥ (ਮ: 5—749)

20. ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ (ਮ: 5—749)

21. ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥
ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥ (ਮ: 1—991)

22. ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥
ਪਾਵ ਮਲੋਵਾ [15]ਆਪੁ ਤਿਆਗਿ ਸੰਤ ਸੰਗਿ ਸਮਾਵਉ ॥ (ਮ: 5—812)

23. ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ [16]ਨਿਸਿ ਅਰੁ ਭੋਰ ॥
[17]ਕਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥ (ਮ: 5—500)

24. ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥ (ਮ: 5, 749)

25. ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥
ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ ॥ (ਮ: 3—552)

---

10. ਵਸਤੂਆਂ 11. ਪੱਖਾ 12. ਫੇਰਨਾ 13. ਸਿਰ ਚਰਨਾਂ ਉੱਤੇ ਨਿਵਾਵਾਂ, ਚਰਨ-ਧੂੜ ਮੁੱਖ ਉੱਤੇ ਲਾਵਾਂ 14. ਮੇਰੀ ਕੁਟ ਵਾਰੀ (ਕੁਤਵਾਲੀ) ਇਹ ਹੈ ਕਿ ਸੰਤਾਂ ਨੂੰ ਆਦਰ ਦਿੰਦਾ ਹਾਂ, ਦੁੱਸ਼ਟਾਂ ਨੂੰ ਡੰਨ ਦਿੰਦਾ ਹਾਂ 15. ਹੰਕਾਰ ਤਿਆਗ ਕੇ 16. ਨਿਸ=ਰਾਤ: ਭੋਰ=ਦਿਨ 17. ਮੇਰੀ ਚਾਹ ਹੈ ਕਿ ਕੇਸਾਂ ਨਾਲ ਪ੍ਰਭੂ-ਭਗਤਾਂ, ਸੰਤ-ਜਨਾਂ ਦੇ ਚਰਨ ਸਾਫ਼ ਕਰਾਂ !

26. ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥ (ਮ: 3—644)

27. ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥
ਨਾਨਕ ਕਉ ਗੁਰੁ ਭੇਟਿਆ [18]ਬਿਨਸੇ ਸਗਲ ਸੰਤਾਪ ॥ (ਮ: 5—45)

28. ਸਤਿਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥
ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥ (ਮ: 3—31)

29. ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥
ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ (ਮ: 1–61)

30. ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥
ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ॥ (ਮ: 3—549)

31. ਸਤਿਗੁਰ ਕੀ ਸੇਵਾ ਚਾਕਰੀ [19]ਸੁਖੀ ਹੂੰ ਸੁਖ ਸਾਰੁ ॥
ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥ (ਮ: 3—586)

32. ਹੋਰ[20] ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ[21] ॥
ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ [22]ਬਿਖੁ ਰਾਸਿ ॥ (ਮ: 3—586)

33. ਅੰਮ੍ਰਿਤੁ ਛੋਡਿ ਬਿਖਿਆ[23] ਲੋਭਾਣੇ ਸੇਵਾ ਕਰਹਿ ਵਿਡਾਣੀ[24] ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥ (312)

34. ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥ (ਮ: 4—40)

35. [25]ਸੋਈ ਸੇਵਕੁ ਜੋ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥
ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥ (ਮ: 3—753)

36. ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ[26] ਹੋਈ ॥
ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥
(ਮ: 4—306)

37. ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥

---

18. ਸਭ ਸੰਤਾਪ ਮਿੱਟ ਗਏ 19. ਸਭ ਸੁੱਖਾ ਦਾ ਤੱਤ, ਭਾਵ ਸੱਭ ਤੋਂ ਸ੍ਰੋਮਣੀ ਸੁੱਖ ਹੈ 20. ਦੂਸਰੇ ਦੀ ਜਾ ਪਰਾਈ ਚਾਕਰੀ ਧ੍ਰਿਗ ਹੈ 21. ਨਿਵਾਸ ਕਰਨਾ, ਵੱਸਣਾ 22. ਜ਼ਹਿਰ ਦੀ ਪੂੰਜੀ 23. ਜ਼ਹਿਰ ਵੱਲ ਖਿੱਚੇ ਜਾਣਾ 24. ਪਰਾਈ, ਓਪਰੀ ਦੂਸਰੇ ਦੀ 25. ਅਸਲ ਸੇਵਕ ਉਹ ਹੈ ਜੋ ਸਤਿਗੁਰੂ ਭਾਉਂਦੀ ਕਾਰ ਕਰਦਾ ਹੈ 26. ਔਖਾ ਕਰਨ ਵਾਲੀ, ਵਿਅਰਥ ।

ਨਾਨਕ [27]ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥ (ਮ: 2—475)

38. ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥
[28]ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿਨਾਮੁ ਪਰਾਪਤਿ ਹੋਇ ॥ (ਮ: 3,511)

39. [29]ਜੰਗਮ [30]ਜੋਧ ਜਤੀ[31] ਸੰਨਿਆਸੀ ਗੁਰਿ ਪੂਰੈ ਵੀਚਾਰੀ ॥
[32]ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥ (ਮ: 1—992)

40. [33]ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥
ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥(ਮ: 3—88)

41. ਰਾਮਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥
ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥ (ਮ: 5—246)

42. ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ ॥
ਅਨਦਿਨੁ ਰਾਮਨਾਮੁ ਜਪਿ ਹਿਰਦੈ ਸਰਬ ਕਲਾ ਗੁਣਕਾਰੀ ॥ (ਮ: 4—1198)

43. ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥(ਮ: 5—883)

---

27. ਸੇਵਕ ਕਹਾਉਣ ਦਾ ਉਹ ਹੱਕਦਾਰ ਹੈ, ਜੋ ਮਾਲਕ (ਖਸਮ) ਜਾਂ ਉਸ ਦੇ ਭਾਣੇ ਵਿੱਚ ਹੀ ਲਿਵਲੀਨ ਹੋ ਜਾਵੇ 28. ਸਭ ਉਪਾਵਾਂ ਤੋਂ ਵੱਡਾ ਉਪਾਅ ਇਹ ਹੈ 29. ਜੋਗੀਆਂ ਦਾ ਇੱਕ ਫ਼ਿਰਕਾ 30. ਜੋਧਾ, ਸੂਰ-ਬੀਰ 31. ਜਤ ਧਾਰਨ ਕਰਨ ਵਾਲਾ 32. ਗੁਰ-ਸੇਵਾ ਸਭ ਕਰਨੀਆਂ ਦਾ ਸਾਰ ਹੈ ਅਤੇ ਬਿਨਾ ਗੁਰ-ਸੇਵਾ ਦੇ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ 33. ਅਸਲ ਜਪ, ਤਪ, ਸੰਜਮ (ਜੁਗਤੀ, ਰਹਿਣੀ, ਕਰਨੀ) ਸਤਿਗੁਰੂ ਦੇ ਭਾਣੇ ਵਿੱਚ ਆਉਣਾ ਹੈ, ਪਰ ਇਹ ਪ੍ਰਾਪਤੀ ਮਾਲਕ ਦੀ ਦਇਆ-ਮਿਹਰ ਨਾਲ ਹੁੰਦੀ ਹੈ ।

# ਪੂਜਾ

ਪੂਜਾ ਸ਼ਬਦ ਸੰਸਕ੍ਰਿਤ ਦੇ 'ਪੂਜ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਫਲ ਦੀ ਪ੍ਰਾਪਤੀ ਜਾਂ ਪਰਮਾਰਥ ਵਿੱਚ ਸਿੱਧੀ ਲਈ ਕਿਸੇ ਉੱਚੀ ਪੂਜਣ-ਯੋਗ ਹਸਤੀ, ਸ਼ਕਤੀ ਦੀ ਸੇਵਾ ਜਾਂ ਅਰਾਧਨਾ ਕਰਨਾ।

ਆਤਮਾ ਦੀ ਆਪਣੇ ਅਸਲੇ ਵਲ ਕੁਦਰਤੀ ਖਿੱਚ ਕਾਰਨ, ਸਭ ਲੋਕ ਪੂਜਾ ਕਰਨਾ ਚਾਹੁੰਦੇ ਹਨ। ਪਰ ਆਮ ਲੋਕਾਂ ਨੂੰ ਅਸਲੀ ਪੂਜਾ ਦਾ ਗਿਆਨ ਨਹੀਂ ਹੈ। ਜਿਸ ਦੀ ਕੋਈ ਪੂਜਾ ਕਰਦਾ ਹੈ, ਉਸੇ ਦਾ ਰੂਪ ਹੋ ਜਾਂਦਾ ਹੈ। ਇਸ ਲਈ ਧਾਤੂ, ਬਨਸਪਤੀ, ਪੰਛੀ, ਪਸ਼ੂ ਸੰਸਾਰ ਵਿੱਚੋਂ ਕੋਈ ਚੀਜ਼ ਸਾਡੀ ਪੂਜਾ ਜਾਂ ਅਰਾਧਨਾ ਦੇ ਕਾਬਲ ਨਹੀਂ। ਚੇਤਨ-ਜੀਵ ਦਾ ਜੜ੍ਹ-ਵਸਤੂ ਦੀ ਭਗਤੀ ਕਰਨਾ ਤਾਂ ਸਭ ਤੋਂ ਨਿਕ੍ਰਿਸ਼ਟ ਪੂਜਾ ਹੈ ਕਿਉਂਕਿ : 'ਜੈਸਾ ਸੇਵੈ ਤੈਸਾ ਹੋਵੈ' (ਮ: 1, ਪੰ—224)। ਦੇਵੀ-ਦੇਵਤਾ ਵੀ ਕਰਮਾਂ ਦਾ ਫਲ ਸਮਾਪਤ ਹੋਣ 'ਤੇ ਚੁਰਾਸੀ ਵਿੱਚ ਵਾਪਿਸ ਆਉਂਦੇ ਹਨ। ਇਸ ਲਈ ਉਹ ਵੀ ਸਾਡੀ ਪੂਜਾ ਦੇ ਯੋਗ ਨਹੀਂ ਹਨ। ਸਾਰਾ ਸੰਸਾਰ ਨਾਸ਼ਵਾਨ ਹੈ। ਕੇਵਲ ਉਹ ਸਤਿ, ਅਮਰ, ਅਨਾਦੀ, ਅਵਿਨਾਸ਼ੀ ਪਰਮਾਤਮਾ ਹੀ ਸਾਡੀ ਪੂਜਾ ਦਾ ਅਸਲ ਆਧਾਰ ਹੋ ਸਕਦਾ ਹੈ।

ਸੰਸਾਰਕ ਪ੍ਰਾਪਤੀਆਂ, ਧਨ-ਦੌਲਤ, ਮਾਨ-ਵਡਿਆਈ ਆਦਿ ਹਾਸਲ ਕਰਨ ਦੇ ਲਾਲਚ ਨਾਲ ਕੀਤੀ ਪੂਜਾ, ਜਾਂ ਦੁੱਖਾਂ, ਮੁਸੀਬਤਾਂ, ਨੁਕਸਾਨ ਆਦਿ ਦੇ ਡਰ ਨਾਲ ਕੀਤੀ ਪੂਜਾ ਝੂਠੀ ਅਤੇ ਕੱਚੀ ਹੈ। ਮਾਲਕ ਦਾ ਭਾਣਾ ਮੰਨਦੇ ਹੋਏ ਮਾਲਕ ਦੀ ਪੂਜਾ ਕਰਨਾ ਹੀ ਸੱਚੀ ਪੂਜਾ ਹੈ। ਮਾਲਕ ਦੀ ਸੱਚੀ ਅਤੇ ਕਲਿਆਣਕਾਰੀ ਪੂਜਾ ਸੱਚੇ ਹਿਰਦੇ ਦਵਾਰਾ ਹੀ ਕੀਤੀ ਜਾ ਸਕਦੀ ਹੈ। ਜਿਸ ਪਰਮੇਸ਼ਰ ਦੀ ਪੂਜਾ ਕਰਨੀ ਹੈ ਉਹ ਪਰਮੇਸ਼ਰ, ਪੂਜਾ ਕਰਨ ਵਾਲੀ ਆਤਮਾ ਅਤੇ ਪੂਜਾ ਦਾ ਸਾਧਨ ਸੱਚਾ ਨਾਮ, ਹਰ ਇੱਕ ਦੇ ਆਪਣੇ ਸਰੀਰ ਅੰਦਰ ਹੈ। ਬਾਹਰ ਪਰਮੇਸ਼ਰ ਦਾ ਪ੍ਰਤੱਖ ਰੂਪ, ਸਤਿਗੁਰੂ ਹੀ ਸੱਚੀ ਪੂਜਾ ਦਾ ਸੱਚਾ ਆਧਾਰ ਹੈ ਅਤੇ ਸਤਿਗੁਰੂ ਦੀ ਦੱਸੀ ਜੁਗਤੀ ਅਨੁਸਾਰ ਨਿਮਰਤਾ ਭਾਵ ਨਾਲ ਕੀਤੀ ਨਾਮ ਦੀ ਕਮਾਈ ਪਰਮੇਸ਼ਰ ਦਾ ਮਿਲਾਪ ਕਰਾ ਸਕਣ ਵਾਲੀ ਸੱਚੀ ਪੂਜਾ ਹੈ।

**1. ਹਰਿ ਕੀ ਪੂਜਾ ਦੁਲੰਭ[1] ਹੈ ਸੰਤਹੁ ਕਹਣਾ ਕਛੂ ਨ ਜਾਈ ॥**
**ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥ (ਰਹਾਉ ॥)**

---

1. ਦੁਰਲੱਭ, ਅਮੋਲਕ।

ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥
ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮਨਿ ਵਸਾਈ ॥
[2]ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥
ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ ਪੂਜਾ ਥਾਇ ਪਾਈ ॥
ਪਵਿਤ[3] ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥
ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੋਕਾਈ ॥
ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮਨਾਮਿ ਲਿਵ ਲਾਈ ॥
ਆਪੇ ਨਿਰਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ ॥
ਪੂਜਾ ਕਰਹਿ [4]ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥
ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥ (ਮ: 3—910)

2. ਮਨੁ ਤਨੁ ਧਨੁ ਸਭੁ ਪ੍ਰਭੁ ਕੇਰਾ ਕਿਆ ਕੋ ਪੂਜ ਚੜਾਵਏ ॥
ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ ਸੋ ਪ੍ਰਭ ਅੰਕਿ ਸਮਾਵਏ[5] ॥ (542)

3. [6]ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾ ਕੀ ਕਰਿ ਮਨ ਸੇਵਾ ॥
ਕਰਿ ਪੂਜਾ [7]ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥ (ਮ: 5—614)

4. ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥
ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ ॥
ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥
ਨਿਰਜੀਉ[8] ਪੂਜਹਿ ਮੜਾ[9] ਸਰੇਵਹਿ[10] ਸਭ ਬਿਰਥੀ ਘਾਲ ਗਵਾਵੈ ॥ (1264)

5. [11]ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ ॥
[12]ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ ॥ (1267)

6. [13]ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥
[14]ਆਤਮ ਦੇਉ ਦੇਉ ਹੈ ਆਤਮੁ [15]ਰਸਿ ਲਾਗੈ ਪੂਜ ਕਰੀਜੈ ॥ (ਮ: 4,1325)

---

2. ਸਾਰੇ ਲੋਕ ਪੂਜਾ ਕਰਦੇ ਹਨ, ਪਰ ਮਨਮੁੱਖਾਂ ਦੀ ਪੂਜਾ ਕਬੂਲ ਨਹੀਂ ਹੁੰਦੀ 3. ਪਵਿੱਤਰ 4. ਪਰੰਤੂ ਠੀਕ ਤਰੀਕਾ ਨਹੀਂ ਜਾਣਦੇ 5. ਉਹ ਪ੍ਰਭੂ ਵਿੱਚ ਸਮਾ ਜਾਂਦਾ ਹੈ 6. (ਉਹ ਹਰੀ) ਕਿਸੇ ਦੀ ਕੀਤੀ ਕਮਾਈ ਨੂੰ ਨਿਸਫਲ ਨਹੀਂ ਜਾਣ ਦੇਂਦਾ ਅਤੇ ਮਨ ਦੇ ਅੰਦਰ ਦੀ ਹਾਲਤ ਜਾਣਦਾ ਹੈ 7. ਆਪਣਾ ਮਨ ਪਰਮੇਸ਼ਰ ਸਮਾਨ ਗੁਰੂ ਦੀ ਭੇਟ ਕਰ ਦੇ 8. ਜੀਵ-ਰਹਿਤ ਮੂਰਤੀਆਂ 9. ਮੜ੍ਹੀਆਂ 10. ਪੂਜਦੇ 11. ਸੁਰ+ਪਤੀ=ਦੇਵਤਿਆਂ ਦਾ ਪਤੀ ਇੰਦਰ; ਜਠਰ=ਪੇਟ; ਰਾਜੇ ਤੋਂ ਕੀੜੇ ਤਕ ਅਤੇ ਕੀੜੇ ਤੋਂ ਇੰਦਰ ਤਕ ਦੁੱਖ ਕਰ ਕੇ ਪੇਟ ਭਰਦੇ ਹਨ 12. ਜੋ ਲੋਕ ਉਸ ਕ੍ਰਿਪਾਲੂ ਪ੍ਰਭੂ ਨੂੰ ਛੱਡ ਕੇ ਦੂਜਿਆਂ ਦੀ ਪੂਜਾ ਕਰਦੇ ਹਨ, ਉਹ ਆਤਮ-ਘਾਤੀ ਹਨ 13. ਤਰੋਵਰ (ਤਰਵਰ)=ਰੁੱਖ, ਦ੍ਰਖ਼ਤ: ਪ੍ਰਭੂ ਦਾ ਨਾਮ ਬਿਰਛ (ਰੁੱਖ, ਦ੍ਰਖ਼ਤ) ਹੈ ਅਤੇ ਗੁਣ ਉਸਦੀਆਂ ਸ਼ਾਖ਼ਾਂ (ਡਾਲੀਆਂ) ਹਨ 14. ਆਤਮਾ ਪ੍ਰਭੂ ਰੂਪ ਹੈ 15. ਪ੍ਰੇਮ ਪੂਰਵਕ ਪੂਜਾ ਕਰੋ ।

# ਭਗਤੀ

ਗੁਰਮਤਿ ਵਿੱਚ ਹਠ, ਤਿਆਗ, ਗਿਆਨ, ਕਰਮ-ਕਾਂਡ ਆਦਿ ਦੀ ਥਾਂ ਭਗਤੀ ਦੀ ਮਹਿਮਾ ਹੈ ਕਿਉਂਕਿ ਇਹ ਸਰਲ, ਸੁਗਮ ਅਤੇ ਸਫਲ ਸਾਧਨ ਹੈ। ਅਸੀਂ ਆਪਣੀ ਸ਼ਕਤੀ, ਆਪਣੇ ਗਿਆਨ ਅਤੇ ਚਤੁਰਾਈ ਆਦਿ ਨਾਲ ਨਹੀਂ, ਸਗੋਂ ਨਿਮਰਤਾ, ਸ਼ਰਧਾ, ਪ੍ਰੇਮ ਜਾਂ ਭਗਤੀ ਦੁਆਰਾ ਹੀ ਪਰਮੇਸ਼ਰ ਨੂੰ ਰਿਝਾ ਸਕਦੇ ਹਾਂ। ਭਗਤੀ ਦਾ ਸੰਬੰਧ ਕਿਸੇ ਬਾਹਰਲੀ ਵਸਤੂ ਨਾਲ ਨਹੀਂ। ਇਸ ਦਾ ਸੰਬੰਧ ਮਨ-ਆਤਮਾ ਨਾਲ ਹੈ ਅਤੇ ਹਰ ਜੀਵ ਵਿੱਚ ਭਗਤੀ ਜਾਂ ਪ੍ਰੇਮ ਕਰ ਸਕਣ ਦੀ ਸ਼ਕਤੀ ਹੈ।

ਭਗਤ ਨੂੰ ਭਗਵਾਨ ਪਿਆਰਾ ਲੱਗਦਾ ਹੈ। ਉਸ ਦਾ ਹਿਰਦਾ ਸਦਾ ਪ੍ਰੀਤਮ ਦੇ ਪਿਆਰ ਵਿੱਚ ਲੀਨ ਰਹਿੰਦਾ ਹੈ। ਭਗਤੀ ਹਉਮੈ ਨੂੰ ਕੱਟਦੀ ਹੈ ਅਤੇ ਨਿਮਰਤਾ ਪੈਦਾ ਕਰਦੀ ਹੈ। ਭਗਤੀ ਭਗਤ ਨੂੰ ਐਸਾ ਉੱਚਾ-ਸੁੱਚਾ ਮਹਾਂ-ਰਸ ਪ੍ਰਦਾਨ ਕਰਦੀ ਹੈ ਕਿ ਉਹ ਸਦਾ ਖੇੜੇ ਦੀ ਅਵੱਸਥਾ ਵਿੱਚ ਰਹਿੰਦਾ ਹੈ। ਉਹ ਭਗਤੀ ਆਸਰੇ ਪੰਜਾਂ-ਵਿਕਾਰਾਂ, ਕਾਲ ਅਤੇ ਮਨ-ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

ਭਗਤ ਸਭ ਕੁਝ ਭਗਵੰਤ ਉੱਤੇ ਨਿਛਾਵਰ ਕਰ ਦਿੰਦਾ ਹੈ ਅਤੇ ਉਸ ਦੀ ਆਗਿਆ, ਉਸ ਦੇ ਭਾਣੇ ਨੂੰ ਮੁੱਖ ਰੱਖਦਾ ਹੈ।

ਗੁਰਬਾਣੀ ਵਿੱਚ ਸਤਿਗੁਰ-ਭਗਤੀ ਅਤੇ ਨਾਮ-ਭਗਤੀ ਦੀ ਬਹੁਤ ਮਹਿਮਾ ਕੀਤੀ ਗਈ ਹੈ। ਇਹ ਐਸੀ ਭਗਤੀ ਹੈ ਜੋ ਭਗਵਾਨ ਨੂੰ ਪਿਆਰੀ ਹੈ, ਪਰੰਤੂ ਇਸ ਭਗਤੀ ਰਾਹੀਂ ਭਗਵੰਤ ਨੂੰ ਪਾਉਣ ਦੀ ਜੁਗਤੀ ਸੱਚੇ ਭਗਤਾਂ ਤੋਂ ਪ੍ਰਾਪਤ ਹੁੰਦੀ ਹੈ: 'ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤ।' (ਨਾਮਦੇਵ ਜੀ, ਪੰ. 1377)

1. **ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿਪ੍ਰਭ ਭਾਣਾ ਭਾਵਏ ॥**
   **ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥ (ਸੁੰਦਰ,923)**
2. **[1]ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥**
   **[2]ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥ (ਮ: 3—245)**
3. **ਹਰਿ ਭਗਤਾ ਹਰਿਧਨੁ ਰਾਸਿ[3] ਹੈ ਗੁਰ ਪੂਛਿ ਕਰਹਿ ਵਾਪਾਰੁ ॥**
   **ਹਰਿਨਾਮੁ ਸਲਾਹਨਿ ਸਦਾ ਸਦਾ ਵਖਰੁ[4] ਹਰਿਨਾਮੁ ਅਧਾਰੁ ॥ (ਮ: 3—28)**
4. **ਹਰਿਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥**
   **ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥ (ਕਬੀਰ, 480)**

---

1. ਗੁਰਮੁਖਾਂ ਦੀ ਭਗਤੀ ਐਸੀ ਹੈ ਜਿਸ ਨਾਲ ਸ਼ਬਦ ਦੀ ਸਹਿਜ ਧੁਨ ਪ੍ਰਗਟ ਹੁੰਦੀ ਹੈ 2. ਇਸਤ੍ਰੀ (ਰੂਹ) ਕੰਤ (ਪ੍ਰਭੂ) ਨੂੰ ਪਿਆਰੀ ਹੁੰਦੀ ਹੈ ਜੋ ਆਪਾ-ਭਾਵ ਜਾਂ ਹਉਮੈ ਮਾਰ ਛੋਡਦੀ ਹੈ 3. ਪੂੰਜੀ 4. ਵਸਤੂ

5. ਜੋ ਕਿਛੁ ਕਰੈ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ ॥
[5]ਮਿਤ੍ਰ ਸਤ੍ਰ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥ (ਮ: 5—496)

6. ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥
ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥
[6]ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥
ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥ (ਮ: 3—35)

7. ਸਬਦੇ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥
ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ॥ (ਮ: 3—429)

8. ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ ॥ (ਮ: 3—602)

9. [7]ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ (ਮ: 3—918)

10. [8]ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰਦੁਆਰੈ ਕੋ ਪਾਵਏ ॥
ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥ (ਮ: 3,440)

11. ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥
[9]ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ (ਮ: 1—57)

12. ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ ॥
ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥ (ਮ: 3—429)

13. ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ (ਮ: 3—67)

14. ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ ॥
ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ ॥ (ਮ: 3—430)

15. ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥
[10]ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥ (ਮ: 5—814)

16. ਭੈ ਬਿਨੁ ਭਗਤਿ ਨ ਹੋਈ ਕਬਹੀ ਭੈ ਭਾਇ ਭਗਤਿ ਸਵਾਰੀ ॥

---

5. ਦੋਸਤ-ਦੁਸ਼ਮਣ 6. ਉਹ ਭਗਤੀ ਕੁੱਝ ਨਹੀਂ ਜਿਸ ਵਿੱਚ ਪਿਆਰ ਇੱਕ ਪਲ ਵੀ ਵਿੱਸਰ ਜਾਵੇ 7. ਭਗਤਾਂ ਦੀ ਚਾਲ (ਰਹਿਣੀ) ਨਿਰਾਲੀ ਹੁੰਦੀ ਹੈ, ਉਹ ਔਖੇ ਰਸਤੇ (ਬਿਖਮ-ਮਾਰਗ) ਉੱਤੇ ਚੱਲਦੇ ਹਨ। ਉਹ ਲੋਭ, ਹੰਕਾਰ, ਤ੍ਰਿਸ਼ਨਾ ਤਜਦੇ ਹਨ ਅਤੇ ਚੁਪ-ਚਾਪ (ਭਗਤੀ ਵਿੱਚ ਲੱਗੇ) ਰਹਿੰਦੇ ਹਨ 8. ਪ੍ਰੇਮ-ਭਗਤੀ ਦਾ ਮਾਰਗ ਔਖਾ ਹੈ, ਇਹ ਸਿਰਫ ਗੁਰੂ ਦੀ ਸੰਗਤ ਵਿੱਚ ਹੀ ਪ੍ਰਾਪਤ ਹੁੰਦਾ ਹੈ 9. ਪ੍ਰੇਮ ਜਾਂ ਭਗਤੀ ਤੋਂ ਖ਼ਾਲੀ ਲੋਕਾਂ ਦਾ ਮੂੰਹ ਕਾਲਾ ਹੁੰਦਾ ਹੈ ਅਤੇ ਬੇਇਜ਼ਤੀ ਹੁੰਦੀ ਹੈ 10. ਭ੍ਰਮ-ਭ੍ਰਾਂਤਿ=ਸ਼ੰਕੇ, ਭਰਮ; ਪ੍ਰਭੂ ਦਾ ਨਾਮ ਜਪਣ ਨਾਲ ਸ਼ੰਕੇ, ਭਰਮ ਬਿਨਸ ਜਾਂਦੇ ਹਨ।

ਮਾਇਆ ਮੋਹੁ ਸਬਦਿ ਜਲਾਇਆ ਗਿਆਨਿ ਤਤਿ ਬੀਚਾਰੀ ॥(ਮ: 3—911)

17. [11]ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥ (ਮ: 9—831)

18. ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ[12] ॥
[13]ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥
(ਰਵਿਦਾਸ, 658)

19. ਜੋ ਜੋ ਤਰਿਓ [14]ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ ॥
ਨਾਨਕ ਕੀ ਬੇਨਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ ॥ (ਮ: 5—1219)

20. ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ (ਮ: 3—27)

21. ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗਿ ਰਾਤੇ ॥
ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ॥ (ਮ: 3—69)

22. [15]ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ ॥
[16]ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ ॥ (ਮ: 5—432)

23. ਆਪੇ ਮੇਲਿ ਲਏ ਗੁਣ ਦਾਤਾ ਹਉਮੈ ਤ੍ਰਿਸਨਾ ਮਾਰੀ ॥
[17]ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥ (ਮ: 5—908)

24. ਆਪਣਿਆ ਸੇਵਕਾ ਕੀ ਆਪਿ ਪੈਜ[18] ਰਾਖੈ ਆਪਣਿਆ ਭਗਤਾ ਕੀ ਪੈਰੀ ਪਾਵੈ ॥
ਧਰਮਰਾਇ ਹੈ ਹਰਿ ਕਾ ਕੀਆ ਹਰਿਜਨ ਸੇਵਕ ਨੇੜਿ ਨ ਆਵੈ ॥ (555)

25. [19]ਢੂੰਢਤ ਡੋਲਹਿ ਅੰਧਗਤਿ ਅਰੁ ਚੀਨਤ ਨਾਹੀ ਸੰਤ ॥
[20]ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥ (ਨਾਮਦੇਵ, 1377)

---

11. ਜਿਸ ਤਰ੍ਹਾਂ ਪੱਥਰ ਇਤਨਾ ਕਠੋਰ ਹੁੰਦਾ ਹੈ ਕਿ ਪਾਣੀ ਵਿੱਚ ਰੱਖ ਛੱਡਣ ਨਾਲ ਵੀ ਉਹਦੇ ਅੰਦਰ ਪਾਣੀ ਨਹੀਂ ਜਾਂਦਾ, ਇਸ ਤਰ੍ਹਾਂ ਭਗਤੀ-ਹੀਣ ਪ੍ਰਾਣੀ ਉੱਤੇ ਪ੍ਰੇਮ ਦਾ ਅਸਰ ਨਹੀਂ ਹੁੰਦਾ 12. ਗਿਆਨਹੀਣਤਾ, ਅਗਿਆਨਤਾ 13. ਭਗਤੀ ਤੋਂ ਬਿਨਾ ਰਾਜੇ ਇੰਦਰ ਵਰਗੀ ਅਵੱਸਥਾ ਵੀ ਵਿਅਰਥ ਹੈ 14. ਪੁਰਾਤਣ=ਪੁਰਾਣੇ ਸਮੇਂ ਵਿੱਚ; ਨਵਤਨ=ਨਵੇਂ ਜਮਾਨੇ ਵਿਚ, ਭਾਵ ਪਿੱਛਲੇ ਵਕਤਾਂ ਵਿਚ ਜਾਂ ਅਜੋਕੇ ਵਕਤ ਵਿੱਚ ਜੋ ਕਈ ਵੀ ਤਰਿਆ ਹੈ, ਪ੍ਰਭੂ ਦੀ ਭਗਤੀ ਰਾਹੀਂ ਤਰਿਆ ਹੈ 15. ਮਾਇਆ ਦੇ ਰੰਗ ਪਲ ਵਿੱਚ ਉੱਡ ਜਾਂਦੇ ਹਨ 16. ਜਿਹੜੇ ਭਗਤ ਨਾਮ ਦੇ ਰੰਗ ਵਿਚ ਰੰਗੇ ਹੋਏ ਹਨ, ਓਹ ਸਦਾ ਸੁੱਖ ਭੋਗਦੇ ਹਨ 17. ਨਿਰਾਲੀ ਭਗਤੀ ਜਿਸ ਵਿੱਚ ਤਿੰਨਾਂ ਗੁਣਾਂ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ ਅਤੇ ਚੌਥੇ ਪਦ ਦੀ ਸਹਿਜ ਅਵੱਸਥਾ ਪ੍ਰਾਪਤ ਹੋ ਜਾਂਦੀ ਹੈ 18. ਲਾਜ 19. ਅੰਧਗਤਿ=ਅੰਨ੍ਹਿਆਂ ਵਾਂਗ, ਲੋਕ ਅੰਨ੍ਹਿਆਂ ਵਾਂਗ ਟੋਲਦੇ ਫਿਰਦੇ ਹਨ ਅਤੇ ਸੰਤਾਂ ਨੂੰ ਸਮਝਣ ਦਾ ਜਤਨ ਨਹੀਂ ਕਰਦੇ 20. ਭਗਤਾਂ ਤੋਂ ਬਿਨਾ ਭਗਵਾਨ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ ?

# ਜੀਵਨ ਮਿਰਤਕ

ਮੌਤ ਜੋਰਾਵਰ ਅਤੇ ਅਟੱਲ ਹੈ । ਸੰਸਾਰ ਦੇ ਸਭ ਲੋਕ ਇਸ ਤੋਂ ਡਰਦੇ ਹਨ ਕਿਉਂਕਿ ਇਹ ਅਕਹਿ ਪੀੜਾ ਦਾ ਕਾਰਨ ਹੈ । ਪੂਰਨ ਸੰਤਾਂ ਨੇ ਜੀਵ ਨੂੰ ਕੇਵਲ ਮੌਤ ਦੇ ਸੰਕਟ ਤੋਂ ਸੁਚੇਤ ਹੀ ਨਹੀਂ ਕੀਤਾ, ਇਸ ਤੋਂ ਬਚਣ ਦਾ ਸਾਧਨ ਵੀ ਦੱਸਿਆ ਹੈ । ਜਦ ਮੌਤ ਆਉਂਦੀ ਹੈ ਤਾਂ ਆਤਮਾ ਸਰੀਰ ਦੇ ਹੇਠਲੇ ਭਾਗਾਂ ਤੋਂ ਉੱਪਰ ਵੱਲ ਨੂੰ ਸਿਮਟਦੀ ਹੈ ਅਤੇ ਅੰਤ ਵਿੱਚ ਅੱਖਾਂ ਤੋਂ ਉੱਪਰ ਹੋ ਕੇ ਸਰੀਰ ਨੂੰ ਛੱਡ ਕੇ ਇੱਕ ਤਰਫ਼ ਹੋ ਜਾਂਦੀ ਹੈ । ਪੂਰਨ ਸਤਿਗੁਰੂ ਸਿਮਰਨ, ਧਿਆਨ ਅਤੇ ਸ਼ਬਦ ਦੀ ਐਸੀ ਪੂਰਨ ਜੁਗਤੀ ਦੱਸਦੇ ਹਨ, ਜਿਸ ਨਾਲ ਮੌਤ ਦਾ ਡਰ ਸਮਾਪਤ ਹੋ ਜਾਂਦਾ ਹੈ ਅਤੇ ਅਭਿਆਸੀ ਆਪਣੀ ਮਰਜ਼ੀ ਨਾਲ ਆਤਮਾ ਨੂੰ ਸਰੀਰ ਵਿੱਚੋਂ ਸਮੇਟ ਕੇ, ਤੀਸਰੇ ਤਿਲ ਵਿੱਚ ਪਹੁੰਚ ਕੇ, ਉਪਰਲੇ ਰੂਹਾਨੀ ਮੰਡਲਾਂ ਦੀ ਸੈਰ ਕਰ ਸਕਦਾ ਹੈ। ਸੁਰਤ ਦਾ ਨੌਂ ਦੁਆਰਿਆਂ ਨੂੰ ਖ਼ਾਲੀ ਕਰ ਕੇ ਤੀਸਰੇ ਤਿਲ ਵਿੱਚ ਪਹੁੰਚਣਾ ਹੀ ਜੀਂਦੇ-ਜੀਅ ਮਰਨਾ ਹੈ, ਜਿਸ ਦਾ ਪੂਰੇ ਸਤਿਗੁਰੂ ਦੇ ਸਿੱਖ, ਰੋਜ਼ ਖ਼ੁਸ਼ੀ-ਖ਼ੁਸ਼ੀ ਅਭਿਆਸ ਕਰਦੇ ਹਨ। ਕਬੀਰ ਸਾਹਿਬ ਕਹਿੰਦੇ ਹਨ ਜਿਸ ਮੌਤ ਤੋਂ ਸੰਸਾਰ ਡਰਦਾ ਹੈ, ਮੇਰੇ ਮਨ ਵਿੱਚ ਇਸ ਦਾ ਚਾਅ ਰਹਿੰਦਾ ਹੈ ਦੁਆਰਾ ਗੁਰਮੁਖ ਲੋਕ ਹਰ ਰੋਜ਼ ਜੀਂਦੇ-ਜੀਅ ਅਭਿਆਸ ਨਾਲ ਮੌਤ ਦੀ ਘਾਟੀ ਪਾਰ ਕਰਕੇ, ਸਰੀਰ ਨੂੰ ਛੱਡ ਕੇ, ਆਤਮਿਕ ਮੰਡਲਾਂ ਦੀ ਸੈਰ ਕਰਦੇ ਹਨ ।

ਮਿਰਤਕ ਵਿੱਚ ਅਤੇ ਜੀਵਨ-ਮਿਰਤਕ ਵਿੱਚ ਭਾਰੀ ਅੰਤਰ ਹੈ। ਮਿਰਤਕ ਆਪਣੀ ਮਰਜ਼ੀ ਨਾਲ ਨਹੀਂ ਮਰਦਾ ਅਤੇ ਨਾ ਮੁੜ ਆਪਣੀ ਮਰਜ਼ੀ ਨਾਲ ਜੀਵਤ ਹੋ ਸਕਦਾ ਹੈ; ਪਰੰਤੂ ਨਾਮ ਮਾਰਗ ਉੱਤੇ ਚੱਲਣ ਵਾਲਾ ਅਭਿਆਸੀ ਜਦ ਚਾਹੇ ਸੁਰਤ ਨੂੰ ਨੌਂ ਦੁਆਰਿਆਂ ਵਿੱਚੋਂ ਕੱਢ ਕੇ ਮਰ ਸਕਦਾ ਹੈ ਅਤੇ ਜਦ ਚਾਹੇ ਇਸ ਨੂੰ ਨੌਂ ਦੁਆਰਿਆਂ ਵਿੱਚ ਵਾਪਸ ਲਿਆ ਕੇ ਫਿਰ ਜੀਅ ਸਕਦਾ ਹੈ। ਮਿਰਤਕ ਪ੍ਰਾਣੀ ਬਾਰ-ਬਾਰ ਜੰਮਣ-ਮਰਨ ਦੀ ਪੀੜ ਸਹਾਰਨ ਲਈ ਮਜਬੂਰ ਹੁੰਦਾ ਹੈ, ਪਰ ਅਭਿਆਸ ਦੁਆਰਾ ਜੀਂਦੇ-ਜੀਅ ਮਰਨ ਵਾਲਾ ਗੁਰਮੁਖ ਜੀਵਨ-ਮਿਰਤਕ ਹੋ ਕੇ ਬਾਰ-ਬਾਰ ਮਰਨ-ਜੰਮਣ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ। '

ਜੀਵਨ ਮਿਰਤਕ ਦੀ ਜਾ ਜੀਂਦੇ-ਜੀਅ ਮਰਨ ਦੀ ਗਤੀ ਅਗੰਮ-ਅਗਾਧ ਹੈ । ਇਹ ਗਤੀ ਜੀਵ ਨੂੰ ਤਾਂ ਹੀ ਪ੍ਰਾਪਤ ਹੁੰਦੀ ਹੈ, ਜਦ ਉਹ ਇੰਦਰੀਆਂ ਦੇ ਭੋਗਾਂ, ਸਰੀਰ ਅਤੇ ਪਦਾਰਥ ਦੀ ਆਸਾ-ਤ੍ਰਿਸ਼ਨਾ ਨੂੰ ਤਿਆਗ ਕੇ ਸੱਚੇ ਨਾਮ ਦੇ ਸਿਮਰਨ ਨਾਲ ਆਪਣੇ ਆਪ ਨੂੰ ਪੂਰੀ ਤਰ੍ਹਾਂ ਸ਼ਬਦ ਵਿੱਚ ਲੀਨ ਕਰ ਦਿੰਦਾ ਹੈ । ਪੂਰਨ ਸੰਤ

ਸਤਿਗੁਰੂ ਸੱਚੇ ਸਿਮਰਨ, ਧਿਆਨ ਦੀ ਜੁਗਤੀ ਸਿਖਾ ਕੇ, ਸ਼ਬਦ ਜਾਂ ਨਾਮ ਰੂਪੀ ਅੰਮ੍ਰਿਤ ਪਿਲਾ ਕੇ ਜੀਂਦੇ-ਜੀਅ ਮਰਨ ਦੀ ਅਲੌਕਿਕ ਜੁਗਤੀ (ਵਿਧੀ) ਸਮਝਾ ਦਿੰਦੇ ਹਨ। ਅਸੀਂ ਸਰੀਰ ਵਿੱਚ ਕੈਦ ਹੋਣ ਕਾਰਨ ਹੀ ਜਗਤ ਵਿੱਚ ਕੈਦ ਹਾਂ ਸ਼ਰੀਰ ਦੇ ਬੰਧਨਾਂ ਦਾ ਟੁਟਣਾ ਹੀ ਜਗਤ ਦੇ ਬੰਧਨਾਂ ਦਾ ਟੁਟਣਾ ਹੈ।

1. ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥
   ਅਨਹਦ ਸਬਦ ਸੁਹਾਵਣੇ ਪਾਈਐ ਗੁਰ ਵੀਚਾਰਿ ॥ (ਮ: 1—21)
2. ਜੀਵਤ ਮਰੈ ਮਰੈ ਫੁਨਿ[1] ਜੀਵੈ ਐਸੇ ਸੁੰਨਿ[2] ਸਮਾਇਆ ॥
   ਅੰਜਨ[3] ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ ॥ (332)
3. ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
   [4]ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ (ਮ: 1—730)
4. ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ॥
   ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥ (ਮ: 3—948)
5. ਕਿਉਕਰਿ ਇਹੁ ਮਨੁ ਮਾਰੀਐ ਕਿਉਕਰਿ ਮਿਰਤਕੁ ਹੋਇ ॥
   ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥
   ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥
   ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥ (948)
6. ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥
   ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥ (ਮ: 3—1278)
7. ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥
   ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥ (ਕਬੀਰ, 555)
8. ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥
   ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ[5] ਮਰਣਾ ਹੋਇ ॥
   ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥
   ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
   ਨਾਨਕ ਐਸੀ ਮਰਨੀ ਜੋ ਮਰੈ ਤਾ [6]ਸਦ ਜੀਵਣੁ ਹੋਇ ॥ (ਮ: 3—604)
9. ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥
   ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ (ਕਬੀਰ, 1364)

---

1. ਦੁਬਾਰਾ 2. ਅਫੁਰ ਅਵਸਥਾ, ਸਹਿਜ ਅਵਸਥਾ 3. ਮਾਇਆ 4. ਸ਼ਬਦ ਦੀ ਬਿਨਾਂ ਵਜਾਏ ਵੱਜ ਰਹੀ ਸਿੰਙੀ 5. ਸਫ਼ਲ 6. ਅਮਰ ਜੀਵਨ ਮਿਲ ਜਾਵੇ।

10. ਕਬੀਰ ਐਸਾ ਏਕੁ ਆਧੁ ਜੋ ਜੀਵਤ ਮਿਰਤਕੁ ਹੋਇ ॥
ਨਿਰਭੈ ਹੋਇ ਕੈ ਗੁਨ ਰਵੈ[6] ਜਤ ਪੇਖਉ ਤਤ ਸੋਇ[7] ॥ (ਕਬੀਰ, 1364)
11. ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ (ਕਬੀਰ, 1365)
12. ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥
ਰਾਮ ਕਸਉਟੀ ਸੋ ਸਹੈ ਜੋ ਮਰਿਜੀਵਾ[8] ਹੋਇ ॥ (ਕਬੀਰ, 1366)
13. ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥
ਆਪੁ ਤਿਆਗਿ ਹੋਈਐ ਸਭ ਰੇਣਾ[9] ਜੀਵਤਿਆ ਇਉ ਮਰੀਐ ॥ (750)
14. ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥
ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥(ਮ: 1—661)
15. ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ ॥
ਨਾਨਕ ਜੋ ਮਰਿ ਜੀਵਿਆ ਸਹਿਲਾ ਆਇਆ ਸੋਇ ॥ (ਮ: 3—956)
16. ਸਤਿਗੁਰੁ ਸੇਵੇ ਤਾ ਮਲੁ ਜਾਏ ॥
ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥ (ਮ: 3—116)
17. ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥ (ਮ: 2—139)

---

6. ਰੰਗਿਆ ਜਾਵੇ 7. ਜਿੱਥੇ ਦੇਖਾਂ ਉਥੇ ਉਹੀ ਨਜ਼ਰ ਆਉਂਦਾ ਹੈ 8. ਜੀਵਨ ਮੁਕਤ 9. ਧੂੜ ।

## ਅਧਿਕਾਰੀ

ਉਹੀ ਸੱਚੇ ਅਧਿਕਾਰੀ ਹਨ ਜਿਨ੍ਹਾਂ ਨੂੰ ਕੁਲ ਮਾਲਕ ਨੇ ਪੂਰੇ ਸਤਿਗੁਰੂ ਦੀ ਸ਼ਰਨ ਵਿੱਚ ਆਉਣ ਦਾ ਅਵਸਰ ਦਿੱਤਾ ਹੈ ਅਤੇ ਗੁਰ-ਭਗਤੀ ਅਤੇ ਨਾਮ ਦੀ ਕਮਾਈ ਦਵਾਰਾ ਪਰਮੇਸ਼ਰ ਨਾਲ ਮਿਲਾਪ ਦੇ ਕਾਬਲ ਬਣਾਇਆ ਹੈ। ਗੁਰਬਾਣੀ ਵਿੱਚ 'ਸੱਚੇ ਨਾਮ' ਜਾਂ 'ਸੱਚੇ ਸ਼ਬਦ' ਨੂੰ 'ਅਨਮੋਲ ਰਤਨ', 'ਦੁਰਲੱਭ ਹੀਰਾ' ਜਾਂ 'ਵਡ-ਮੁੱਲਾ ਲਾਲ' ਕਰ ਕੇ ਬਿਆਨ ਕੀਤਾ ਗਿਆ ਹੈ । ਪਰਮਾਰਥੀ ਜੀਵ ਲਈ 'ਨਾਮ' ਜਾਂ ਸ਼ਬਦ ਹੀ 'ਸਾਰ ਵਸਤੂ' ਹੈ ਅਤੇ ਜੀਵ ਨੂੰ ਮਨੁੱਖੀ ਜਾਮਾ ਇਸ 'ਵੱਖਰ' ਦੇ ਵਿਉਪਾਰ ਲਈ ਹੀ ਦਿੱਤਾ ਜਾਂਦਾ ਹੈ। ਮਨਮੁੱਖ ਲੋਕ ਇਸ 'ਵੱਖਰ' ਦੇ ਗਾਹਕ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਇਸ ਦੀ ਕੀਮਤ ਦਾ ਪਤਾ ਹੈ। ਉਹ ਸੰਸਾਰ ਵਿੱਚ ਕਉਡੀਆਂ ਦਾ ਵਿਉਪਾਰ ਕਰਦੇ ਹਨ ਅਤੇ ਔਗੁਣਾਂ ਦੀ ਗਠੜੀ ਬੰਨ੍ਹ ਕੇ ਚਲੇ ਜਾਂਦੇ ਹਨ ।

ਇਸ ਤੋਂ ਉਲਟ ਜਿਹੜੇ ਭਾਗਾਂ ਵਾਲੇ ਜੀਵ ਸਤਿਗੁਰੂ ਪਾਸੋਂ ਇਸ 'ਅਨਮੋਲ ਹੀਰੇ' ਨੂੰ ਪਛਾਣਨ ਵਾਲੀ ਪਾਰਖੂ ਅੱਖ ਪ੍ਰਾਪਤ ਕਰ ਲੈਂਦੇ ਹਨ, ਉਹ ਸੱਚੇ ਅਧਿਕਾਰੀ ਹਨ। ਹੀਰੇ ਦੀ ਪਰਖ ਕਿਸੇ ਜੌਹਰੀ ਨੂੰ ਹੁੰਦੀ ਹੈ। ਇਸ 'ਅਨਮੋਲ ਰਤਨ' ਦੀ ਕੀਮਤ ਦਾ ਵੀ ਕੇਵਲ ਗੁਰਮੁੱਖਾਂ ਨੂੰ ਹੀ ਗਿਆਨ ਹੁੰਦਾ ਹੈ। ਅਧਿਕਾਰੀ ਜੀਵ ਇਸ ਲੋਕ ਵਿੱਚ ਨਾਮ ਦੀ ਪੂੰਜੀ ਇਕੱਤਰ ਕਰਦੇ ਹਨ, ਜਿਹੜੀ ਪਰਲੋਕ ਵਿੱਚ ਵੀ ਉਨ੍ਹਾਂ ਦੇ ਨਾਲ ਨਿਭਦੀ ਹੈ ।

1. **ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ[1] ਜਾਇ ॥**
   **ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ [2]ਲਾਖ ਵਿਕਾਇ ॥** **(ਮ: 1—1086)**
2. **ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ[3] ਕੋਇ ॥**
   **ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥** **(ਮ: 1—1092)**
3. **[4]ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥**
   **ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕ ਨਹੀ ਮੋਲੁ ॥** **(ਕਬੀਰ, 1365)**

---

1. ਸਸਤਾ ਜਾਂਦਾ ਹੈ, ਪੂਰਾ ਮੁੱਲ ਨਹੀਂ ਪਾਉਂਦਾ 2. ਪੂਰੀ ਕੀਮਤ ਪਾਉਂਦਾ ਹੈ 3. ਗੁਣ ਕੋਈ ਨਹੀਂ ਖ਼ਰੀਦਦਾ, ਇੱਠੇ ਕਰਦਾ 4. ਰਾਸ ਰੂਪੀ ਅਮੋਲਕ ਪਦਾਰਥ ਪ੍ਰਾਪਤ ਕਰ ਕੇ ਗੱਠ ਘੁੱਟ ਕੇ ਬੰਨ੍ਹ ਲੈਣੀ ਚਾਹੀਦੀ ਹੈ ਕਿਉਂਕਿ ਨਾ ਇਸ ਅਮੋਲਕ ਵਸਤੂ ਦਾ ਕੋਈ ਸੱਚਾ ਗਾਹਕ ਹੈ. ਨਾ ਸੱਚਾ ਪਾਰਖੂ. ਨਾ ਸੱਚੀ ਮੰਡੀ ਜਾਂ ਦੁਕਾਨ ਹੈ ਕਿ ਇਸ ਦਾ ਪੂਰਾ ਮੁੱਲ ਪੈ ਸਕੇ ।